ਕੈਨੇਡਾ ਦਰਪਣ

ਦਸੰਬਰ 15, 1982

December 15, 1982

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

25¢

ਕੈਨੇਡਾ ਦਰਪਣ

ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY LTD.
Vol. 1, No. 4 December 15, 1982
PHONE: 324-6111

THE CANADA DARPAN
PUNJABI BI-WEEKLY
Hon.Editor DARSHAN GILL
Ph. (604) 321-6360

ਹਾਕੀ ਦੀ ਬੇਬੀ ਕੁਈਨ

ਰਾਜਬੀਰ ਕੌਰ

ਅੰਦਰ ਪੜ੍ਹੋ

ਸਿਰੇ ਚੜ੍ਹਦੇ ਸਮਝੌਤੇ ਨੂੰ ਕੇਂਦਰੀ ਮੰਤਰੀਆਂ ਤਾਰਪੀਡੋ ਕੀਤਾ

ਗੈਰ ਕਾਨੂੰਨੀ ਇੰਮੀਗਰੈਂਟਾਂ ਨੂੰ ਆਮ ਮੁਆਫ਼ੀ ਦਿਤੀ ਜਾਵੇ—ਸਲਾਹਕਾਰ ਕੌਂਸਲ

ਇੰਡੀਅਨ ਏਅਰ ਲਾਈਨਜ਼ ਦਾ ਅਗਵਾਕਾਰ ਕੌਣ ਸੀ (ਖਾਸ ਰੀਪੋਰਟ)

ਖਾਸ ਕਾਲਮ :

ਏਸ਼ੀਅਨ ਖੇਡਾਂ ਦੇ ਨਤੀਜੇ
ਤਸਵੀਰ ਤੇ ਸ਼ਬਦ ਚਿੱਤਰ
ਤੁਹਾਡੀ ਜਾਣਕਾਰੀ ਲਈ
ਫਿਲਮ "ਗਾਂਧੀ" ਦੀ ਹੀਰੋਇਨ ਨਾਲ ਮੁਲਾਕਾਤ

Week ending December 3rd., 1982

ਮੂੰਹ ਆਈ ਬਾਤ ਨਾ ਰਹਿੰਦੀ ਹੈ:

ਇਹ ਕੇਹੀ ਪੱਤਰਕਾਰੀ ਹੈ ?

ਇਹ ਮਾਤ—ਭਾਸ਼ਾ ਦੀ ਕੇਹੀ ਸੇਵਾ ਹੈ ?

ਇਹ ਅਕਾਲੀ ਵੀਰਾਂ ਦੀ ਕੇਹੀ ਉਸਤਤ ਹੈ ?

ਆਪਣੀ ਬੋਲੀ ਅਤੇ ਸਭਿਅਤਾ ਨੂੰ ਜਿਉਂਦਿਆਂ ਰੱਖਣ ਲਈ ਆਪਣੀ ਮਾਤ ਭਾਸ਼ਾ ਦੇ ਪਰਚੇ ਖਰੀਦ ਕੇ ਪੜ੍ਹੋ!!

P.O. BOX 2296
VANCOUVER, B.C.
CANADA, V6B 3W5.
2nd. Class Mail - Reg. No. 4322

Vol. 5 No. 49
(Issues up to 184)
Tel. [604]873-3592

Indo-Canadian Times
PUNJABI WEEKLY NEWSPAPER
ਪੰਜਾਬੀ ਸਪਤਾਹਿਕ ਅਖ਼ਬਾਰ

ਖੰਡੇ ਦੀ ਧਾਰ ਤੋਂ ਜਨਮੇ ਅਕਾਲੀ ਮੋਕ ਮਾਰ ਕੇ ਸੜਕ ਤੇ ਬੈਠ ਗਏ!

ਸ੍ਰੀਮਾਨ

* ਇਹ ਕਿਹੜੇ ਯੁੱਗ ਦੀ ਭਾਸ਼ਾ ਹੈ ?
* ਕੀ ਅਜਿਹੇ ਸ਼ਬਦ ਤੁਸੀਂ ਉਨ੍ਹਾਂ ਪੰਥਕ ਆਗੂਆਂ ਲਈ ਵਰਤ ਰਹੇ ਹੋ, ਜਿਨ੍ਹਾਂ ਦਾ ਪਰਚਾਰ ਵੀ ਕਰਦੇ ਹੋ, ਫਿਰ ਇਹ ਤਕਰਾਰ ਕਿਉਂ ?

* ਜਿਨ੍ਹਾਂ ਨਾਲ ਤੁਸੀਂ ਅਕਾਲੀਆਂ ਨੂੰ ਤੁਲਨਾ ਦਿਤੀ ਹੈ, ਕੀ ਅਕਾਲੀ ਅਜਿਹੀ ਤੁਲਨਾ ਦੇ ਹੱਕਦਾਰ ਹਨ ? ਜੇ ਨਹੀਂ, ਤਾਂ ਕੀ ਕਿਸੇ ਅਕਾਲੀ ਆਗੂ ਨੇ ਤੁਹਾਡਾ ਧਿਆਨ ਇਸ ਤਰ੍ਹਾਂ ਦੀ ਵਰਤੀ ਭਾਸ਼ਾ ਵੱਲ ਨਹੀਂ ਦੁਆਇਆ ?
* ਕੀ ਇਹ ਅਕਾਲੀ 'ਆਗੂ' ਏਸ ਪੱਧਰ ਤੱਕ ਪਹੁੰਚ ਗਏ ਹਨ ਕਿ ਜੇਕਰ ਉਨ੍ਹਾਂ ਦੇ ਧੜਿਆਂ ਦੇ ਹੱਕ ਵਿਚ ਤੁਸੀਂ ਲਿਖੀ ਜਾਓ, ਤਾਂ ਤੁਹਾਨੂੰ ਆਪਣੀ ਮਾਂ-ਬੋਲੀ ਤੇ ਸਤਿਕਾਰੇ ਹੋਏ ਗੁਰੂ ਗਰੰਥ ਸਾਹਿਬ ਦੀ ਭਾਸ਼ਾ ਨੂੰ ਮਲੀਨ ਕਰਨ ਦੇ ਹੱਕ ਵੀ ਉਨ੍ਹਾਂ ਨੇ ਦੇ ਦਿਤੇ ਹਨ ?

* ਸਾਡੇ ਕੈਨੇਡਾ ਦੇ ਗੁਰਦੁਆਰਾ ਸਾਹਿਬਾਨ ਨੇ ਸਾਡੇ ਅੰਗਰੇਜ਼ੀ ਪੜ੍ਹੇ ਬੱਚਿਆਂ ਲਈ ਪੰਜਾਬੀ ਦੇ ਸਕੂਲ ਚਲਾਏ ਹੋਏ ਹਨ, ਜੇ ਤੁਹਾਡੀ ਅਕਾਲੀਆਂ ਪ੍ਰਤੀ ਵਰਤੀ ਉਪਰੋਕਤ ਭਾਸ਼ਾ ਦਾ ਅਨੁਵਾਦ ਕਰਕੇ ਉਨ੍ਹਾਂ ਬੱਚਿਆਂ ਨੂੰ ਦੱਸਣਾ ਪਵੇ ਤਾਂ ਜਾਣਦੇ ਹੋ ਉਹ ਅਜਿਹੀ ਭਾਸ਼ਾ ਨੂੰ ਕੀ ਕਹਿਣਗੇ ?
* ਕੀ ਤੁਹਾਡੇ ਆਕਾ ਅਜਿਹੀ ਭਾਸ਼ਾ ਸਮਝਣ ਤੋਂ ਅਸਮਰੱਥ ਹਨ, ਜਾਂ ਉਨ੍ਹਾਂ'ਚ ਏਨੀ ਹਿੰਮਤ ਹੀ ਨਹੀਂ ਕਿ ਉਹ ਅਜਿਹੀ ਬੋਲੀ ਲਿਖਣ ਤੇ ਇਤਰਾਜ਼ ਕਰਨ ?
* ਨੰਬਰ ਇਕ ਅਖ਼ਬਾਰ ਦੀ ਬੋਲੀ ਅਜਿਹੀ ਹੈ ਤਾਂ ਆਪ ਨੂੰ ਨਵੇਂ ਅਖ਼ਬਾਰ ਨਿਕਲਣ ਤੇ ਇਤਰਾਜ਼ ਕਿਉਂ ? ਏਸ ਲਈ ਕਿ ਤੁਹਾਡੀਆਂ ਆਪ ਹੁਦਰੀਆਂ ਦਾ ਭਾਂਡਾ ਹੁਣ ਚੁਰਾਹੇ ਫੁਟੇਗਾ ?

* ਕਿਹੋ ਜਹੀ ਰਾਜਨੀਤੀ ਹੈ ਜੋ ਗਾਲ੍ਹਾਂ ਖਾਕੇ ਵੀ, ਤੁਹਾਡੇ ਚਰਨਾਂ ਦੀ ਛੋਹ ਪ੍ਰਾਪਤ ਕਰਨ ਵਿਚ ਰੁਝੀ ਹੋਈ ਹੈ ?
* ਪੰਜਾਬੀ ਬੋਲੀ ਬੋਲਦੇ ਆਮ ਲੋਕਾਂ ਤੇ ਤਰਸ ਖਾਓ, ਆਪਣੀ ਮਾਂ-ਬੋਲੀ ਨੂੰ ਜਿਉਂਦਿਆਂ ਰੱਖਣ ਦੇ ਨਾਅਰੇ ਦੇਕੇ, ਪੰਜਾਬੀ ਲੋਕਾਂ ਦੀ ਬੁੱਧੀ ਮਲੀਨ ਨਾ ਕਰੋ, ਇਹ ਅਸਭਿਅਕ ਭਾਸ਼ਾ ਵਰਤ ਕੇ ਪੰਜਾਬੀ ਬੋਲੀ ਕਿਵੇਂ ਜਿਉਂਦੀ ਰੱਖੀ ਜਾ ਸਕੇਗੀ ?
* ਇਹ ਉਹ ਪੰਜਾਬੀ ਮਾਂ ਹੈ ਜਿਸ ਵਿਚ ਗੁਰੂਆਂ ਦੀ ਬਾਣੀ ਦੀ ਮਿਠਾਸ ਹੈ, ਵੇਦਨਾ ਹੈ, ਦਰਦ ਹੈ, ਮਨੁੱਖਤਾ ਲਈ ਅਥਾਹ ਸ਼ਰਧਾ ਹੈ, ਜਿਸ ਵਿਚ ਬਾਬਾ ਫਰੀਦ ਦੀ ਬਿਹਬਲਤਾ ਹੈ, ਕਬੀਰ ਦਾ ਸੱਚ ਹੈ, ਰਵਿਦਾਸ ਦੀ ਭਗਤੀ ਰੰਗਣ ਹੈ, **ਇਸ ਭਾਸ਼ਾ ਨੂੰ ਭ੍ਰਿਸ਼ਟ ਹੋਣ ਤੋਂ ਬਚਾਉਣਾ**

ਪੱਤਰਕਾਰੀ ਹੈ — ਨਾ ਕਿ ਭ੍ਰਿਸ਼ਟ ਕਰਨਾ ।

—"ਫੱਕਰ"

ਪਾਬਲਾ ਕਲਾਥ ਹਾਊਸ

ਕ੍ਰਿਸਮਸ ਤੇ

ਧਮਾਕੇਦਾਰ ਸੇਲ

$45.00 ਵਾਲੀ ਸਾੜ੍ਹੀ
ਹੁਣ $30.00

ਗੋਲਡ ਪ੍ਰਿੰਟ ਦੇ ਸੂਟ
$20.00

ਸਿਲਕ ਸ਼ਫੂਨ ਦੇ
ਦੋ ਸੂਟ ਲਓ —ਤੀਜਾ ਫ਼ਰੀ
ਡਿਜਟਿਲ ਘੜੀਆਂ ਤੇ
ਪੈਨ ਘੜੀਆਂ ਬਹੁਤ ਹੀ
ਘੱਟ ਕੀਮਤਾਂ ਤੇ
— ਤੋਹਫੇ ਦੇਣ ਲਈ
ਸਿਲਕ ਸਾੜ੍ਹੀਆਂ ਤੇ

10 ਤੋਂ 50% ਆਫ਼

Ph. 321-5011 or
321-5311

6494, Main St. VANCOUVER

ਭਾਰਤੀ ਤੇ ਕਨੈਡੀਅਨ ਮਿੱਤਰਾਂ ਨੂੰ ਤੋਹਫ਼ੇ ਦੇ ਤੌਰ ਤੇ ਦੇਣ ਲਈ
ਕ੍ਰਿਸਮਿਸ ਸਮੇਂ
ਹਿਮਾਲੀਆ ਰੈਸਟੋਰੈਂਟ ਵਿਚ
ਆਪਣੇ ਆਰਡਰ ਅੱਜ ਹੀ ਬੁੱਕ ਕਰਵਾਓ

ਮਠਿਆਈਆਂ ਦੀ
ਸਭ ਤੋਂ ਵੱਡੀ ਦੁਕਾਨ
ਮਠਿਆਈਆਂ ਦਾ
ਕਾਰਖਾਨਾ

ਫੋਨ 324-6514
327-1888

6595, ਮੇਨ ਸਟਰੀਟ ਵੈਨਕੂਵਰ

ਹਿਮਾਲੀਆ ਰੈਸਟੋਰੈਂਟ

ਸਿਰੇ ਚੜ੍ਹਦੇ ਸਮਝੌਤੇ ਨੂੰ ਕੇਂਦਰੀ ਮੰਤਰੀਆਂ ਤਾਰਪੀਡੋ ਕੀਤਾ ?

ਗੁਰਦਾਸਪੁਰ:— ਬੜੇ ਭਰੋਸੇ ਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਅਕਾਲੀ ਮਸਲੇ ਹੱਲ ਕਰਨ ਲਈ ਕੇਂਦਰ ਸਰਕਾਰ ਅਤੇ ਅਕਾਲੀਆਂ ਵਿਚਕਾਰ ਸਮਝੌਤੇ ਦਾ ਸਾਰਾ ਡਰਾਫਟ ਤਿਆਰ ਹੋ ਚੁਕਾ ਸੀ ਪਰ ਇਸਨੂੰ ਐਨ ਆਖਰੀ ਸਮੇਂ ਤਾਰਪੀਡੋ ਕਰ ਦਿਤਾ ਗਿਆ ।

ਅਕਾਲੀ ਦਲ ਵਲੋਂ ਵਾਰਤਾਲਾਪ ਲਈ ਬਣੀ ਪੰਜ ਮੈਂਬਰੀ ਸਮਝੌਤਾ ਕਮੇਟੀ ਅਤੇ ਪ੍ਰਧਾਨ ਮੰਤਰੀ ਦੇ ਦੂਤ ਸ੍ਰ. ਸਵਰਨ ਸਿੰਘ ਸਾਬਕਾ ਵਿਦੇਸ਼ ਮੰਤਰੀ ਵਿਚਕਾਰ ਜਿਹੜਾ ਸਮਝੌਤਾ ਹੋਇਆ ਸੀ ਉਸ ਅਨੁਸਾਰ ਪ੍ਰਧਾਨ ਮੰਤਰੀ ਅਤੇ ਅਕਾਲੀ ਦੋਹਾਂ ਨੇ ਆਪਣੇ ਆਪਣੇ ਸਟੈਂਡ ਤੋਂ ਥੋੜਾ ਥੋੜਾ ਪਿਛੇ ਹਟ ਕੇ ਮਸਲੇ ਹੱਲ ਕਰਨ ਲਈ ਮਨ ਬਣਾ ਲਏ ਸਨ । ਪਰ ਇਸ ਨਜਿੱਠੇ ਹੋਏ ਸਮਝੌਤੇ ਲਈ ਸਭ ਤੋਂ ਵੱਡੀ ਰੋਕ ਕੇਂਦਰ ਦੇ ਵਿੱਤ ਮੰਤਰੀ ਸ੍ਰੀ ਪਰਨਾਬ ਮੁਖਰਜੀ, ਡੀਫੈਂਸ ਮਨਿਸਟਰ ਸ੍ਰੀ ਵੈਂਕਟਾਰਮਨ, ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਅਤੇ ਵਿਦੇਸ਼ ਮੰਤਰੀ ਸ੍ਰੀ ਨਰਸਿਮਹਾ ਰਾਓ ਤੇ ਅਧਾਰਿਤ ਵਾਰਤਾਲਾਪ ਲਈ ਬਣਾਈ ਕਮੇਟੀ ਨੇ ਸਮਝੌਤੇ ਨੂੰ ਅੰਤਮ ਰੂਪ ਦੇਣ ਦੀ ਥਾਂ ਤਾਰਪੀਡੋ ਕਰਕੇ ਅਜਿਹੀ ਸਥਿਤੀ ਪੈਦਾ ਕਰ ਦਿਤੀ ਜਿਸ ਕਾਰਨ ਹਰਿਆਣਾ ਤੇ ਰਾਜਿਸਥਾਨ ਦੀਆਂ ਸਰਕਾਰਾਂ ਨੂੰ ਪ੍ਰਧਾਨ ਮੰਤਰੀ ਤੇ ਦਬਾਓ ਪਾਉਣ ਦਾ ਮੌਕਾ ਮਿਲ ਗਿਆ ।

ਸ੍ਰ: ਸਵਰਨ ਸਿੰਘ ਦੇ ਨਿਕਟੀ ਸੂਤਰਾਂ ਤੋਂ ਪਰਗਟ ਹੋਇਆ ਹੈ ਕਿ ਜੇਕਰ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਲੋਕ ਸਭਾ ਵਿਚ ਇਹ ਬਿਆਨ ਦੇਂਦੇ ਕਿ ਜਦ ਤਕ ਅਕਾਲੀ ਮੋਰਚਾ ਵਾਪਸ ਨਹੀਂ ਲੈਂਦੇ, ਸਰਕਾਰ ਤਦ ਤਕ ਅਕਾਲੀਆਂ ਨਾਲ ਕੋਈ ਸਮਝੌਤਾ ਨਹੀਂ ਕਰੇਗੀ, ਗੱਲ ਕਿਸੇ ਸਿਰੇ ਲਗ ਜਾਣੀ ਸੀ । ਸ੍ਰੀ ਸੇਠੀ ਦੇ ਇਸ ਬਿਆਨ ਨੇ ਸਾਰੀ ਬਣੀ ਬਣਾਈ ਖੇਡ ਵਿਗਾੜ ਕੇ ਰੱਖ ਦਿਤੀ ।

ਇਸ ਦਾ ਮੁਖ ਕਾਰਨ ਇਹ ਦਸਿਆ ਗਿਆ ਹੈ ਕਿ ਇਹਨਾਂ ਕੇਂਦਰੀ ਲੀਡਰਾਂ ਨੂੰ ਇਹ ਡਰ ਉਤਪੰਨ ਹੋ ਗਿਆ ਕਿ ਜੇਕਰ ਅਕਾਲੀ ਕੇਂਦਰ ਸਮਝੌਤਾ ਸ੍ਰੀ ਸਵਰਨ ਸਿੰਘ ਦੇ ਰਾਹੀਂ ਸਿਰੇ ਚੜ੍ਹ ਗਿਆ ਤਾਂ ਉਹ ਪੁਰਾਣੇ ਲੀਡਰ ਹੋਣ ਦੇ ਨਾਤੇ ਫਿਰ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਟਿਕਟ ਆ ਜਾਣਗੇ । ਜਿਸ ਕਾਰਨ ਉਨਾਂ ਵਿਚੋਂ ਕਿਸੇ ਵੀ ਕੇਂਦਰੀ ਲੀਡਰ ਦੇ ਵਕਾਰ ਨੂੰ ਕਿਸੇ ਸਮੇਂ ਵੀ ਧੱਕਾ ਲੱਗ ਸਕਦਾ ਹੈ । ਅਕਾਲੀ ਕੇਂਦਰ ਸਮਝੌਤੇ ਲਈ ਬਾਕੀ ਜਿੰਨੇ ਵੀ ਵਿਚੋਲੇ ਭਾਵੇਂ ਕੈਪਟਨ ਅਮਰਿੰਦਰ ਸਿੰਘ ਹੋਣ ਜਾਂ ਜੰਮੂ ਕਸ਼ਮੀਰ ਦੇ ਮੁਖ ਮੰਤਰੀ ਡਾ: ਫਾਰੂਕ ਅਬਦੁੱਲਾ, ਇਹ ਸਾਰੇ ਹੀ ਆਪਣੇ ਆਪ ਬਣੇ ਵਿਚੋਲੇ ਸਨ । ਜਿਸ ਤਰ੍ਹਾਂ ਇਹਨਾਂ ਦੋਹਾਂ ਵਿਚੋਲਿਆਂ ਦਾ ਮਿਸ਼ਨ ਫੇਲ੍ਹ ਹੋਣ ਤੇ ਇਹ ਇਕ ਪਾਸੇ ਹੋ ਗਏ ਸਨ, ਹੁਣ ਅਜਿਹੀ ਸਥਿਤੀ ਸ: ਸਵਰਨ ਸਿੰਘ ਦੀ ਵੀ ਹੈ । ਸ: ਸਵਰਨ ਸਿੰਘ ਦੋਹਾਂ ਧਿਰਾਂ ਦਾ ਸਖਤ ਰਵਈਆ ਵੇਖ ਕੇ ਮਾਯੂਸ ਹੀ ਹੋਏ ਹਨ ।

ਦਸਿਆ ਗਿਆ ਹੈ ਕਿ ਸ: ਸਵਰਨ ਸਿੰਘ ਰਾਹੀਂ ਜਿਹੜਾ ਸਮਝੌਤੇ ਦਾ ਖਰੜਾ ਤਿਆਰ ਹੋਇਆ ਸੀ ਉਸ ਵਿਚ ਅਕਾਲੀ, ਆਨੰਦਪੁਰ ਮਤੇ ਦੇ ਵਿਸ਼ੇ ਨੂੰ ਬਹਿਸ ਲਈ ਕੈਬਨਿਟ ਕਮੇਟੀ ਹਵਾਲੇ ਕਰਨਾ ਮੰਨ ਗਏ ਸਨ ਜਦਕਿ ਸਾਰੀਆਂ ਧਾਰਮਿਕ ਮੰਗਾਂ ਪਰਵਾਨ ਕਰ ਲਈਆਂ ਗਈਆ ਸਨ । ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਕੇ ਅਬੋਹਰ-ਫਾਜ਼ਿਲਕਾ ਅਤੇ ਪੰਜਾਬੀ ਬੋਲਦੇ ਇਲਾਕਿਆਂ ਲਈ ਕਮਿਸ਼ਨ ਮੁਕਰਰ ਕਰਨਾ ਨਿਸਚਿਤ ਹੋਇਆ ਸੀ ਅਤੇ ਰਾਵੀ ਬਿਆਸ ਦੇ ਪਾਣੀਆਂ ਦੇ ਝਗੜੇ ਦਾ ਮਸਲਾ ਸੁਪਰੀਮ ਕੋਰਟ ਦੇ ਕਿਸੇ ਜੱਜ ਜੋ ਰਿਟਾਇਰਡ ਜੱਜ ਦੇ ਹਵਾਲੇ ਕਰਨਾ ਵੀ ਮੰਨ ਲਿਆ ਸੀ । ਇਸਦੇ ਨਾਲ ਹੀ ਜਿਨਾਂ ਲੋਕਾਂ ਨੂੰ ਰਿਹਾ ਕਰਨ ਦੀ ਮੰਗ ਅਕਾਲੀ ਦਲ ਨੇ ਕੀਤੀ ਸੀ ਉਹਨਾ ਨੂੰ ਜੇਹਲਾਂ ਚੋਂ ਰਿਹਾ ਕਰਨ ਦਾ ਮਸਲਾ ਵੀ ਪਰਵਾਨ ਕਰ ਲਿਆ ਸੀ । ਸ੍ਰ: ਸਵਰਨ ਸਿੰਘ ਦੇ ਨਿਕਟੀ ਸੂਤਰਾਂ ਨੇ ਇਹ ਵੀ ਪਰਗਟ ਕੀਤਾ ਹੈ ਕਿ ਅਕਾਲੀ ਕੇਂਦਰ ਮਸਲੇ ਲਈ ਬਣਾਈ ਕਮੇਟੀ ਨਾਮ-ਮਾਤਰ ਹੀ ਹੈ ਕਿਉਂਕਿ ਇਹ ਕਮੇਟੀ ਪ੍ਰਧਾਨ ਮੰਤਰੀ ਤੋਂ ਬਿਨਾਂ ਕੋਈ ਸੁਤੰਤਰ ਨਿਰਣਾ ਨਹੀਂ ਲੈ ਸਕਦੀ । ਇਸ ਲਈ ਪ੍ਰਧਾਨ ਮੰਤਰੀ ਨੇ ਜੇਕਰ ਅਕਾਲੀ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਠੋਸ ਨਿਰਣਾ ਨਾ ਲਿਆ ਤਾਂ ਪੰਜਾਬ ਦੀ ਸਥਿਤੀ ਪਹਿਲਾਂ ਨਾਲੋਂ ਵੀ ਵਧੇਰੇ ਵਿਗੜ ਸਕਦੀ ਹੈ । ਸ੍ਰ: ਸਵਰਨ ਸਿੰਘ ਨੂੰ ਪਹਿਲੀ ਅਕਾਲੀ ਲੀਡਰਸ਼ਿਪ ਨਾਲੋਂ ਐਤਕਾਂ ਕੁਝ ਕਠਨ ਤਜਰਬਾ ਹੋਇਆ ਹੈ ਕਿਉਂਕਿ ਗੱਲਬਾਤ ਮੁਕਾਉਣ ਲਈ ਪਹਿਲਾਂ ਅਕਾਲੀ ਦਲ ਦਾ ਕੋਈ ਨਾ ਕੋਈ ਇਕੋ ਇਕ ਲੀਡਰ ਹੁੰਦਾ ਸੀ ਪਰ ਹੁਣ ਅਜਿਹਾ ਨਹੀਂ ਹੈ ਅਤੇ ਸਾਰੀ ਅਕਾਲੀ ਹਾਈ ਕਮਾਂਡ ਦਾ ਕੋਈ ਵੀ ਵੱਡਾ ਲੀਡਰ ਸੁਤੰਤਰ ਨਿਰਣਾ ਲੈਣ ਦੇ ਯੋਗ ਨਹੀਂ ਜਿਸ ਕਾਰਨ ਇਹਨਾਂ ਲੀਡਰਾਂ ਨੂੰ ਇਕ ਦੂਜੇ ਤੇ ਨਿਰਭਰ ਰਹਿਣਾ ਪੈਂਦਾ ਹੈ ।

ਪੁਲਾੜ ਯਾਤਰਾ ਦਾ ਨਵਾਂ ਰੀਕਾਰਡ

ਮਾਸਕੋ—ਦੋ ਸੋ ਗਿਆਰਾਂ ਦਿਨ ਪੁਲਾੜ ਵਿਚ ਰਹਿਣ ਪਿਛੋਂ ਦੋ ਸੋਵੀਅਤ ਪੁਲਾੜ ਯਾਤਰਾ ਦਾ ਨਵਾਂ ਰੀਕਾਰਡ ਕਾਇਮ ਕੀਤਾ ਹੈ ।

ਇਹ ਪਹਿਲੀ ਵਾਰ ਹੈ ਕਿ ਸੋਵੀਅਤ ਨੇ ਆਪਣੇ ਪੁਲਾੜ ਯਾਤਰੀਆਂ ਦੀ ਵਾਪਸੀ ਦੀ ਪਹੁੰਚ ਦੀ ਅਗੇਤਰੀ ਸੂਚਨਾ ਦਿੱਤੀ ਹੈ ।

ਭਾਰਤ ਦਰਪਣ

ਵਿਛੜੇ ਆਗੂਆਂ ਨੂੰ ਕੌਮੀ ਕੌਂਸਲ ਵਲੋਂ ਸ਼ਰਧਾਂਜਲੀਆਂ

ਹੈਦਰਬਾਦ:— ਹਿੰਦ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੀ ਬੈਠਕ ਨੇ ਮਾਰਕਸੀ ਪਾਰਟੀ ਦੀ ਪੋਲਿਟ ਬਿਊਰੋ ਦੇ ਮੈਂਬਰ ਪਰਮੋਦ ਦਾਸ ਗੁਪਤਾ ਦੀ ਮੌਤ ਤੇ ਦੁਖ ਦਾ ਪ੍ਰਗਟਾਵਾ ਕੀਤਾ ।

ਬੈਠਕ ਵਲੋਂ ਅਪਣਾਏ ਗਏ ਪ੍ਰਸਤਾਵ ਵਿਚ ਸੋਵੀਅਤ ਰਾਸ਼ਟਰਪਤੀ ਲਿਉਨਿਦ ਬਰੈਜ਼ਨੇਵ, ਉਘੇ ਕਮਿਊਨਿਸਟ ਆਗੂ ਅਤੇ ਅਜ਼ਾਦੀ ਘੁਲਾਟੀਏ ਸਾਥੀ ਸੋਹਨ ਸਿੰਘ ਜੋਸ਼, ਜੰਮੂ ਕਸ਼ਮੀਰ ਦੇ ਮੁਖ ਮੰਤਰੀ ਸ਼ੇਖ-ਅਬਦੁੱਲਾ, ਅਚਾਰੀਆ ਵਿਨੋਬਾ ਭਾਵੇ ਅਤੇ ਮਸ਼ਹੂਰ ਸਿਆਸਤਦਾਨ ਕੇ. ਪੀ. ਐਸ. ਮੈਨਨ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ।

ਬੇਗਮ ਭੁੱਟੋ ਵਲੋਂ ਇੰਦਰਾ ਦਾ ਧੰਨਵਾਦ

ਨਵੀਂ ਦਿੱਲੀ:— ਬੇਗਮ ਨੁਸਰਤ ਭੁੱਟੋ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਤੇ ਯਤਨਾਂ ਲਈ ਉਹਨਾਂ ਦਾ ਧੰਨਵਾਦ ਕੀਤਾ ਹੈ ਜਿਨਾਂ ਸਦਕਾ ਪਾਕਿਸਤਾਨ ਦੇ ਫੌਜੀ ਡਿਕਟੇਟਰ ਜਨਰਲ ਜ਼ਿਆ ਉਲ-ਹੱਕ ਨੇ ਬੇਗਮ ਭੁੱਟੋ ਨੂੰ ਇਲਾਜ ਲਈ ਬਦੇਸ਼ ਜਾਣ ਦੀ ਇਜਾਜ਼ਤ ਦਿਤੀ ।

ਕਰਾਚੀ ਤੋਂ ਯੋਰਪ ਲਈ ਰਵਾਨਾ ਹੋਣ ਦੇ ਮੌਕੇ ਉਤੇ ਸ੍ਰੀਮਤੀ ਗਾਂਧੀ ਨੂੰ ਲਿਖੇ ਇਕ ਖਤ ਵਿਚ ਬੇਗਮ ਭੁੱਟੋ ਨੇ ਸ਼ੁਕਰਾਨੇ ਦਾ ਇਜ਼ਹਾਰ ਕੀਤਾ ਅਤੇ ਕਿਹਾ ਕਿ ਜੇ ਕਿਤੇ ਸ੍ਰੀਮਤੀ ਇੰਦਰਾ ਗਾਂਧੀ ਆਪ ਦਖਲ ਨਾ ਦਿੰਦੇ ਤਾਂ ਸ਼ਾਇਦ ਕੋਈ ਹਿਲਜੁਲ ਨਾ ਹੁੰਦੀ ਅਤੇ ਉਹਨਾਂ ਨੂੰ ਬਦੇਸ਼ ਜਾਣ ਦੀ ਇਜਾਜ਼ਤ ਵੀ ਸ਼ਾਇਦ ਨਾ ਮਿਲਦੀ ।

ਬੇਗਮ ਭੁੱਟੋ ਜੇਹਲ ਵਿਚ ਬਿਮਾਰ ਸਨ ਅਤੇ ਉਹਨਾਂ ਨੂੰ ਜਿਗਰ ਤੇ ਕੈਂਸਰ ਦੀ ਸ਼ਕਾਇਤ ਵੀ ਹੋ ਗਈ ਸੀ । ਡਾਕਟਰਾਂ ਨੇ ਕਹਿ ਦਿਤਾ ਸੀ ਕਿ ਜੇ ਇਲਾਜ਼ ਵਾਸਤੇ ਉਨਾਂ ਨੂੰ ਜਲਦੀ ਹੀ ਬਦੇਸ਼ ਨਾ ਭੇਜਿਆ ਗਿਆ ਤਾਂ ਉਹਨਾਂ ਦੀ ਜਾਨ ਜਾ ਸਕਦੀ ਹੈ । ਵਾਰ ਵਾਰ ਮੈਡੀਕਲ ਜਾਂਚਾਂ ਤੇ ਟੈਸਟਾਂ ਦੇ ਬਾਵਜੂਦ ਫੌਜੀ ਜੁੰਡੀ ਬੇਗਮ ਭੁੱਟੋ ਨੂੰ ਬਦੇਸ਼ ਜਾਣ ਦੀ ਇਜਾਜ਼ਤ ਨਹੀਂ ਦੇ ਰਹੀ ਸੀ ਕਿਉਂਕਿ ਕੈਂਸਰ ਦਾ ਪਾਕਿਸਤਾਨ ਵਿਚ ਕੋਈ ਇਲਾਜ਼ ਮੌਜੂਦ ਨਹੀ ਹੈ ਇਸ ਲਈ ਬੇਗਮ ਭੁੱਟੋ ਦੀ ਬਿਮਾਰੀ ਨੂੰ ਲੈਕੇ ਪੂਰੀ ਦੁਨੀਆਂ ਦੇ ਲੋਕ ਚਿੰਤਾਤੁਰ ਸਨ ।

ਇਸ ਮੌਕੇ ਸ੍ਰੀਮਤੀ ਗਾਂਧੀ ਨੇ ਪਾਕਿ ਸਰਕਾਰ ਉਤੇ ਬੇਗਮ ਭੁੱਟੋ ਨੂੰ ਬਦੇਸ਼ ਜਾਣ ਦੀ ਇਜਾਜ਼ਤ ਦੇਣ ਲਈ ਜ਼ੋਰ ਪਾਇਆ । ਉਹਨਾਂ ਇਕ ਖਤ ਵੀ ਲਿਖਿਆ ਤੇ 1 ਨਵੰਬਰ ਨੂੰ ਜ਼ਿਆ ਦੇ ਦਿੱਲੀ ਆਉਣ ਸਮੇਂ ਉਹਨਾਂ ਨੂੰ ਨਿੱਜੀ ਤੌਰ ਤੇ ਵੀ ਕਿਹਾ । ਸ੍ਰੀਮਤੀ ਗਾਂਧੀ ਨੇ ਅਨੇਕਾਂ ਦੇਸ਼ਾਂ ਅਤੇ ਸਰਕਾਰਾਂ ਦੇ ਮੁਖੀਆਂ ਨੂੰ ਵੀ ਖਤ ਲਿਖੇ ਕਿ ਜਨਰਲ ਜ਼ਿਆ ਉਤੇ ਆਪਣਾ ਰਸੂਖ ਵਰਤਕੇ ਬੇਗਮ ਭੁੱਟੋ ਨੂੰ ਇਜਾਜ਼ਤ ਦਿਵਾਉਣ ਵਿਚ ਮਦਦ ਕਰਨ ।

ਸ੍ਰੀਮਤੀ ਗਾਂਧੀ ਤੇ ਇਹਨਾਂ ਸਿਰਤੋੜ ਯਤਨਾਂ ਅਤੇ ਭਾਰਤ ਤੇ ਹੋਰ ਤਰਕੀ-ਪਸੰਦ ਮੁਲਕਾਂ ਤੇ ਰਾਜਨੀਤਕ ਤੇ ਸਮਾਜਕ ਜਥੇਬੰਦੀਆਂ ਖਾਸ ਕਰਕੇ ਔਰਤ ਜਥੇਬੰਦੀਆਂ ਵਲੋਂ ਭਾਰੀ ਦਬਾ ਪੈਣ ਤੇ ਜਨਰਲ ਜ਼ਿਆ ਨੂੰ ਬੇਗਮ ਭੁੱਟੋ ਦੇ ਬਦੇਸ਼ ਜਾਣ ਦੀ ਇਜਾਜ਼ਤ ਦੇਣੀ ਪਈ ।

ਕੌਮਾਂਤਰੀ ਅਮਨ ਕਾਨਫਰੰਸ

ਇਸਲਾਮਾਬਾਦ:— ਦੱਖਣੀ ਏਸ਼ੀਆ ਵਿਚ ਅਮਨ ਤੇ ਸੁਰੱਖਿਆ ਬਾਰੇ ਇਥੇ ਇਕ ਤਿੰਨ ਦਿਨਾਂ ਕੌਮਾਂਤਰੀ ਕਾਨਫਰੰਸ ਸ਼ੁਰੂ ਹੋਈ ਜਿਸ ਵਿਚ ਭਾਰਤ ਅਤੇ 14 ਹੋਰ ਦੇਸ਼ਾਂ ਦੇ ਸਕਾਲਰ ਭਾਗ ਲੈ ਰਹੇ ।

ਸੋਵੀਅਤ ਯੂਨੀਅਨ ਵਿਚ ਭਾਰਤ ਦੇ ਸਾਬਕ ਰਾਜਦੂਤ ਇੰਦਰ ਕੁਮਾਰ ਗੁਜਰਾਲ ਵੀ ਇਸ ਕਾਨਫਰੰਸ ਵਿਚ ਗਏ ਹਨ ।

'ਨੂਰੀ' ਦਾ ਨਿਰਦੇਸ਼ਕ 'ਰਾਤਾਂ ਚਾਨਣੀਆਂ' ਦਾ ਨਿਰਦੇਸ਼ਨ ਕਰੇਗਾ

ਗੋਨਿਆਨਾ:— ਨੂਰੀ ਫਿਲਮ ਦੇ ਨਿਰਦੇਸ਼ਕ ਅਤੇ ਪ੍ਰਸਿਧ ਅਭਿਨੇਤਾ ਸ੍ਰੀ ਮਨਮੋਹਨ ਕ੍ਰਿਸ਼ਨ ਹੁਣ ਪੰਜਾਬੀ ਫਿਲਮ "ਰਾਤਾਂ ਚਾਨਣੀਆਂ" ਦਾ ਨਿਰਦੇਸ਼ਨ ਕਰਨਗੇ।

ਮੇਰਾ ਜਮਹੂਰੀਅਤ 'ਚੋਂ ਵਿਸ਼ਵਾਸ ਤਿੜਕ ਗਿਆ - ਬਾਦਲ

ਹਿੰਦ ਵਲੋਂ ਪੱਛਮੀ ਏਸ਼ੀਆਈ ਹਾਲਤ ਦੇ ਫੌਰੀ ਹੱਲ 'ਤੇ ਜ਼ੋਰ

ਨਵੀਂ ਦਿੱਲੀ:— ਰਾਸ਼ਟਰਪਤੀ ਜ਼ੈਲ ਸਿੰਘ ਨੇ ਚਿਤਾਵਨੀ ਦਿਤੀ ਹੈ ਕਿ ਜੇਕਰ ਅਰਬ-ਇਸਰਾਈਲ ਟਕਰਾਉ ਦੇ ਮਾਮਲੇ ਦਾ ਫੌਰੀ ਤੌਰ ਤੇ ਕੋਈ ਹੱਲ ਨਾ ਕੀਤਾ ਗਿਆ ਤਾਂ ਇਸ ਖੇਤਰ ਵਿਚ ਹਮੇਸ਼ਾ ਖਿਚਾਅ ਦਾ ਖਤਰਾ ਬਣਿਆ ਰਹੇਗਾ ।

ਉਹਨਾਂ ਕਿਹਾ ਕਿ ਕੌਮਾਂਤਰੀ ਹਾਲਤ ਖਿਚਾਅ ਵਾਲੀ ਅਤੇ ਖਤਰਨਾਕ ਹੈ । ਉਹਨਾਂ ਕਿਹਾ ਕਿ ਪੱਛਮੀ ਏਸ਼ੀਆਈ ਵਿਚਲੀ ਹਾਲਤ ਖਾਸ ਕਰਕੇ ਗੜਬੜ ਵਾਲੀ ਹੈ ਤੇ ਇਹ ਨਾ ਸਿਰਫ ਇਸ ਖੇਤਰ ਵਿਚ ਅਮਨ ਅਤੇ ਸੁਰੱਖਿਆ ਨੂੰ ਪ੍ਰਭਾਵਤ ਕਰਦੀ ਹੈ ਸਗੋਂ ਇਹ ਸਮੁਚੇ ਕੌਮਾਂਤਰੀ ਭਾਈਚਾਰੇ ਤੇ ਅਸਰ ਪਾਉਂਦੀ ਹੈ ।

ਉਹਨਾ ਕਿ ਇਕ ਪੱਕੇ ਹਲ ਲਈ ਅਰਬ-ਇਸਰਾਈਲ ਟਕਰਾਉ ਦਾ ਪੁਰਅਮਨ ਢੰਗ ਨਾਲ ਇਕ ਵਿਆਪਕ ਸਮਝੌਤਾ ਕੀਤਾ ਜਾਣਾ ਚਾਹੀਦਾ ਹੈ । ਉਹਨਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਇਹ ਗੱਲ ਤਾਂ ਹੀ ਸੰਭਵ ਹੈ ਜੇਕਰ ਫਲਸਤੀਨੀ ਲੋਕਾਂ ਤੇ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਪਰਵਾਨ ਕਰਕੇ ਸਮਾਨਤਾ ਅਤੇ ਇਨਸਾਫ ਦੇ ਅਧਾਰ ਤੇ ਕੋਈ ਸਮਝੌਤਾ ਕੀਤਾ ਜਾਏ । ਤੇ ਇਸ ਤਰ੍ਹਾਂ ਹੀ ਇਸ ਖਿਤੇ ਦੇ ਲੋਕ ਅਤੇ ਦੇਸ-ਮਿਲਵਰਤਣ ਅਤੇ ਦੋਸਤੀ ਦੇ ਮਹੌਲ ਵਿਚ ਰਹਿ ਸਕਦੇ ਹਨ ।

ਖੇਤੀ ਕਮਿਸ਼ਨ ਵਲੋਂ ਕਣਕ ਲਈ 150 ਰੁਪਏ ਕੁਵਿੰਟਲ ਭਾਅ ਦੀ ਸਿਫਾਰਸ਼

ਨਵੀਂ ਦਿੱਲੀ:— ਪਤਾ ਲੱਗਾ ਹੈ ਕਿ ਖੇਤੀਬਾੜੀ ਕੀਮਤ ਕਮਿਸ਼ਨ ਨੇ ਅਗਲੇ ਸਾਲ ਲਈ ਕਣਕ ਦੀ ਵਸੂਲੀ ਕੀਮਤ 150 ਰੁਪਏ ਪ੍ਰਤੀ ਕੁਵਿੰਟਲ ਦੀ ਸਿਫਾਰਸ਼ ਕੀਤੀ ਹੈ ।

ਇਹ ਕੀਮਤ ਪਿਛਲੇ ਸਾਲ ਦੀ 142 ਰੁਪਏ ਦੀ ਕੀਮਤ ਨਾਲੋਂ 8 ਰੁਪਏ ਪ੍ਰਤੀ ਕੁਵਿੰਟਲ ਵੱਧ ਹੈ । ਕਮਿਸ਼ਨ ਨੇ ਹਾੜੀ ਦੀ ਫਸਲ ਬਾਰੇ ਨੀਤੀ ਸਬੰਧੀ ਆਪਣੀ ਰੀਪੋਰਟ ਦੋ ਹਫਤੇ ਪਹਿਲਾਂ ਸਰਕਾਰ ਨੂੰ ਪੇਸ਼ ਕੀਤੀ ਸੀ । ਇਹ ਬਹੁਸੰਮਤੀ ਰੀਪੋਰਟ ਉਤੇ ਕਮਿਸ਼ਨ ਦੇ ਚੇਅਰਮੈਨ ਡਾਕਟਰ ਵਾਈਕਲਾਸ, ਮੈਂਬਰ ਡਾਕਟਰ ਐਮ. ਵੀ. ਜਾਰਜ, ਅਤੇ ਮੈਂਬਰ ਸਕੱਤਰ ਟੀ. ਐਨ. ਧਰ ਦੇ ਦਸਖਤ ਹਨ, ਜਦ ਕਿ ਕਿਸਾਨਾ ਦੀ ਪ੍ਰਤੀਨਿਧਤਾ ਕਰਨ ਵਾਲੇ ਮੈਂਬਰ ਚੌਧਰੀ ਰੰਧੀਰ ਸਿੰਘ ਨੇ ਵੱਧ ਕੀਮਤ ਦੀ ਮੰਗ ਕੀਤੀ ।

ਉਹਨਾ 170 ਰੁਪਏ ਵੱਧ ਜਾਂ ਇਸ ਤੋਂ ਵੱਧ ਭਾਅ ਦੀ ਸਿਫਾਰਸ਼ ਕੀਤੀ ਹੈ ।

ਜਗੂਆਰ ਜਹਾਜ਼ਾਂ ਦੀ ਆਖਰੀ ਖੇਪ ਵੀ ਭਾਰਤ ਪੁਜ ਗਈ

ਨਵੀਂ ਦਿੱਲੀ:— ਜਗੂਆਰ ਜਹਾਜ਼ਾਂ ਦੀ ਆਖਰੀ ਖੇਪ ਵੀ ਭਾਰਤ ਪੁਜ ਗਏ ਹੈ । ਇਸ ਤਰ੍ਹਾਂ ਬਰਤਾਨੀਆਂ ਨੇ ਭਾਰਤ ਨਾਲ ਕੀਤੇ ਗਏ ਸਮਝੌਤੇ ਅਨੁਸਾਰ ਭਾਰਤ ਨੂੰ ਕੁਲ 40 ਜਗੂਆਰ ਲੜਾਕੇ ਹਵਾਈ ਜਹਾਜ਼ ਸਪਲਾਈ ਕਰ ਦਿਤੇ ਹਨ ।

ਭਾਰਤ ਕੋਲ ਜਹਾਜ਼ਾਂ ਦੀ ਇਹ ਖੇਪ ਪਹੁੰਚਣ ਨਾਲ ਇੰਡੀਅਨ ਏਅਰ ਫੋਰਸ ਕੋਲ ਦੋ ਹਵਾਈ ਹਮਲਾਵਰ ਦਸਤੇ ਕਾਇਮ ਹੋ ਗਏ ਹਨ । ਪਹਿਲੀ ਵਾਰੀ ਭਾਰਤ ਹਵਾਈ ਫੌਜ ਕੋਲ ਇਹਨਾਂ ਜਹਾਜ਼ਾਂ ਦੀ ਖੇਪ ਜੁਲਾਈ 1979 ਵਿਚ ਪਹੁੰਚੀ ਸੀ ਤੇ ਇਸ ਨਾਲ ਭਾਰਤੀ ਹਵਾਈ ਫੌਜ ਵਿਚ ਇਕ ਨਵਾਂ ਜੁਗ ਸ਼ੁਰੂ ਹੋ ਗਿਆ ਸੀ । ਹੁਣ ਭਾਰਤ ਕੋਲ ਦੂਰ ਇਲਾਕਿਆਂ ਤਕ ਹਮਲੇ ਕਰਨ ਵਾਲੀ ਹਮਲਾਵਰ ਸ਼ਕਤੀ ਕਾਫੀ ਵਧ ਗਈ ਹੈ ।

ਇਸੇ ਦੌਰਾਨ ਹਿੰਦੋਸਤਾਨ ਐਰੋਨੋਟਿਕਸ ਲਿਮਟਿਡ ਨਾਮੀ ਭਾਰਤੀ ਫਰਮ ਵਲੋਂ ਦੋ ਹੋਰ ਜਗੂਅਰ ਬਣਾਏ ਜਾ ਰਹੇ ਹਨ । ਭਾਰਤ ਵਿਚ ਬਣੇ ਪਹਿਲੇ ਜਗੂਅਰ ਜਹਾਜ਼ ਦਾ 31 ਮਾਰਚ ਨਰੀਖਣ ਕੀਤਾ ਗਿਆ ਸੀ । ਸੰਭਾਵਨਾ ਹੈ ਕਿ ਇਸ ਯੂਰਪ ਵਲੋਂ ਤਿੰਨ ਹੋਰ ਜਗੂਆਰ ਜਹਾਜ਼ ਭਾਰਤੀ ਹਵਾਈ ਸੈਨਾ ਨੂੰ ਸਪਲਾਈ ਕੀਤੇ ਜਾਣਗੇ । ਬਰਤਾਨੀਆਂ ਨਾਲ ਹੋਏ ਸਮਝੌਤੇ ਦੇ ਆਧਾਰ ਉਤੇ ਭਾਰਤ 45 ਹੋਰ ਜਗੂਆਰ ਜਹਾਜ਼ ਬਣਾਏਗਾ । ਸਰਕਾਰੀ ਸੂਤਰਾਂ ਅਨੁਸਾਰ ਭਾਰਤ ਇਹਨਾਂ 45 ਜਹਾਜ਼ਾਂ ਦੇ ਉਤਪਾਦਨ ਤੋਂ ਬਾਅਦ ਹੋਰ ਜਗੂਆਰ ਜਹਾਜ਼ਾਂ ਦੇ ਉਤਪਾਦਨ ਬਾਰੇ ਵੀ ਵਿਚਾਰ ਕਰ ਰਿਹਾ ਹੈ ।

ਕਲੀਰਐਂਸ ਸੇਲ

ਵਾਕਮੈਨ AM/FM ਕੈਸਟ ਰੈਗੂਲਰ $119.95
ਹੁਣ $88.88

ਸਕੱਚ ਟੇਪ VHS ਟੇਪ T120
ਰੈਗੂਲਰ $18.95 ਹੁਣ $13.85

ਇੰਡੀਆਂ ਜਾਂ ਫੀਜੀ ਜਾ ਰਹੇ ਹੋ ? 4 ਬੈਂਡ ਰੇਡੀਓ (AM/FM/SW1/SW2) ਸਟੀਰੀਓ ਕੈਸਟ ਰੀਕਾਰਡਰ 110/220 ਵੋਲਟ
ਰੈਗੂਲਰ $80.50 ਹੁਣ $65.99

ਛੁੱਟੀਆਂ ਦੇ ਮੌਸਮ ਲਈ ਸ਼ੁਭ ਇਛਾਵਾ

ਸੰਧੂ ਵਿਡੀਓ ਸ਼ਾਪ (ਲਿ:)

5090, ਵਿਕਟੋਰੀਆ ਡਰਾਈਵ,
ਵੈਨਕੂਵਰ
ਫੋਨ 324-7727

220/110 ਕਨਵਰਸ਼ਨ ਅਡੈਪਟਰਜ਼ ਤੇ ਹੋਰ ਜੋ ਵੀ ਚੀਜ਼ ਤੁਹਾਨੂੰ ਲੋੜੀਂਦੀ ਹੋਵੇ ਸਪੈਸ਼ਲ ਕੀਮਤਾਂ ਤੇ

ਮੇਲ ਆਰਡਰ ਵੀ ਕਰ ਸਕਦੇ ਹਾਂ

ਅਸੀਂ ਤੁਹਾਡੀ ਸੇਵਾ ਲਈ ਹਰ ਹਫਤੇ ਹਰ ਦਿਨ ਦੁਕਾਨ ਖੋਲ੍ਹਦੇ ਹਾਂ

ਸਾਡੇ ਕੋਲ ਪੁਰਾਣੀਆਂ ਤੇ ਨਵੀਆਂ ਪੰਜਾਬੀ,ਹਿੰਦੀ, ਗੁਜਰਾਤੀ, ਅੰਗਰੇਜ਼ੀ ਤੇ ਇੰਗਲਿਸ਼ ਅਡੱਲਟ ਫਿਲਮਾਂ ਦਾ ਬੇਅੰਤ ਭੰਡਾਰ ਹੈ

ਸਭ ਤੋਂ ਵਧੀਆ ਰੇਟ

ਚਾਹੇ ਖਰੀਦੋ, ਕਿਰਾਏ ਤੇ ਲਓ ਜਾਂ ਬਦਲੋ— ਵੀਡੀਓ ਫਿਲਮਾਂ, ਵੀਡੀਓ ਮਸ਼ੀਨਾਂ ਅਤੇ ਵੀਡੀਓ ਗੇਮਾਂ ਛੇਤੀ ਹੀ ਰੀਲੀਜ਼ ਹੋਣ ਵਾਲੀਆਂ ਫਿਲਮਾਂ —
ਕਮਚੋਰ, ਸਮਰਾਟ, ਗਰਲ ਫਰਾਮ ਇੰਡੀਆਂ, ਸਹਿਤੀ ਮੁਰਾਦ ਤੇ
ਚੰਨ ਪਰਦੇਸੀ

22 ਦਸੰਬਰ 1982

ਸੰਪਾਦਕੀ :

ਦੋਹਰੀ ਸਿਟੀਜ਼ਨਸ਼ਿਪ ਕਿਉਂ ਜ਼ਰੂਰੀ ?

ਪਿਛਲੇ ਅੰਕ ਦੇ ਸੰਪਾਦਕੀ ਵਿਚ ਅਸੀਂ ਜ਼ਿਕਰ ਕੀਤਾ ਸੀ ਕਿ ਦੋਹਰੀ ਸ਼ਹਿਰੀਅਤ ਭਾਰਤੀਆਂ ਲਈ ਲੈਣਾ ਇਕ ਬੁਨਿਆਦੀ ਸਵਾਲ ਹੈ। ਇਹ ਅਸੀਂ ਸਭ ਮੰਨਦੇ ਹਾਂ ਕਿ ਆਰਥਕਮਾ ਜ਼ਿੰਦਗੀ ਦੀ ਚੂਲ ਹੈ। ਅਸੀਂ ਵੀ ਦੂਨੀਆਂ ਦੇ ਹੋਰਨਾਂ ਲੋਕਾਂ ਵਾਂਗ ਕੈਨੇਡਾ ਦੀ ਧਰਤੀ ਨੂੰ ਇਸ ਲਈ ਨਹੀਂ ਅਪਣਾਇਆ ਕਿ ਦੂਜੇ ਦੇਸ਼ਾਂ ਦੀ ਸੈਰ ਦਾ ਸਾਨੂੰ ਸ਼ੌਕ ਸੀ। ਅਸੀਂ ਆਪਣੀ ਧਰਤੀ ਤੋਂ ਇਸ ਲਈ ਪਰਾਈ ਧਰਤੀ ਦੇ ਵਾਸੀ ਬਣੇ ਹਾਂ ਤਾਂਕਿ ਅਸੀਂ ਆਰਥਕ ਤੌਰ ਤੇ ਮਜਬੂਤ ਹੋ ਸਕੀਏ। ਸਾਡੀ ਆਰਥਕ ਤੌਰ ਤੇ ਖੁਸ਼ਹਾਲ ਹੋਣਾ, ਵਿਅਕਤੀਗਤ ਨਹੀਂ ਰਹਿੰਦਾ, ਸਾਡੀਆਂ ਜੜ੍ਹਾਂ ਭਾਰਤ ਵਿਚ ਹੋਣ ਕਾਰਨ ਅਸੀਂ ਪਿੱਛਲ ਝਾਤ ਹਮੇਸ਼ਾਂ ਆਪਣੀ ਮਾਂ—ਧਰਤੀ ਵੱਲ ਹੀ ਤੱਕਦੇ ਹਾਂ। ਅਸੀਂ ਆਪਣੀ ਆਰਥਕ ਖੁਸ਼ਹਾਲੀ ਨੂੰ ਆਪਣੀ ਮਾਂ—ਧਰਤੀ ਨਾਲ ਸਾਂਝੀ ਕਰਨ ਵਿਚ ਵਿਸ਼ਵਾਸ਼ ਰੱਖਦੇ ਹਾਂ। ਏਹੀ ਕਾਰਨ ਹੈ ਹਰ ਇਕ ਵਿਦੇਸ਼ੀ ਭਾਰਤੀ ਸਦਾ ਇਸ ਧੁਨ ਦਾ ਸ਼ੈਦਾਈ ਹੈ ਕਿ ਉਹ ਧਨ ਰਾਹੀਂ ਆਪਣੇ ਮੁਲਕ ਨੂੰ ਖੁਸ਼ਹਾਲ ਬਣਾਵੇ।

ਜੇ ਵਿਦੇਸ਼ੀ ਭਾਰਤੀ ਦਾ ਇਹ ਦ੍ਰਿੜ ਦ੍ਰਿਸ਼ਟੀਕੋਨ ਹੈ ਤਾਂ ਭਾਰਤ ਸਰਕਾਰ ਦਾ ਵੀ ਫਰਜ਼ ਹੈ ਕਿ ਉਹ ਜੁੜੀਆਂ ਤੰਦਾਂ ਨੂੰ ਤੋੜਨ ਦਾ ਯਤਨ ਨਾ ਕਰੇ ਸਗੋਂ ਇਨ੍ਹਾਂ ਤੰਦਾਂ ਨੂੰ ਪੀਡੀਆਂ ਕਰਨ ਵਿਚ ਆਪਣਾ ਹਿੱਸਾ ਪਾਵੇ। ਇਹ ਤਦ ਹੀ ਸੰਭਵ ਹੈ ਜੇਕਰ ਵਿਦੇਸ਼ੀ ਭਾਰਤੀਆਂ ਨੂੰ ਦੋਹਰੀ ਸ਼ਹਿਰੀਅਤ ਮਿਲੇ।

ਕੁਝ ਕੁ ਲੋਕਾਂ ਦਾ ਵਿਚਾਰ ਹੈ ਕਿ ਇਸ ਨਾਲ ਮੁਸ਼ਕਲਾਂ ਘਟਣ ਦੀ ਥਾਂ ਵਧਣਗੀਆਂ। ਜਿਸ ਤਰ੍ਹਾਂ ਯੁਗੰਡਾ ਜਾਂ ਅਫਰੀਕਨ ਦੇਸ਼ਾਂ ਆਦਿ ਵਿਚ ਵਾਪਰਿਆ— ਕਿਤੇ ਜੇ ਉਹੀ ਗੱਲ ਕੈਨੇਡਾ ਸਰਕਾਰ ਕਰੇ ਤਾਂ ਵਿਦੇਸ਼ੀ ਭਾਰਤੀਆਂ ਲਈ ਮੁਸੀਬਤ ਖੜੀ ਹੋ ਜਾਵੇਗੀ। ਪਹਿਲੀ ਗੱਲ ਤਾਂ ਇਸ ਸੰਦਰਭ ਵਿਚ ਇਹ ਆਉਂਦੀ ਹੈ ਕਿ ਕੈਨੇਡਾ ਦੇ ਹਾਲਾਦ ਇੰਮੀਗਰੇਸ਼ਨ ਦੇ ਮਾਮਲੇ ਵਿਚ ਬਾਕੀਆਂ ਨਾਲੋਂ ਵੱਖਰੇ ਹਨ— ਇਹ ਮੁਲਕ ਹੀ ਇੰਮੀਗਰੈਂਟ ਲੋਕਾਂ ਦਾ ਹੈ। ਇਸ ਲਈ ਅਜਿਹੀ ਹੋਣੀ ਦੀ ਸੰਭਾਵਨਾ ਨਹੀਂ ਹੋ ਸਕਦੀ। ਦੂਜੇ ਪਾਕਿਸਤਾਨ, ਬੰਗਲਾ ਦੇਸ਼ ਤੇ ਇਥੋਂ ਤਕ ਕਿ ਬਰਤਾਨੀਆਂ ਵਿਚ ਵੀ ਇਹ ਦੋਹਰੀ ਸ਼ਹਿਰੀਅਤ ਦੇ ਅਸੂਲ ਨੂੰ ਮੰਨਿਆ ਜਾ ਰਿਹਾ ਹੈ।

ਕੁਝ ਕੁ ਸੰਸਥਾਵਾਂ ਵਲੋਂ ਇਸ ਮਾਮਲੇ ਸੰਬੰਧੀ ਬੀੜਾ ਚੁਕਿਆ ਗਿਆ ਹੈ। ਈਸਟ ਇੰਡੀਅਨ ਵਰਕਰਜ਼ ਅਸੋਸੀਏਸ਼ਨ ਪਹਿਲਾਂ ਵੀ ਇਸ ਮੁਹਿੰਮ ਬਾਰੇ ਚੇਤੰਨ ਹੈ। ਇਪਾਨਾ ਵਲੋਂ ਇਸ ਮੁਹਿੰਮ ਨੂੰ ਚਾਲੂ ਕੀਤਾ ਜਾ ਰਿਹਾ ਹੈ। ਹੋਰ ਸਭ ਸਭਾਵਾਂ, ਸੁਸਾਇਟੀਆਂ ਅਤੇ ਸੰਸਥਾਵਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਮੁਹਿੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਤਾਂ ਕਿ ਦੋਹਰੀ ਸ਼ਹਿਰੀਅਤ ਸਭ ਵਿਦੇਸ਼ੀ ਭਾਰਤੀਆਂ ਨੂੰ ਮਿਲ ਸਕੇ।

ਇਸ ਲਈ ਜੇ ਕੋਈ Co—ordinating Committee ਦੀ ਸਥਾਪਨਾ ਹੋ ਸਕੇ ਜੋ ਇਸ ਮੁਹਿੰਮ ਲਈ ਤਾਲਮੇਲ ਪੈਦਾ ਕਰ ਸਕੇ ਤੇ ਸਭ ਸੰਸਥਾਵਾਂ ਨਾਲ ਮੇਲਜੋਲ ਰੱਖ ਸਕੇ ਤਾਂ ਹੋਰ ਵੀ ਚੰਗੇਰਾ ਹੰਭਲਾ ਮਾਰਿਆ ਜਾ ਸਕਦਾ ਹੈ।

ਇਹ ਮਾਮਲਾ ਕਿਸੇ ਇਕ ਧੜੇ ਜਾਂ ਵਿਚਾਰ ਨਾਲ ਸੰਬੰਧਤ ਨਹੀਂ ਸਮੁੱਚੇ ਵਿਦੇਸ਼ੀ ਭਾਰਤੀਆਂ ਦਾ ਮਸਲਾ ਹੈ। ਇਸ ਦੋਹਰੀ ਸ਼ਹਿਰੀਅਤ ਬਾਰੇ ਵਿਸ਼ੇ ਤੇ ਜੋ ਵੀ ਸੱਜਣ ਲਿਖਣਾ ਚਾਹੁਣ 'ਕੈਨੇਡਾ ਦਰਪਣ' ਨੂੰ ਅਜਿਹੇ ਵਿਚਾਰ ਪੇਸ਼ ਛਾਪ ਕੇ ਖੁਸ਼ੀ ਹੋਵੇਗੀ।

ਗੁਰੂ ਗੋਬਿੰਦ ਸਿੰਘ ਜੀ ਦੀ ਤਾਲੀਮ

ਉਹਨਾਂ ਦੀਆਂ ਜਨਮ ਸਾਖੀਆਂ ਵਿਚੋਂ

—ਪ੍ਰੋ: ਸਾਹਿਬ ਸਿੰਘ ਜੀ

ਗ਼ਰੀਬ ਦਾ ਮੂੰਹ, ਗੁਰੂ ਕੀ ਗੋਲਕ—

ਸੰਨ 1701 ਦੀ ਵੈਸਾਖੀ ਦੇ ਮੌਕੇ ਤੇ ਜਦੋਂ ਦੂਰੋਂ ਦੂਰੋਂ ਸਿੱਖ ਅਨੰਦਪੁਰ ਪਹੁੰਚੇ ਹੋਏ ਸਨ, ਤਾਂ ਉਥੇ ਭੰਡਾਂ ਦਾ ਇਕ ਟੋਲਾ ਭੀ ਆ ਗਿਆ। ਭਰੇ ਦੀਵਾਨ ਵਿਚ ਭੰਡਾਂ ਨੇ ਮਸੰਦਾਂ ਦੀ ਨਕਲ ਲਾਈ। ਇੱਕੜ-ਦੁੱਕੜ ਮਸੰਦ ਦੀ ਦਸਵੰਧ ਦੇ ਗ਼ਬਨ ਬਾਰੇ ਗਿਰਾਵਟ ਤਾਂ ਉੱਘੜਦੀ ਰਹਿੰਦੀ ਸੀ; ਪਰ ਅਚਾਨਕ ਗਿਰਾਵਟ ਦਾ ਜਿਹੜਾ ਨਕਸ਼ਾ ਭੰਡਾਂ ਨੇ ਪੇਸ਼ ਕੀਤਾ, ਉਹ ਬੇਹੱਦ ਹਿਰਦੇ-ਵੇਧਕ ਸੀ। ਸ਼ਰਾਬ, ਵੇਸੁਆ, ਸ਼ਰਧਾਲੂ ਸਿੱਖਾਂ ਨੂੰ ਸਰਾਪਾਂ ਦੇ ਡਰਾਵੇ—ਇਹ ਸਾਰੀ ਨਕਲ ਵੇਖ ਕੇ ਸਤਿਗੁਰੂ ਜੀ ਦੇ ਦਿਲ ਉਤੇ ਡੂੰਘਾ ਅਸਰ ਪਿਆ। ਧਰਮ ਤੀ ਓਟ ਵਿਚ ਪਾਏ ਜਿਸ ਜੂਲੇ ਤੋਂ ਸਤਿਗੁਰੂ ਜੀ ਗਰੀਬ ਜਨਤਾ ਨੂੰ ਕੱਢਣ ਲਈ ਸਿਰ—ਧੜ ਦੀ ਬਾਜ਼ੀ ਲਾਂਦੇ ਚਲੇ ਆ ਰਹੇ ਸਨ, ਉਹੀ ਜੂਲਾਂ ਮਸੰਦਾਂ ਨੇ ਗੁਰਸਿੱਖਾਂ ਉਤੇ ਪਾ ਰੱਖਿਆ ਸੀ, ਤੇ ਸਿੱਖ ਗੁਰੂ-ਪਾਤਿਸ਼ਾਹ ਦੇ ਪਿਆਰ ਦਾ ਸਦਕਾ ਉਸ ਨੂੰ ਸਹਾਰਦੇ ਚਲੇ ਆ ਰਹੇ ਸਨ। ਗਰੀਬਾਂ ਦੀ ਬਾਂਹ ਫੜਨ ਦੇ ਅਸੂਲ ਉਤੇ ਇਹ ਬੜੀ ਭਾਰੀ ਸੱਟ ਸੀ।

ਸਤਿਗੁਰੂ ਜੀ ਨੇ ਉਸੇ ਵੇਲੇ ਹੁਕਮ ਦੇ ਦਿੱਤਾ ਕਿ ਸਭ ਮਸੰਦਾਂ ਨੂੰ ਦਾਹੜੀਆਂ ਤੋਂ ਫੜ ਕੇ ਹਾਜ਼ਰ ਕਰੋ।

ਜ਼ਿਲਾ ਲਾਹੌਰ ਤਸੀਲ ਚੂਨੀਆਂ ਦੇ ਇਲਾਕੇ ਵਿਚ ਭਾਈ ਫੇਰੂ ਮਸੰਦ ਸੀ। ਉਸ ਨੂੰ ਭੀ ਹਾਜ਼ਰ ਹੋਣ ਦਾ ਹੁਕਮ ਮਿਲਿਆ। ਭਾਈ ਫੇਰੂ ਬੜੀ ਈਮਾਨਦਾਰੀ ਤੇ ਲਗਨ ਨਾਲ ਗੁਰੂ ਕਾ ਲੰਗਰ ਚਲਾ ਰਿਹਾ ਸੀ। ਇਲਾਕੇ ਵਿਚ ਉਸ ਦਾ ਬੜਾ ਆਦਰ-ਸਤਕਾਰ ਸੀ। ਜਦੋਂ ਸਿੱਖ ਉਸ ਨੂੰ ਦਾੜ੍ਹੀ ਤੋਂ ਫੜ ਕੇ ਲੈ ਜਾਣ ਤੋਂ ਝੱਕਣ ਲੱਗੇ, ਤਾਂ ਉਸ ਨੇ ਆਪ ਹੀ ਆਪਣੀ ਦਾੜ੍ਹੀ ਫੜ ਲਈ ਤੇ ਸਤਿਗੁਰੂ ਜੀ ਦੇ ਦਰਬਾਰ ਵਿਚ ਆ ਹਾਜ਼ਰ ਹੋਇਆ।

ਭਾਈ ਫੇਰੂ ਦੀ ਨਿਮ੍ਰਤਾ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਖੁਸ਼ ਹੋਏ, ਉਸ ਨੂੰ 'ਸੱਚੀ ਦਾੜ੍ਹੀ' ਤੇ 'ਸੰਗਤਿ ਸਾਹਿਬ' ਦੀ ਪਦਵੀ ਬਖਸ਼ੀਓ ਨੇ।

ਕੋਲ ਬੈਠੇ ਮੁਨੀਮ ਨੇ ਅਰਜ਼ ਕੀਤੀ ਕਿ ਭਾਈ ਫੇਰੂ ਦੇ ਇਲਾਕੇ ਵਿਚੋਂ ਦਸਵੰਦ ਦੀ ਰਕਮ ਕਦੇ ਭੀ ਨਹੀਂ ਆਈ। ਤਾਂ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਹ ਸਾਨੂੰ ਸਾਰੀ ਰਕਮ ਸਿੱਧੀ ਹੀ ਅਪੜਾ ਦੇਂਦੇ ਹਨ।

*ਭਾਈ ਫੇਰੂ ਦਸਵੰਧ ਦੀ ਸਾਰੀ ਮਾਇਆ ਲੰਗਰ ਆਦਿਕ ਤੇ ਖਰਚਦੇ ਹਨ, ਅਤੇ ਗ਼ਰੀਬ ਲੋੜਵੰਦਾਂ ਦੀਆਂ ਹੋਰ ਮਾਇਕ ਲੋੜਾਂ ਭੀ ਪੂਰੀਆਂ ਕਰਦੇ ਹਨ। ਇਸ ਤਰ੍ਹਾਂ ਉਸ ਇਲਾਕੇ ਦੀ ਦਸਵੰਧ ਦੀ ਰਕਮ ਸਾਨੂੰ ਸਿੱਧੀ ਪਹੁੰਚ ਜਾਂਦੀ ਹੈ। ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ।

(2) ਧਰਮ ਦਾ ਵਿਖਾਵਾ
ਖੋਤੇ ਨੂੰ ਸ਼ੇਰ ਦੀ ਖੱਲ—

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਨਾਲ ਲੈ ਕੇ ਗੁਆਂਢ ਦੇ ਜੰਗਲ ਵਿਚ ਸਦਾ ਸ਼ਿਕਾਰ ਨੂੰ ਜਾਇਆ ਕਰਦੇ ਸਨ, ਅਤੇ ਮਨੁੱਖ ਦੇ ਵੈਰੀ ਚਿਤਰੇ ਸ਼ੇਰ ਆਦਿਕਾਂ ਨੂੰ ਮਾਰ ਮੁਕਾਇਆ ਕਰਦੇ ਸਨ। ਸ਼ੇਰ ਚਿਤਰੇ ਆਦਿ ਦੀ ਖੱਲ ਸਾਂਭ ਕੇ ਰੱਖ ਲਈ ਜਾਂਦੀ ਸੀ। ਇਕ ਵਾਰੀ ਰਾਤ ਦੇ ਹਨੇਰੇ ਵਿਚ ਅਵਾਰਾ ਫਿਰਦੇ ਇਕ ਖੋਤੇ ਨੂੰ ਸਤਿਗੁਰੂ ਜੀ ਨੇ ਮਲਕੜੇ ਜਿਹੇ ਸ਼ੇਰ ਦੀ ਖੱਲ ਪਵਾ ਦਿਤੀ।

ਪ੍ਰਭਾਤ ਵੇਲੇ ਜਦੋਂ ਲੋਕ ਘਰਾਂ ਤੋਂ ਬਾਹਰ ਨਿਕਲੇ, ਤਾਂ ਸ਼ੇਰ ਨੂੰ ਵੇਖਕੇ ਬੜੇ ਡਰੇ। ਸਾਰੇ ਨਗਰ ਵਿਚ ਰੌਲਾ ਮੱਚ ਗਿਆ ਤੇ ਸਹਿਮ ਖਿਲਰ ਗਿਆ। ਉਹ ਸ਼ੇਰ-ਨੁਮਾ ਖੋਤਾ ਦੋ ਕੁ ਦਿਨ ਬੜੀ ਮੌਜ ਵਿਚ ਨਗਰ ਦੇ ਆਸ ਪਾਸ ਫਿਰਦਾ ਰਿਹਾ ਤੇ ਘੁਮਿਆਰ ਦੀ ਛੱਟ ਤੇ ਕੁਟ ਤੋਂ ਬਚਿਆ ਰਿਹਾ। ਤੀਜੇ ਦਿਨ ਇਕ ਘੁਮਿਆਰ ਖੋਤੇ ਲੈ ਕੇ ਓਧਰੋਂ ਦੀ ਲੰਘਿਆ। ਆਪਣੇ ਹਮ-ਜਿਨਸਾਂ ਨੂੰ ਵੇਖ ਕੇ ਸ਼ੇਰ-ਨੁਮਾ ਖੋਤੇ ਨੇ ਹੀਂਗਣਾ ਸ਼ੁਰੂ ਕਰ ਦਿਤਾ। ਸ਼ੇਰ ਬਣਨ ਦਾ ਸਾਰਾ ਪਾਜ ਖੁਲ੍ਹ ਗਿਆ। ਘੁਮਿਆਰ ਨੇ ਉਸਦੀ ਸ਼ੇਰ ਵਾਲੀ ਖੱਲ ਲਾਹ ਕੇ ਉਸਨੂੰ ਦੋ ਡੰਡੇ ਟਿਕਾਏ, ਤੇ ਛੱਟ ਲੱਦ ਕੇ ਅੱਗੇ ਲਾ ਲਿਆ।

ਅਸਲ ਭੇਤ ਪਤਾ ਲੱਗਣ ਤੇ ਨਗਰ ਦੇ ਲੋਕਾਂ ਵਿਚ ਬੜਾ ਹਾਸਾ ਮੱਚਿਆ। ਸਤਿਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਨੂੰ ਸਮਝਾਇਆ ਕਿ ਮਨੁੱਖ ਦੇ ਅੰਦਰ ਸਚਾਈ ਨਹੀਂ ਹੈ, ਤਾਂ ਧਾਰਮਿਕ ਪਾਜ ਸਦਾ ਟਿਕਿਆ ਟਹੀਂ ਰਹਿ ਸਕਦਾ, ਆਖਰ ਉਘੜਦਾ ਹੀ ਤਦੋਂ ਧਰਮੀ ਅਖਵਾਂਦੇ ਬੰਦੇ ਨੂੰ ਨਮੋਸ਼ੀ ਝੱਲਣੀ ਪੈਂਦੀ ਹੈ :

ਕੂੜਿ ਨਿਖੁਟੇ ਨਾਨਕਾ ਓੜਿਕ ਸਚਿ ਰਹੀ ॥ —ਗੁਰੂ ਨਾਨਕ

ਪੰਜਾਬ ਤੇ ਪੰਜਾਬੀ ਬੋਲੀ-ਇਕ ਸਰਵੇਖਣ

—ਸ: ਸ਼ਮਸ਼ੇਰ ਸਿੰਘ 'ਅਸ਼ੋਕ'

ਪੰਜਾਬੀ, ਜੋ ਪੰਜਾਬ ਦੇ ਵਸਨੀਕਾਂ ਦੀ ਮਾਂ-ਬੋਲੀ ਹੈ, ਭਾਵੇਂ ਵੇਦਿਕ-ਕਾਲ ਤੋਂ ਵੀ ਵਧ ਪੁਰਾਣੀ ਤੇ ਪ੍ਰਾਕ੍ਰਿਤ ਜੰਮ-ਪਲ ਹੈ, ਪਰ ਪਿਛੋਂ ਇਸ ਵਿਚ ਸੰਸਕਿਰਤ, ਹਿੰਦੀ, ਬ੍ਰਿਜ ਭਾਸ਼ਾ, ਰਾਜਸਥਾਨੀ, ਡੋਗਰੀ, ਪਹਾੜੀ, ਉਰਦੂ, ਫਾਰਸੀ, ਆਦਿ ਗਵਾਂਢੀ ਬੋਲੀਆਂ ਦਾ ਰਲਾਉ ਹੋਣ ਕਰਕੇ ਇਹ ਇਕ ਕੌਮੀ ਸ਼ਕਤੀ ਦਾ ਰੂਪ ਧਾਰਣ ਕਰ ਗਈ ਹੈ, ਜਿਸ ਵਿਚ ਹਰੇਕ ਇਲਾਕੇ ਦੇ ਚੋਣਵੇਂ ਲਫ਼ਜ਼ ਮੋਤੀਆਂ ਵਾਂਗ ਜੜੇ ਹੋਏ ਲਿਸ਼ਕਦੇ ਮੁਸ਼ਕਦੇ ਤੇ ਅਨੋਖੀ ਭਾਹ ਮਾਰਦੇ ਨਜ਼ਰੀਂ ਆਉਂਦੇ ਹਨ, ਇਸ ਲਈ ਕਹਿਣਾ ਪੈਂਦਾ ਹੈ ਕਿ ਇਹ ਕੋਈ ਇਕ ਪਾਸੜ ਜਿਹੀ ਇਲਾਕਾਈ ਜ਼ਬਾਨ ਨਹੀਂ, ਸਗੋਂ ਸਮੁੱਚੇ ਪੰਜਾਬ ਦੀ ਮਾਂ-ਬੋਲੀ ਹੋਣ ਕਰਕੇ ਇਕ ਸ਼ਕਤੀਵਾਨ ਰਾਸ਼ਟਰ ਭਾਸ਼ਾ ਦਾ ਦਰਜਾ ਰੱਖਦੀ ਹੈ। ਮੁਗਲੇਈ-ਕਾਲ ਵਿਚ ਪੰਜਾਬ ਭਾਵੇਂ ਸੂਬਾ ਲਾਹੌਰ ਤਕ ਸੀਮਿਤ ਹੋਣ ਕਰਕੇ ਇਕ ਸਾਧਾਰਣ ਜਿਹਾ ਪ੍ਰਾਂਤ ਸੀ ਪਰ ਪਿਛੋਂ ਸਿੱਖ ਰਾਜ ਸਮੇਂ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਅਦੁੱਤੀ ਬਦ-ਵਿਕ੍ਰਮ ਦੇ ਕਾਰਣ ਇਸ ਨੂੰ ਬੜਾ ਵਿਸ਼ਾਲ ਰੂਪ ਦੇ ਕੇ ਇਕ ਵਿਸ਼ਾਲ ਦੇਸ਼ ਬਣਾ ਲਿਆ ਸੀ, ਤੇ ਮੁਗਲੇਈ-ਕਾਲ ਦੀਆਂ ਸਾਧਾਰਣ ਪ੍ਰਾਂਤਿਕ ਹੱਦਾਂ ਉਕੀਆਂ ਹੀ ਮਿਟਾਅ ਛੱਡੀਆਂ ਸਨ, ਇਸ ਕਾਰਣ ਜੇ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦਾ ਨਿਰਮਾਤਾ ਕਿਹਾ ਜਾਵੇ ਤਾਂ ਇਹ ਕੋਈ ਅਤਿ ਕਥਨੀ ਨਹੀਂ ਹੈ।

ਸੰਨ 1849 ਦੇ ਮਹੀਨਾ ਮਾਰਚ ਵਿਚ ਪੰਜਾਬ ਉਤੇ ਅੰਗਰੇਜ਼ੀ ਕਬਜ਼ਾ ਹੋਣ ਸਾਰ ਭਾਵੇਂ ਏਥੇ ਪੱਛਮੀ ਸਭਿਅਤਾ ਦਾ ਫੈਲਾਉ ਹੋਣ ਕਾਰਣ ਲੋਕਾਂ ਨੇ ਇਸ ਵਿਚ ਕੁਝ ਅਗਾਂਹਵਧੂ ਪੇਸ਼ਕਦਮੀ ਸਮਝੀ, ਪਰ ਇਹ ਦਰਅਸਲ ਇਕ ਪਿਛਾਂਹ-ਖਿਚੂ ਪੰਜਾਬ ਤੇ ਪੰਜਾਬੀਅਤ ਦਾ ਪਿਛੋਕੜ ਸੀ, ਜਿਸ ਕਾਰਣ ਸੰਨ 1846 ਈ: ਵਿਚ ਜਿਸ ਤਰ੍ਹਾਂ ਕਿ ਰਾਜਾ ਗੁਲਾਬ ਸਿੰਘ ਡੋਗਰੇ ਨੇ ਅੰਗਰੇਜ਼ਾਂ ਨਾਲ ਮਿਲ ਕੇ ਪੰਜਾਬ ਨਾਲੋਂ ਜੰਮੂ ਤੇ ਕਸ਼ਮੀਰ ਨੂੰ ਵੱਖ ਕੀਤਾ ਸੀ, ਠੀਕ ਉਸੇ ਤਰ੍ਹਾਂ ਇਸ ਤੋਂ ਲਗ-ਭਗ ਇਕ ਸੌ ਸਾਲ ਬਾਅਦ ਉਸੇ ਡੋਗਰਾ ਖਾਨਦਾਨ ਵਿਚੋਂ ਡਾਕਟਰ ਕਰਣ ਸਿੰਘ ਨੇ ਇਥੋਂ ਦੀ ਨਵੀਂ ਹਕੂਮਤ ਦੇ ਸੁਰ ਨਾਲ ਸੁਰ ਮਿਲਾ ਕੇ ਤੇ ਫੇਰ ਉਸ ਵਿਚ ਸ਼ਾਮਿਲ ਹੋ ਕੇ ਦੇਸ਼ ਦੀ 14 ਬੋਲੀਆਂ ਦੇ ਬਾਵਜੂਦ, ਜਿਨ੍ਹਾਂ ਵਿਚ ਕਿ ਮਾਂ-ਬੋਲੀ ਪੰਜਾਬੀ ਦਾ ਪ੍ਰਮੁੱਖ ਸਥਾਨ ਹੈ, ਜੰਮੂ ਦੀ ਉਪ-ਬੋਲੀ ਡੋਗਰੀ ਨੂੰ ਜੋ ਕਿ ਪੰਜਾਬੀ ਦਾ ਹੀ ਇਕ ਇਲਾਕਾਈ ਰੂਪ ਹੈ, ਕਾਂਗਰਸੀ ਹਕੂਮਤ ਪਾਸੋਂ ਇਲਾਕਾ ਪਹਾੜ ਦੀ ਇਕ ਨਵੀਂ ਸੁਤੰਤ੍ਰ ਜ਼ਬਾਨ ਪਾਸ ਕਰਵਾ ਕੇ ਇਸ ਦਾ ਕਦੀਮੀ ਸੰਬੰਧ ਪੰਜਾਬੀ ਨਾਲੋਂ ਹਮੇਸ਼ਾ ਲਈ ਤੋੜ ਲਿਆ। ਭਾਵੇਂ ਇਸੇ ਤਰ੍ਹਾਂ ਉਸੇ ਸਮੇਂ ਜੰਮੂ-ਕਸ਼ਮੀਰ ਦੇ ਬਹੁ-ਗਿਣਤੀ ਦੇ ਗੁੱਜਰ ਲੋਕਾਂ ਦੀ ਗੁੱਜਰੀ ਜ਼ਬਾਨ ਨੂੰ ਵੀ, ਜੋ ਕਿ ਬੋਲ-ਚਾਲ ਵਿਚ ਡੋਗਰੀ ਨਾਲੋਂ ਕਾਫੀ ਹੱਦ ਤਕ ਜ਼ਮੀਨ ਅਸਮਾਨ ਦਾ ਫਰਕ ਰੱਖਦੀ ਹੈ, ਡੋਗਰੀ ਦੇ ਮੁਕਾਬਲੇ ਤੇ ਇਕ ਵੱਖਰੀ ਜ਼ਬਾਨ ਕਰਾਰ ਦਿੱਤਾ ਜਾ ਸਕਦਾ ਸੀ, ਪਰ ਇਸ ਮੁਹਿਮ ਦਾ ਪੈਰੋਕਾਰ ਕੋਈ ਸਰਦਾ-ਪੁਜਦਾ ਵਿਅਕਤੀ ਨਾ ਹੋਣ ਕਰਕੇ ਇਸ ਸਕੀਮ ਨੂੰ ਕਿਸੇ ਹੀਲੇ ਵੀ ਅਮਲੀ ਜਾਮਾ ਨਾ ਪਹਿਨਾਇਆ ਜਾ ਸਕਿਆ ਜੋ ਕਿ ਇਕ ਘਾਟੇ ਵਾਲੀ ਗੱਲ ਹੈ, ਨਹੀਂ ਤਾਂ ਜੰਮੂ ਦੀ ਡੋਗਰੀ ਦਾ ਹਸ਼ਰ ਕੁਝ ਹੋਰ ਹੀ ਹੋਣਾ ਸੀ।

ਏਥੇ ਹੀ ਬਸ ਨਹੀਂ, ਪੰਜਾਬੀ ਦੇ ਮੁਕਾਬਲੇ ਤੇ ਇਕ ਵਖੇਵੇਂ ਦੀ ਬੀਮਾਰੀ ਇਸੇ ਤਰ੍ਹਾਂ ਪੂਰਬੀ ਪੰਜਾਬ ਦੀ ਦੇਖੋ ਦੇਖ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਵੀ ਫੈਲੀ, ਜਿਸ ਕਰਕੇ ਪੰਜਾਬ ਤੇ ਪੰਜਾਬੀਅਤ ਦਾ ਵਧਦਾ ਪ੍ਰਚਾਰ ਦੇਖ ਕੇ ਸਿਰਫ ਇਸੇ ਨੁਕਤਾ ਨਿਗਾਹ ਤੋਂ ਕਿ ਕਿਤੇ ਪੂਰਬੀ ਤੇ ਪੱਛਮੀ ਪੰਜਾਬ ਦੇ ਲੋਕ ਇਕ ਹੋਣ ਤੇ ਪਾਕਿਸਤਾਨ ਦੀ ਸਾਲਮੀਅਤ ਨੂੰ ਹੀ ਕੋਈ ਨੁਕਸਾਨ ਨਾ ਪਹੁੰਚੇ, ਇਸ ਲਈ ਕੁਝ ਸਿਆਸਤਦਾਨਾਂ ਦੀ ਚੁੱਕ ਨਾਲ ਪਾਕਿਸਤਾਨ ਵਿਚ ਪਹਿਲਾਂ ਤਾਂ ਪੰਜਾਬੀ ਦੇ ਟਾਕਰੇ ਤੇ ਪੋਠੋਹਾਰੀ ਜ਼ਬਾਨ ਦਾ ਸਵਾਲ ਖੜਾ ਕੀਤਾ ਗਿਆ ਤੇ ਫੇਰ ਲਹਿੰਦੀ (ਮੁਲਤਾਨੀ ਤੇ ਝਾਂਗੀ) ਜ਼ਬਾਨ ਨੂੰ ਪੰਜਾਬ ਨਾਲੋਂ ਨਿਖੇੜਨ ਲਈ ਰਿਆਸਤ ਬਹਾਵਲਪੁਰ ਦੇ ਨਵਾਬਜ਼ਾਦਿਆਂ ਦੀ ਉਕਸਾਹਟ ਨਾਲ ਇਲਾਕਾ ਸਿੰਧ, ਜ਼ਿਲਾ ਮੁਲਤਾਨ ਦੇ ਸਰਗੋਧਾ ਡਵੀਜ਼ਨ ਨੂੰ ਪੰਜਾਬ ਨਾਲੋਂ ਵਖੇਰਨ ਲਈ ਦੂਜਾ ਸਰਾਇਕੀ ਜ਼ਬਾਨ ਦੇ ਨਾਂ ਤੇ ਵੱਖਰਾ ਸੂਬਾ ਬਣਨ ਦਾ ਝਗੜਾ ਖੜਾ ਕੀਤਾ ਗਿਆ, ਤਾਕਿ ਪੰਜਾਬ ਤੇ ਪੰਜਾਬੀਅਤ ਦੇ ਨਾਲ ਇਸ ਨਵੇਂ ਸੂਬੇ ਦਾ ਕੋਈ ਸੰਬੰਧ ਨਾ ਰਹੇ, ਇਸੇ ਕਾਰਣ ਮੁਲਤਾਨ ਤੇ ਬਹਾਵਲਪੁਰ ਰੇਡੀਓ ਸਟੇਸ਼ਨਾਂ ਤੋਂ ਪੰਜਾਬੀ ਜ਼ਬਾਨ ਤੋਂ ਵਿਰੁਧ ਪ੍ਰਾਪੇਗੰਡਾ ਪੂਰੇ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ ਗਿਆ। ਮੁੱਢ ਇਸ ਤਕਾਜ਼ੇ ਦਾ ਇਹ ਸੀ ਕਿ ਪਾਕਿਸਤਾਨ ਬਣਨ ਤੇ ਮਿਸਟਰ ਜਿਨਾਹ ਦੇ ਪੁੱਛਣ ਤੇ ਨਵਾਬ ਬਹਾਵਲਪੁਰ ਨੇ ਸਿਰਫ ਇਹ ਸੋਭਾ ਖੱਟਣ ਲਈ ਕਿ ਉਹੀ ਪੱਕਾ ਮੁਸਲਮਾਨ ਹੋਣ ਦੇ ਨਾਤੇ ਪਾਕਿਸਤਾਨ ਦਾ ਪੂਰਾ ਪੂਰਾ ਹਾਮੀ ਹੈ, ਇਸ ਲਈ ਉਸ ਦੀ ਰਿਆਸਤ ਬਹਾਵਲਪੁਰ ਸਰਕਾਰ ਪਾਕਿਸਤਾਨ ਦਾ ਅੰਗ ਬਣਾ ਦਿੱਤੀ ਜਾਵੇ ਪਰ ਪਿਛੋਂ ਜਦ ਰਿਆਸਤ ਬਹਾਵਲਪੁਰ ਦੇ ਪਾਕਿਸਤਾਨ ਵਿਚ ਮਿਲਣਸਾਰ ਨਵਾਬ ਦੇ ਸਾਰੇ ਰਾਜਸੀ ਅਧਿਕਾਰ ਖੁੱਸ ਗਏ ਤੇ ਉਸ ਦੀ ਕਰੰਸੀ ਬਣਨੀ ਤੇ ਚਲਣੀ ਵੀ ਬੰਦ ਹੋ ਗਈ। ਨਾਲੇ ਸਾਰੀ ਫੌਜ ਤੋੜ ਦਿੱਤੀ ਗਈ ਤੇ ਪੁਰਾਣੇ ਸਰਕਾਰੀ ਅਹਿਲਕਾਰ ਸਾਰੇ ਅਹੁਦਿਆਂ ਤੋਂ ਹਟਾਏ ਜਾਣ ਤੇ ਉਨ੍ਹਾਂ ਦੀ ਥਾਵੇਂ ਨਵੇਂ ਅਧਿਕਾਰੀ ਨਿਯੁਕਤ ਹੋ ਗਏ ਤੇ ਇਸ ਹਾਲਤ ਵਿਚ ਨਵਾਬ ਦੀ ਹਾਲਤ ਜਦ ਆਮ ਰਿਆਇਆ ਦੇ ਲੋਕਾਂ ਵਰਗੀ ਬਣੀ ਨਜ਼ਰ ਆਈ ਤਾਂ ਅੱਗੋਂ ਨਵਾਬਜ਼ਾਦਿਆਂ ਦੇ ਖਫ਼ਾ ਹੋਣ ਤੇ ਬੁੱਢਾ ਨਵਾਬ ਖੁਦ ਤਾਂ ਡਰਦਾ ਮਾਰਿਆ ਵਿਲਾਇਤ ਜਾ ਵੜਿਆ ਤੇ ਪਿਛੋਂ ਉਸ ਦੇ ਜਾ-ਨਸ਼ੀਨਾ ਨੇ ਆਪਣੀ ਚੌਧਰ ਕਾਇਮ ਕਰਨ ਲਈ ਮੁਲਤਾਨ, ਝੰਗ, ਸਰਗੋਧਾ ਤੇ ਇਲਾਕਾ ਸਿੰਧ ਨੂੰ ਇਕ ਲੜੀ ਵਿਚ ਪਰੋ ਕੇ ਨਵਾਂ ਸਰਾਇਕੀ ਬੋਲੀ ਬੋਲਦਾ ਸੂਬਾ ਬਣਾਨ ਦਾ ਮਨਸੂਬਾ ਬਣਾਇਆ, ਜਿਸ ਨੂੰ ਉਨ੍ਹਾਂ ਨੇ ਜ਼ੋਰ ਲਾ ਕੇ ਛੇਤੀ ਹੀ ਅਮਲੀ ਜਮਾ ਵੀ ਪਹਿਨਾਂ ਦਿੱਤਾ। ਹੁਣ ਇਸੇ ਕਾਰਣ ਮੁਲਤਾਨ ਤੇ ਬਹਾਵਲਪੁਰ ਰੇਡੀਓ ਦੋਵੇਂ ਹਮੇਸ਼ਾ ਪੰਜਾਬੀ ਜ਼ਬਾਨ ਤੋਂ ਉਲਟ ਸਰਾਇਕੀ ਜ਼ਬਾਨ ਦਾ ਪ੍ਰਾਪੇਗੰਡਾ ਹੁੰਦਾ ਹੈ, ਜੋ ਪੰਜਾਬ ਅਤੇ ਪੰਜਾਬੀਅਤ ਦੀ ਏਕਤਾ ਦੇ ਵਿਰੁਧ ਹੈ।

ਸਰਾਇਕੀ ਜ਼ਬਾਨ ਪੰਜਾਬੀ, ਲਹਿੰਦੀ ਤੇ ਸਿੰਧੀ ਦਾ ਇਕ ਅਜੇਹਾ ਰਲਗੱਡ ਰੂਪ ਹੈ, ਜਿਸ ਨੂੰ ਕਿਸੇ ਪੱਖੋਂ ਵੀ ਪੰਜਾਬ ਦੇ ਸਭਿਆਚਾਰ ਦਾ ਅੰਗ ਨਹੀਂ ਮਿਥਿਆ ਜਾ ਸਕਦਾ। ਜੇ ਉਹ ਸਿੰਧੀ ਜ਼ਬਾਨ ਤੋਂ ਅਲੱਗ ਹੋ ਜਾਵੇ ਤਾਂ ਫੇਰ ਇਕ ਉਪ-ਬੋਲੀ ਰਹਿ ਜਾਣ ਕਾਰਣ ਹਾੜੀ, ਪੋਠੋਹਾਰੀ, ਡੋਗਰੀ, ਝਾਂਗੀ, ਲਹਿੰਦੀ, ਮਾਝੀ, ਦੁਆਬੀ ਤੇ ਮਲਵਈ ਦੀ ਤਰ੍ਹਾਂ ਹੀ ਪੰਜਾਬੀ ਦਾ ਇਕ ਉਪ-ਬੋਲੀ ਰੂਪ ਅੰਗ ਮੰਨੀ ਜਾ ਸਕਦੀ ਹੈ, ਵੈਸੇ ਸਵਤੰਤਰ ਰੂਪ ਵਿਚ ਉਸ ਦੀ ਕੋਈ ਵੀ ਨਿਸਚਿਤ ਹੋਂਦ ਸਾਬਤ ਨਹੀਂ ਹੁੰਦੀ।

ਪੰਜਾਬੀ ਜ਼ਬਾਨ, ਜਿਵੇਂ ਕਿ ਪਹਿਲਾਂ ਹੀ ਦੱਸਿਆਂ ਗਿਆ ਹੈ, ਸਮੁੱਚੇ ਪੰਜਾਬ ਦੀ ਮਾਦਰੀ ਜ਼ਬਾਨ ਹੈ, ਤੇ ਇਹ ਜ਼ਬਾਨ ਕਿਸੇ ਵੀ ਇਲਾਕਾਬੰਦੀ ਦੇ ਪਿਤਲੱਗੂ-ਪਣ ਤੋਂ ਉਚੇਰੀ ਹੋ ਕੇ ਉਸ ਸ਼ਾਹੀ ਸੈਨਾ ਦੀ ਹੈਸੀਅਤ ਰੱਖਦੀ ਹੈ ਜਿਸ ਵਿਚ ਸਾਰੇ ਸਿਪਾਹੀ ਕਿਸੇ ਇਕ ਪਰਿਵਾਰ, ਪਿੰਡ, ਇਲਾਕੇ, ਜ਼ਿਲੇ ਜਾਂ ਭੂ-ਖੰਡ ਦੀ ਉਪਜ ਨਿਪਜ ਨਹੀਂ ਹੁੰਦੇ ਸਗੋਂ ਹਰ ਥਾਂ ਤੋਂ ਬਾਕਾਇਦਾ ਬੜੇ ਸੁਹਜ-ਸਵਾਦ, ਕੱਦ-ਕਾਠ, ਵੀਰ-ਰਸੀ ਗੁਣ, ਸੁਭਾਉ, ਉਮਰ ਤੇ ਸਿਹਤ ਦੇ ਨੁਕਤਾ-ਨਿਗਾਹ ਤੋਂ ਬਾਕਾਇਦਾ ਭਰਤੀ ਕੀਤੇ ਹੁੰਦੇ ਹਨ। ਭਲਾ ਜੇ ਕਿਸੇ ਇਕ ਜਾਤ, ਪਿੰਡ, ਇਲਾਕਾ ਜਾਂ ਜ਼ਿਲੇ ਦੇ ਜਵਾਨ ਹੀ ਫੌਜ ਵਿਚ ਭਰਤੀ ਕੀਤੇ ਜਾਣ ਤੇ ਉਨ੍ਹਾਂ ਦੀਆਂ ਕੱਦ-ਕਾਠ, ਸਿਹਤ ਤੇ ਹੋਰ ਵੀਰ-ਰਸੀ ਖੂਬੀਆਂ ਨੂੰ ਪੇਸ਼ਿ-ਨਜ਼ਰ ਨਾ ਰੱਖਿਆ ਜਾਵੇ ਤਾਂ ਉਹ ਫੌਜ ਕਾਹਦੀ ਹੋਈ। ਉਹ ਤਾਂ ਕੇਵਲ ਤੋਕੜ ਜਾਂ ਸੰਢ ਕਿਸਮ ਦੀਆਂ ਗਊਆਂ ਦੀ ਤਰ੍ਹਾਂ ਇਕ ਪ੍ਰਕਾਰ ਦਾ ਵਾਧੂ ਜਿਹਾ ਰਾਮ-ਚੌਣਾ ਹੀ ਹੋਵੇਗੀ ਜਿਸ ਤੋਂ ਕਿਸੇ ਵੀ ਰਾਜ-ਸਮਾਜ ਦੀ ਭਲਾਈ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਲਈ ਜਿਸ ਤਰ੍ਹਾਂ ਚੰਗੇ ਜਵਾਨਾਂ ਦੀ ਭਰਤੀ ਹੋਣ ਤੇ ਇਕ ਸ਼ਾਨਦਾਰ ਫੌਜ ਬਣਦੀ ਹੈ, ਉਸੇ ਤਰ੍ਹਾਂ ਆਪਣੇ ਤੇ ਆਂਢ ਗੁਵਾਂਢ ਦੇ ਅੱਛੇ ਸਰਦੇ ਪੁਜਦੇ ਅਰਥ-ਭਰਪੂਰ ਸ਼ਬਦ ਲੈ ਕੇ ਹਮੇਸ਼ਾ ਕਿਸੇ ਜੰਗੀ ਜ਼ਬਾਨ ਦੀ ਸਿਰਜਨਾ ਹੋਇਆ ਕਰਦੀ ਹੈ। ਇਸੇ ਕਾਰਣ ਨਾ ਕੇਵਲ ਪੰਜਾਬੀ ਹੀ, ਸਗੋਂ ਆਂਢ ਗਵਾਂਢ ਦੀਆਂ ਹਿੰਦੀ, ਉਰਦੂ, ਰਾਜਸਥਾਨੀ ਆਦਿ ਜ਼ਬਾਨਾਂ ਦਾ ਵੀ ਇਹੋ ਹਾਲ ਹੈ। ਇਸ ਲਈ ਸ਼ਬਦ-ਚੋਣ ਦੇ ਨੁਕਤਾ-ਨਿਗਾਹ ਤੋਂ ਸਾਰੀਆਂ ਹੀ ਦੇਸੀ-ਵਿਦੇਸ਼ੀ ਜ਼ਬਾਨਾਂ ਇਕ ਦੂਜੇ ਇਲਾਕੇ ਜਾਂ ਦੇਸ਼ ਦੀਆਂ ਕਾਫ਼ੀ ਹੱਦ ਤਕ ਮੁਹਤਾਜ ਸਨ।

ਪੰਜਾਬ ਵਿਚ ਚਾਹੇ ਪੁਆਧੀ, ਮਲਵਈ, ਦੁਆਬੀ, ਪਹਾੜੀ, ਮਾਝੀ, ਪੋਠੋਹਾਰੀ, ਝਾਂਗੀ, ਮੁਲਤਾਨੀ, ਸਰਾਇਦੀ, ਡੋਗਰੀ ਗੁਜਰੀ ਆਦਿ ਕੋਈ ਵੀ ਉਪ-ਬੋਲੀ ਹੈ, ਉਹ ਸਰਬ-ਸਾਂਝੀ ਜ਼ਬਾਨ ਦਾ ਦਰਜਾ ਇਸ ਕਰਕੇ ਨਹੀਂ ਲੈ ਸਕਦੀ ਕਿ ਉਹ ਕਿਸੇ ਇਕ ਇਲਾਕੇ ਦੀ ਹੱਦਬੰਦੀ ਤੋਂ ਬਾਹਰ ਨਹੀਂ ਜਾ ਸਕਦੀ। ਇਸ ਲਈ ਸਾਰੇ ਇਲਾਕਿਆਂ ਦੇ ਚੋਣਵੇਂ ਫੌਜੀ ਜਵਾਨਾਂ ਵਾਂਗ ਜਿਸ ਬੋਲੀ ਵਿਚ ਇਨ੍ਹਾਂ ਸਾਰੇ ਹੀ ਇਲਾਕਿਆਂ ਦੇ ਚੋਣਵੇਂ ਲਫ਼ਜ਼ ਕੁਦਰਤੀ ਤੌਰ ਤੇ ਸ਼ਾਮਲ ਹਨ, ਉਹ ਸਰਬ ਸਾਂਝੀ ਪੰਜਾਬੀ (ਸਾਰੇ ਪੰਜਾਬ ਦੀ) ਮਾਦਰੀ ਜ਼ਬਾਨ ਹੈ, ਜਿਸ ਨੂੰ ਕਿਸੇ ਵੀ ਉਪ-ਬੋਲੀ ਦਾ ਅੰਗ ਨਹੀਂ ਮੰਨਿਆਂ ਜਾ ਸਕਦਾ। ਇਸ ਲਈ ਇਸ ਸਰਬ-ਸਾਂਝੀ ਮਾਤ—ਭਾਸ਼ਾ ਪੰਜਾਬੀ ਉਤੇ ਅਸੀਂ ਜਿਤਨਾ ਵੀ ਮਾਣ ਕਰੀਏ ਉਤਨਾ ਹੀ ਥੋੜਾ ਹੈ ਤੇ ਇਸੇ ਮਾਣ ਦੇ ਸਦਕੇ ਅਸੀਂ ਦੇਸ ਕੌਮ ਨੂੰ ਉਨਤ ਕਰ ਸਕਦੇ ਹਾਂ।

ਸ਼ੋਕਮਈ ਵਿਛੋੜਾ

ਮਾਰਕਸੀ ਪਾਰਟੀ ਦੇ ਉਘੇ ਨੇਤਾ, ਉਸਦੇ ਪੋਲਿਟ ਬਿਊਰੋ ਦੇ ਮੈਂਬਰ, ਪੱਛਮੀ ਬੰਗਾਲ ਦੇ ਖੱਬੇ ਮੁਹਾਜ਼ ਦੀ ਤਾਲਮੇਲ ਕਮੇਟੀ ਦੇ ਪ੍ਰਧਾਨ ਕਾਮਰੇਡ ਪਰਮੋਦ ਦਾਸ ਗੁਪਤਾ ਦੇ ਸਦੀਵੀ ਵਿਛੋੜਾ ਦੇ ਜਾਣ ਤੇ ਸਾਨੂੰ ਡੂੰਘਾ ਸਦਮਾ ਪੁਜਿਆ ਹੈ।

ਕਾਮਰੇਡ ਪਰਮੋਦ ਦਾਸ ਗੁਪਤਾ ਉਹ ਉਘੇ ਕਰਾਂਤੀਕਾਰੀ ਸਨ ਜਿਨਾਂ ਨੇ ਬਚਪਨ ਵਿਚ ਹੀ ਆਪਣੀ ਜ਼ਿੰਦਗੀ ਇਨਕਲਾਬੀ ਸਰਗਰਮੀਆਂ ਦੇ ਲੇਖੇ ਲਾ ਦਿਤੀ ਸੀ। ਉਦੋਂ ਤੀ ਲੈ ਕੇ ਅੰਤਮ ਸੁਆਸਾਂ ਤਕ ਉਹਨਾਂ ਦਾ ਜੀਵਨ ਇਨਕਲਾਬੀ ਲੜਾਈ ਲੜਦਿਆਂ ਗੁਜ਼ਰਿਆ। ਉਹਨਾਂ ਨੇ ਅਜ਼ਾਦੀ ਸੰਗਰਾਮ ਵਿਚ ਵੀ ਵੱਡਮੁਲਾ ਹਿਸਾ ਪਾਇਆ ਤੇ ਦੇਸ਼ ਦੇ ਅਜ਼ਾਦ ਹੋਣ ਤੋਂ ਪਿਛੋਂ ਵੀ ਜਨਤਾ ਦੀ, ਇਨਕਲਾਬ ਦੀ ਲੜਾਈ ਜਾਰੀ ਰੱਖੀ। ਅਨੇਕਾਂ ਵਾਰ ਜੇਲ੍ਹ ਯਾਤਰਾ ਕੀਤੀ। ਪੱਛਮੀ ਬੰਗਾਲ ਦੇ ਖੱਬੇ ਮੋਰਚੇ ਦੀ ਤਾਲਮੇਲ ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਵਿਚ ਉਹਨਾਂ ਨੇ ਜਿਹੜੀ ਭੂਮਿਕਾ ਅਦਾ ਕੀਤੀ ਉਹ ਵੀ ਕਦੇ ਨਹੀਂ ਭੁਲਾਈ ਜਾ ਸਕੇਗੀ। ਉਹਨਾਂ ਦੇ ਦਿਹਾਂਤ ਨਾਲ ਖੱਬੇ ਅੰਦੋਲਨ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਪੱਛਮੀ ਬੰਗਾਲ ਦੀ ਜਨਤਾ ਨੂੰ ਅੱਜ ਉਹਨਾਂ ਦੀ ਅਗਵਾਈ ਦੀ ਉਚੇਚੀ ਲੋੜ ਸੀ ਪਰ ਅਫਸੋਸ ਕਿ ਉਹ ਇਸ ਅਗਵਾਈ ਤੋਂ ਵੰਚਿਤ ਹੋ ਗਈ।

ਗੁਰਮੁਖ ਤੇ ਮਨਮੁਖ ਦਾ ਭੇਦ

ਭਾਈ ਗੁਰਦਾਸ ਦੇ ਕਥਨ ਅਨੁਸਾਰ ਗੁਰਮੁਖ ਗੁਰਸਿਖ ਦੇ ਲੱਛਣ ਹਨ:—

"ਗੁਰੁ ਸਿੱਖੀ ਗੁਰ ਸਿਖ ਸੁਣਿ, ਅੰਦਰਿ ਸਿਆਣਾ ਬਾਹਰ ਭੋਲਾ।" ਅਰਥਾਤ ਉਹ ਅਕਲਮੰਦ ਆਦਮੀ, ਜੋ ਅੰਦਰੋਂ ਸਿਆਣਾ ਤੇ ਬਾਹਰੋਂ ਭੋਲਾ ਅਥਵਾ ਸਿੱਧਾ ਸਾਧਾ ਜਾਪੇ, ਅਸਲੋਂ ਗੁਰਸਿਖ ਜਾਂ ਗੁਰਮੁਖ ਹੁੰਦਾ ਹੈ। ਅਜਿਹੇ ਗੁਰਮੁਖ ਦੇ ਮੁਕਾਬਲੇ ਮਨਮੁਖ ਦੇ ਲੱਛਣ ਸਾਂਗ ਪਾਂਗ ਇਸ ਤੋਂ ਉਲਟ ਹੁੰਦੇ ਹਨ। ਜਿਵੇਂ ਕਿ ਗੁਰੂ ਨਾਨਕ ਦਾ ਕਥਨ ਹੈ— "ਨਾਨਕ ਮਨਮੁਖ ਏਹੁ ਗੁਣ ਬੋਲੇ ਸਦਾ ਵਿਣਾਸ" ਅਰਥਾਤ—ਮਨਮੁਖ ਆਦਮੀ ਹਮੇਸ਼ਾ ਮਾਇਆ ਦੇ ਮੋਹ ਵਿਚ ਫਸਿਆ ਹੋਣ ਕਾਰਨ ਹਰ ਪਲ, ਹਰ ਘੜੀ, ਹਰ ਗੱਲੇ ਆਪਣੇ ਸੁਆਰਥ ਨੂੰ ਮੁੱਖ ਰਖ ਕੇ ਵਿਅਰਥ ਬੋਲਦਾ ਤੇ ਲੋਕ-ਹਿਤਾਂ ਬਾਰੇ ਬੇ-ਪਰਵਾਹੀ ਵਰਤ ਕੇ ਜਨ-ਜੀਵਨ ਨੂੰ ਵਿਨਾਸ਼ ਵਲ ਧਕੇਲਦਾ ਰਹਿੰਦਾ ਹੈ। ਇਸ ਵਿਨਾਸ਼ਕਾਰੀ ਕੰਮ ਵਿਚ ਭਾਵੇਂ ਉਸ ਨੂੰ ਕੋਈ ਖਾਸ ਲਾਭ ਨਹੀਂ ਹੁੰਦਾ, ਪਰ ਉਹ ਕਪਟ-ਕਾਮਨਾ ਦੇ ਅਧੀਨ ਚੂਕਿ ਹਮੇਸ਼ਾ ਮਨ ਵਚਨ ਕਰਮ ਤੋਂ ਹਰੇ ਕ ਵਿਅਕਤੀ ਦਾ ਮੰਦਾ ਹੀ ਚਿਤਵਦਾ ਹੈ। ਇਸ ਲਈ ਉਸ ਤੋਂ ਕਦੇ ਕਿਸੇ ਭਲਿਆਈ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸੇ ਕਾਰਣ ਮਨਮੁਖ ਦੇ ਕੋਸ਼ੀ ਅਰਥ ਹਨ, ਮਨ ਦੀਆਂ ਕਪਟ ਕਾਮਨਾਂ ਨੂੰ ਮੁੱਖ ਰੱਖ ਕੇ ਕੀਤੇ ਹੋਏ ਕਪਟ ਦੇ ਕੰਮਾਂ ਦਾ ਅਪਰਾਧੀ ਮਨਮੁਖ ਦਾ ਦਿਲ ਚੂੰਕਿ ਪਾਪ ਦੇ ਧੂੰਏਂ ਨਾਲ ਧੁੰਦਲਾ ਹੋਣ ਦੇ ਕਾਰਣ ਦੇਸ-ਦੁਨੀਆਂ ਦੇ ਕੋੜੇ-ਪਣ ਦਾ ਪ੍ਰਤੀਕ ਹੁੰਦਾ ਹੈ।

.ਗੈਰ-ਕਾਨੂੰਨੀ ਇੰਮੀਗਰੈਂਟਾਂ ਨੂੰ ਆਮ ਮੁਆ.ਫ਼ੀ ਦਿਤੀ ਜਾਵੇ— ਸਲਾਹਕਾਰ ਕੌਂਸਲ ਦਾ ਸੁਝਾਅ

ਅਟਵਾ— ਕੈਨੇਡਾ ਦੇ ਇੰਮੀਗਰੇਸ਼ਨ ਮੰਤਰੀ ਮਿ. ਐਕਸਵਰਦੀ ਵਲੋਂ ਸਥਾਪਤ ਕੀਤੀ ਸਲਾਹਕਾਰ ਕੌਂਸਲ ਨੇ ਆਪਣੀ ਰੀਪੋਰਟ ਵਿਚ ਕਿਹਾ ਹੈ ਕਿ ਕੈਨੇਡਾ ਵਿਚ ਗ਼ੈਰਕਾਨੂੰਨੀ ਇੰਮੀਗਰੈਂਟਾਂ ਨੂੰ ਆਮ ਮੁਆਫ਼ੀ (Amnesty) ਦੇ ਦਿਤੀ ਜਾਵੇ।ਕੌਂਸਲ ਅਨੁਸਾਰ ਲਗਭਗ ਦੋ ਲੱਖ ਵਿਅਕਤੀ ਅਜਿਹੇ ਹਨ ਜੋ ਗ਼ੈਰਕਾਨੂੰਨੀ ਤੌਰ ਤੇ ਕੈਨੇਡਾ ਵਿਚ ਰਹਿ ਰਹੇ ਹਨ।

8 ਦਸੰਬਰ 1982 ਨੂੰ ਛਪੀ ਇਕ ਰੀਪੋਰਟ ਵਿਚ ਇੰਮਪਾਇਲੋਮੈਂਟ ਤੇ ਇੰਮੀਗਰੇਸ਼ਨ ਐਡਵਾਈਜਰੀ ਕੌਂਸਲ ਨੇ ਸਫਾਰਸ਼ ਕੀਤੀ ਹੈ ਕਿ ਸਰਕਾਰ ਅਜਿਹੀ ਆਮ ਮੁਆਫ਼ੀ ਦਾ ਪ੍ਰਬੰਧ ਕਰੇ ਜਿਸ ਨਾਲ ਗ਼ੈਰਕਾਨੂੰਨੀ ਇੰਮੀਗਰੈਂਟਾਂ ਨੂੰ ਤਿੰਨ ਸਾਲ ਦਾ ਵਕਤ ਦਿਤਾ ਜਾਵੇ ਕਿ ਉਹ ਆਪਣੀਆਂ ਅਰਜ਼ੀਆਂ ਭਰ ਸਕਣ।ਫਿਰ ਉਹਨਾਂ ਨੂੰ ਛੇ ਸਾਲ ਪਰੋਬੇਸ਼ਨ ਤੇ ਰੱਖਿਆ ਜਾਵੇ ਤੇ ਛੇ ਸਾਲਾਂ ਪਿਛੋਂ ਉਨ੍ਹਾਂ ਨੂੰ ਇੰਮੀਗਰੈਂਟ ਦੀ ਮੁਹਰ ਲਾਈ ਜਾਵੇ।

ਕੌਂਸਲ ਨੇ ਇਹ ਵੀ ਕਿਹਾ ਹੈ ਕਿ ਗ਼ੈਰਕਾਨੂੰਨੀ ਇੰਮੀਗਰੈਂਟਾਂ ਦੀ ਮੁਸ਼ਕਲ ਕਾਬੂ ਤੋਂ ਬਾਹਰ ਹੋ ਜਾਵੇਗੀ ਜੇਕਰ ਜਲਦੀ ਇਸ ਦਾ ਹੱਲ ਨਾ ਲੱਭਿਆ ਗਿਆ।

ਇਨ੍ਹਾਂ ਸੁਝਾਵਾਂ ਦਾ ਵੱਖ ਵੱਖ ਹਲਕਿਆਂ ਵਿਚ ਵੱਖ ਵੱਖ ਪ੍ਰਤੀਕਰਮ ਹੋਇਆ ਹੈ।

ਸਮਾਨਤਾ ਵਲੋਂ ਪ੍ਰਧਾਨ ਮੰਤਰੀ ਨੂੰ ਅਪੀਲ

ਵੈਨਕੂਵਰ — ਸਮਾਨਤਾ ਸੰਸਥਾ ਨੇ ਹੇਠ ਲਿਖਿਆ ਮਤਾ ਪਾਸ ਕਰਕੇ ਪ੍ਰਧਾਲ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਭੇਜਿਆ ਹੈ..,

"ਅਸੀਂ ਦਹੇਜ ਕਾਰਨ ਹੋਈਆਂ ਮੌਤਾਂ ਵਿਰੁਧ ਪ੍ਰੋਟੈਸਟ ਕਰਦੇ ਹਾਂ। ਇਹ ਅਣਮਨੁੱਖੀ ਜ਼ੁਲਮ ਭਾਰਤੀ ਔਰਤਾਂ ਵਿਰੁਧ ਬੰਦ ਕੀਤਾ ਜਾਣਾ ਚਾਹੀਦਾ ਹੈ। ਬੇਸ਼ੱਕ ਸਰਕਾਰੀ ਤੌਰ ਤੇ ਅਜਿਹੇ ਕਤਲਾਂ ਵਿਰੁਧ ਚਿੰਤਾ ਪ੍ਰਗਟ ਕੀਤੀ ਗਈ ਹੈ ਪਰ ਕੋਈ ਠੋਸ ਕਦਮ ਇਨ੍ਹਾਂ ਨੂੰ ਬੰਦ ਕਰਨ ਲਈ ਨਹੀਂ ਚੁਕਿਆ ਗਿਆ।

ਅਸੀਂ ਮੰਗ ਕਰਦੇ ਹਾਂ —

ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾਵਾਂ ਦੇਕੇ ਭਾਰਤ ਸਰਕਾਰ ਇਸ ਘੋਰ ਜ਼ੁਲਮ ਨੂੰ ਬੰਦ ਕਰੇ।

ਭਾਰਤ ਸਰਕਾਰ ਮੋਹੀ ਬੰਦ ਦਹੇਜ ਰੋਕੂ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕਰੇ।"

ਅਜਮੇਰ ਰੋਡੇ
ਵਾਸਤੇ ਸਮਾਨਤਾ

ਗੁਰਦੁਆਰਾ ਸਾਹਿਬ ਰੌਸ ਸਟਰੀਟ ਦੀਆਂ ਚੋਣਾਂ............

ਵੈਨਕੂਵਰ— 1982-83 ਦੇ ਨਵੇਂ ਸਾਲ ਲਈ ਸੰਗਤਾਂ ਵਲੋਂ ਚੋਣ ਵਿਚ ਹੇਠ ਲਿਖੇ ਸੇਵਾਦਾਰ ਚੁਣੇ ਗਏ :

ਭਾਈ	ਮੋਤਾ ਸਿੰਘ ਡੀਤਾ	ਪ੍ਰਧਾਨ
"	ਗੁਰਮੇਲ ਸਿੰਘ ਦੁਸਾਂਝ	ਮੀਤ-ਪ੍ਰਧਾਨ
"	ਚਰਨਜੀਤ ਸਿੰਘ ਦੁਸਾਂਝ	ਸਕੱਤਰ
"	ਗੁਰਦੇਵ ਸਿੰਘ ਬੈਂਸ	ਰੀਕਾਰਡਿੰਗ ਸਕੱਤਰ
"	ਸਰਵਜੀਤ ਸਿੰਘ ਤੂਰ	ਰੀਕਾਰਡਿੰਗ ਸਕੱਤਰ
"	ਪਰਦੁੱਮਣ ਸਿੰਘ ਹੁੰਦਲ	ਖਜ਼ਾਨਚੀ
"	ਗੁਰਮੁਖ ਸਿੰਘ ਗਿੱਲ	ਮੀਤ-ਖਜ਼ਾਨਚੀ
"	ਕੁੰਦਨ ਸਿੰਘ ਸੱਜਨ	ਮੈਂਬਰ
"	ਮੁਹਿੰਦਰ ਸਿੰਘ ਬਰਾੜ	ਮੈਂਬਰ
"	ਬਲਬੀਰ ਸਿੰਘ ਸਹੋਤਾ	ਮੈਂਬਰ
"	ਅਵਤਾਰ ਸਿੰਘ(ਮਲਕੀਤ) ਸਮਰਾ	ਮੈਂਬਰ

ਗੁਰਦਿਆਲ ਸਿੰਘ ਤੇਜਾ ਸਵਰਗਵਾਸ

ਵੈਨਕੂਵਰ— ਜੀ. ਐਸ. ਤੇਜਾ ਕੰਪਨੀ ਦੇ ਮਾਲਕ ਗੁਰਦਿਆਲ ਸਿੰਘ ਤੇਜਾ ਸ਼ਨਿਚਰਵਾਰ, 11 ਦਸੰਬਰ 1982 ਸ਼ਾਮ ਦੇ ਤਿੰਨ ਵਜੇ ਦਿਲ ਦੇ ਧੜਕਣ ਬੰਦ ਹੋ ਜਾਣ ਕਾਰਨ ਸਵਰਗਵਾਸ ਹੋ ਗਏ ਹਨ। ਸ੍ਰੀ ਤੇਜਾ ਪੰਜਾਬੀ ਕਮਿਊਨਿਟੀ ਵਿਚ ਜਾਣੇ ਪਹਿਚਾਣੇ ਵਿਅਕਤੀ ਸਨ ਤੇ ਵਪਾਰਕ ਹਲਕਿਆ ਵਿਚ ਉਨ੍ਹਾਂ ਦਾ ਨਾਂ ਮਾਣ ਨਾਲ ਲਿਆ ਜਾਂਦਾ ਹੈ।

'ਕੈਨੇਡਾ ਦਰਪਣ' ਸ੍ਰੀ ਤੇਜਾ ਦੇ ਪਰਵਾਰ ਨਾਲ ਇਸ ਔਖੀ ਘੜੀ ਸਮੇਂ ਉਨ੍ਹਾਂ ਦੇ ਦੁਖ ਵਿਚ ਸ਼ਾਮਲ ਹੈ।

ਪੰਜਾਬੀ ਮਾਰਕਿਟ ਬਾਰੇ ਫ਼ਿਲਮ "The Little India"

ਵੈਨਕੂਵਰ— ਸ੍ਰੀ ਸੁੱਚਾ ਸਿੰਘ ਕਲੇਰ ਪ੍ਰਧਾਨ ਪੰਜਾਬੀ ਮਾਰਕਿਟ ਐਸੋਸੀਏਸ਼ਨ ਨੇ ਸੂਚਨਾ ਦਿਤੀ ਹੈ ਕਿ ਸੀ. ਬੀ. ਸੀ. ਦੇ ਚੈਨਲ ਦੋ ਤੇ 23 ਦਸੰਬਰ 1982 ਨੂੰ ਸ਼ਾਮ ਦੇ ਸਾਢੇ ਸੱਤ ਵਜੇ ਪੰਜਾਬੀ ਮਾਰਕਿਟ ਬਾਰੇ ਫਿਲਮ ਸੀ. ਬੀ. ਸੀ. ਵਲੋਂ ਦਿਖਾਈ ਜਾਵੇਗੀ।

ਇਹ ਫਿਲਮਾਂ ਦੀ ਲੜੀ ਐਥਨਿਕ ਗਰੁਪਾਂ ਤੇ ਨਿਰਭਰ ਹੈ ਜਿਸ ਵਿਚ ਭਾਰਤੀ, ਅਤਾਲਵੀ, ਗਰੀਸ, ਜਪਾਨੀ ਤੇ ਚੀਨੀ ਆਦਿ ਸ਼ਾਮਲ ਹਨ। ਇਹ ਲੜੀ ਐਨ ਪੈਟਰੀ ਤੇ ਆਧਾਰਿਤ ਹੈ।

ਹਿੰਦ ਅਮਰੀਕਾ ਤੋਂ ਹੋਰ ਕਣਕ ਖ਼ਰੀਦੇਗਾ

ਵਾਸ਼ਿੰਗਟਨ :— ਹਿੰਦ ਨੇ ਅਮਰੀਕਾ ਕੋਲੋਂ 14.5 ਲਖ ਟਨ ਕਣਕ 243.9 ਮਿਲੀਅਨ ਡਾਲਰ ਦੇ ਲਗਪਗ ਕੁਲ ਕੀਮਤ ਉਤੇ ਅਮਰੀਕਾ ਕੋਲੋਂ ਹੋਰ ਖਰੀਦਣ ਦੇ ਠੇਕਿਆਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਕੱਲ੍ਹ ਵੱਖ ਵੱਖ ਬੋਲੀਆਂ ਵਿਚ 11 ਟੈਂਡਰ ਸਵੀਕਾਰ ਕੀਤੇ ਗਏ, ਜਿਹਨਾਂ ਅਨੁਸਾਰ ਕਣਕ ਜਨਵਰੀ ਤੋਂ ਮਈ ਮਹੀਨੇ ਤਕ ਹਿੰਦ ਪੁਚਾਈ ਜਾਵੇਗੀ। ਇਹ ਕਣਕ ਬਫਰ ਸਟਾਕ ਲਈ ਮੰਗਵਾਈ ਜਾ ਰਹੀ ਹੈ।

ਅਗਸਤ ਮਹੀਨੇ ਵਿਚ ਹਿੰਦ ਨੇ ਅਮਰੀਕਾ ਕੋਲੋਂ 410 ਮਿਲੀਅਨ ਡਾਲਰਾਂ ਦੀ ਕੀਮਤ ਤੇ 25 ਲੱਖ ਟਨ ਕਣਕ ਖਰੀਦੀ ਸੀ।

ਕੈਨੇਡਾ ਦੇ ਪੰਜਾਬੀ ਲੇਖਕਾਂ ਦੇ ਧਿਆਨ ਯੋਗ

"ਦਾ ਟਰਾਂਟੋ ਸਾਊਥ ਏਸ਼ੀਅਨ ਰੀਵਿਊ"(The Toronto South Asian Review) ਜੋ ਕਿ ਟਰਾਂਟੋ ਤੇ ਛਪਦਾ ਹੈ ਅਤੇ ਜਿਸ ਵਿਚ ਕੈਨੇਡਾ ਭਰ ਦੇ ਵੱਖ ਵੱਖ ਭਾਰਤੀ ਜ਼ੁਬਾਨਾਂ ਦੇ ਲੇਖਕਾਂ ਦੀਆਂ ਰਚਨਾਵਾਂ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਛਾਪਣ ਦਾ ਯਤਨ ਹੈ ਤਾਂ ਜੋ ਸਾਡਾ ਸਾਹਿਤ ਤੇ ਸਭਿਆਚਾਰ ਦੀ ਝਲਕ ਅੰਗਰੇਜ਼ੀ-ਭਾਸ਼ੀ ਲੋਕਾਂ ਤਕ ਪਹੁੰਚ ਸਕੇ। ਇਸ ਮੈਗਜ਼ੀਨ ਦੇ ਸਾਲ ਵਿਚ ਤਿੰਨ ਅੰਕ ਨਿਕਲਦੇ ਹਨ। ਸਾਲ 1981 ਦੇ ਤਿੰਨੇ ਅੰਕ ਨਿਕਲ ਚੁਕੇ ਹਨ ਜੇ ਕੋਈ ਲੇਖਕ ਇਨਾਂ ਦੀਆਂ ਕਾਪੀਆਂ ਮੰਗਵਾਉਣਾ ਚਾਹੇ ਤਾਂ ਹੇਠਾਂ ਲਿਖੇ ਪਤੇ ਉਤੇ ਚੰਦਾ ਭੇਜ ਸਕਦਾ ਹੈ। ਚੰਦਾ ਹੈ, ਪੰਦਰਾਂ ਡਾਲਰ ਸਲਾਨਾ।

ਪੰਜਾਬੀ ਲੇਖਕਾਂ ਲਈ ਖੁਸ਼ਖਬਰੀ ਦੀ ਗੱਲ ਤਾਂ ਹੈ ਕਿ "ਦਾ ਟਰਾਂਟੋ ਸਾਊਥ ਏਸ਼ੀਅਨ ਰੀਵਿਊ" ਦਾ ਮਾਰਚ-ਅਪ੍ਰੈਲ 1983 ਦਾ ਅੰਕ ਵਿਸ਼ੇਸ਼ ਪੰਜਾਬੀ ਅੰਕ ਹੋਏਗਾ। ਇਸ ਲਈ ਸਾਰੇ ਕੈਨੇਡਾ ਵਾਸੀ ਪੰਜਾਬੀ ਲੇਖਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਰਚਨਾਵਾਂ -ਕਹਾਣੀਆਂ, ਕਵਿਤਾਵਾਂ, ਨਾਟਕ ਆਦਿ ਪੰਜਾਬੀ ਵਿਚ ਜਾਂ ਅਨੁਵਾਦ ਰੂਪ ਵਿਚ ਭੇਜਣ ਦੀ ਕ੍ਰਿਪਾਲਤਾ ਕਰਨ। 30 ਜਨਵਰੀ 1983 ਤਕ ਰਚਨਾਵਾਂ ਪਹੁੰਚ ਜਾਣੀਆਂ ਚਾਹੀਦੀਆਂ ਹਨ। ਤੁਸਾਂ ਪਹਿਲਾਂ ਵੀ ਮੈਨੂੰ ਕਈ ਸਾਹਿਤਕ ਪ੍ਰਾਜੈਕਟਾਂ ਜਿਵੇਂ ਕਿ Contemporary Literature in Translation's Punjabi Issue ; Modern Punjabi Poetry— An Anthology in English Translation ; and The Survey of the literature of the Canadian of South Asian Origin ਵਿਚ ਭਰਪੂਰ ਸਹਿਯੋਗ ਦਿਤਾ ਹੈ। ਮੈਨੂੰ ਪੂਰੀ ਆਸ ਹੈ ਕਿ ਇਸ ਵਾਰ ਵੀ ਤੁਸੀਂ ਮੈਨੂੰ ਆਪਣਾ ਪੂਰਾ ਸਹਿਯੋਗ ਦਿਓਗੇ ਅਤੇ ਆਪਣੀਆਂ ਰਚਨਾਵਾਂ ਛੇਤੀ ਤੋਂ ਛੇਤੀ ਭੇਜਣ ਦੀ ਖੇਚਲ ਕਰੋਗੇ।

ਧੰਨਵਾਦ ਸਾਹਿਤ ਤੇ ਨਵੇਂ ਸਾਲ ਦੀਆਂ ਸ਼ੁਭ ਇਛਾਵਾਂ ਨਾਲ

ਸੁਰਜੀਤ ਕਲਸੀ
ਐਸੋਸੀਏਟ ਐਡੀਟਰ, ਵੈਨਕੂਵਰ
The Toronto South Asian Review
P.O.BOX 6996 St. "A", Toronto
Ontario M5W 1X7, Canada.

ਗੁਰਦੁਆਰਾ ਸਾਹਿਬ ਰੌਸ ਸਟਰੀਟ ਵਿਚ ਮਾਤਾ ਜਸਵੰਤ ਕੌਰ ਲਈ ਅੰਤਮ ਅਰਦਾਸ

ਵੈਨਕੂਵਰ— ਸ਼ਨਿਚਰਵਾਰ 11 ਦਸੰਬਰ 1982 ਨੂੰ ਸ਼ਾਮ ਦੇ ਦੋ ਵਜੇ ਦੇਸ਼ ਭਗਤ ਪਰਵਾਰ, ਵੈਨਕੂਵਰ ਤੇ ਬਾਹਰਲੇ ਸ਼ਹਿਰਾਂ ਤੋਂ ਆਈਆਂ ਸੰਗਤਾਂ ਮਾਤਾ ਜਸਵੰਤ ਕੌਰ ਜੀ ਲਈ ਅੰਤਮ ਅਰਦਾਸ ਵਿਚ ਸ਼ਾਮਲ ਹੋਏ।

ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸ. ਬਲਬੀਰ ਸਿੰਘ ਹੋਰਾਂ ਮਾਤਾ ਜੀ ਦੇ ਜੀਵਨ ਬਾਰੇ ਵਾਕਫੀ ਦਿਤੀ ਤੇ ਦੇਸ਼ ਭਗਤ ਪਰਵਾਰ ਵਲੋਂ ਬੀਬੀ ਸੀਤਲ ਨੇ ਦੱਸਿਆ ਕਿ ਮਾਤਾ ਜੀ ਇਕ ਬਹੁਤ ਵੱਡੇ ਪਰਵਾਰ ਨਾਲ ਸਬੰਧਤ ਸਨ ਤੇ ਹਰ ਇਕ ਦੀ ਮਦਦ ਕਰਨਾ ਉਨਾਂ ਦਾ ਜੀਵਨ ਉਦੇਸ਼ ਸੀ। ਮਾਤਾ ਜੀ, ਬਾਬਾ ਨਿਰੰਜਣ ਸਿੰਘ ਪੰਡੋਰੀ, ਜੋ ਕਿ ਗ਼ਦਰ ਪਾਰਟੀ ਦੇ ਬਾਨੀਆਂ ਵਿਚੋਂ ਸਨ ਦੇ ਪਰਵਾਰ ਦੇ ਪਰਮੁਖ ਵਿਅਕਤੀ ਸਨ।

ਬੀਮਾਰੀ ਦੌਰਾਨ ਹਸਪਤਾਲ ਵਿਚ ਵੀ ਉਨ੍ਹਾਂ ਦਾ ਨਰਸਾਂ ਨਾਲ ਅੰਤਾਂ ਦਾ ਮੋਹ ਸੀ। ਬੀਬੀ ਸੀਤਲ ਨੇ ਦੱਸਿਆ ਕਿ ਉਨ੍ਹਾਂ ਦੇ ਪਰਵਾਰ ਨੂੰ ਇਕ ਸਾਲ ਵਿਚ ਦੋ ਪਿਆਰੀਆਂ ਸ਼ਖਸ਼ੀਅਤਾਂ ਦਾ ਵਿਛੋੜਾ ਝੱਲਣਾ ਪਿਆ — ਤਸੰਬਰ 13, 1981 ਨੂੰ ਇਸ ਪਰਵਾਰ ਨਾਲ ਸਬੰਧਤ ਸ: ਮੂਲਾ ਸਿੰਘ ਜੀ ਹੋਰੀ ਅਕਾਲ ਚਲਾਣਾ ਕਰ ਗਏ ਸਨ ਜਿਨ੍ਹਾਂ ਦਾ ਨਾਂ ਸਾਰੀ ਕਮਿਊਨਿਟੀ ਵਿਚ ਮਾਣ ਨਾਲ ਲਿਆ ਜਾਂਦਾ ਹੈ।

ਸ੍ਰੀ ਸੋਹਣ ਸੁਰਿੰਦਰ ਸਿੰਘ ਸੰਘਾ ਨੇ ਦੇਸ਼ ਭਗਤ ਪਰਵਾਰ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਅੰਤਕ ਅਰਦਾਸ ਸਮੇਂ ਪਰਵਾਰ ਵਲੋਂ " ਗੁਰਦੁਆਰਾ ਸਾਹਿਬ ਰੌਸ ਸਟਰੀਟ ਲਈ 525 ਡਾਲਰ ਤੇ ਹੋਲੀ ਫੈਮਿਲੀ ਹਸਪਤਾਲ ਲਈ 1500 ਡਾਲਰ ਦਾਨ ਕੀਤੇ ਗਏ।

"ਕੈਨੇਡਾ ਦਰਪਣ' ਲਈ ਵੀ ਸਹਾਇਤਾ ਦਿਤੀ ਗਈ। 'ਕੈਨੇਡਾ ਦਰਪਣ' ਦੇਸ਼ ਭਗਤ ਪਰਵਾਰ ਦਾ ਰਿਣੀ ਹੈ।

ਗੁਰਦੁਆਰਾ ਸਾਹਿਬ ਨੀਊਵੈਸਟ ਦੀਆਂ ਚੋਣਾਂ........

ਨੀਊਵੈਸਟਮਨਿਸਟਰ— ਐਤਵਾਰ 12 ਦਸੰਬਰ 1982 ਨੂੰ ਗੁਰਦੁਆਰਾ ਸਾਹਿਬ ਨੀਊਵੈਸਟ ਦੀਆਂ ਚੋਣਾਂ ਦੀ ਕਾਰਵਾਈ ਮੁਕੰਮਲ ਹੋਈ। 12 ਦਸੰਬਰ 1982 ਤੋਂ ਪਹਿਲਾਂ ਹੀ ਸਰਬਸੰਮਤੀ ਨਾਲ ਚੁਣੇ ਗਏ। ਸੇਵਾਦਾਰ ਹਨ :

ਭਾਈ ਰਘਬੀਰ ਸਿੰਘ ਗਰੇਵਾਲ	ਪ੍ਰਧਾਨ
ਭਾਈ ਦਿਲਬਾਗ ਸਿੰਘ ਗਿੱਲ	ਮੀਤ-ਪ੍ਰਧਾਨ
ਭਾਈ ਸੁਖਪਾਲ ਸਿੰਘ ਕੈਂਥ	ਮੀਤ-ਸਕੱਤਰ
ਭਾਈ ਗੁਰਮੇਲ ਸਿੰਘ ਟਿਵਾਣਾ	ਖਜ਼ਾਨਚੀ
ਭਾਈ ਨਾਹਰ ਸਿੰਘ ਗਰੇਵਾਲ	ਮੀਤ-ਖਜ਼ਾਨਚੀ
ਭਾਈ ਬਚਿੱਤਰ ਸਿੰਘ ਬਰਾੜ	ਮੈਂਬਰ
ਭਾਈ ਜਾਗੀਰ ਸਿੰਘ ਦਾਖਾ	ਮੈਂਬਰ
ਭਾਈ ਨਰਿੰਦਰ ਸਿੰਘ ਭੁੱਲਰ	ਮੈਂਬਰ
ਭਾਈ ਮਲਕੀਤ ਸਿੰਘ ਹੇਅਰ	ਮੈਂਬਰ
ਭਾਈ ਭੁਪਿੰਦਰ ਸਿੰਘ ਦੁਸਾਂਝ (ਸਾਬਕਾ ਪ੍ਰਧਾਨ)	ਮੈਂਬਰ

ਕੇਵਲ ਸਕੱਤਰ ਦੀ ਸੇਵਾ ਲਈ ਸੰਗਤਾਂ ਵਲੋਂ ਚੋਣ ਕੀਤੀ ਗਈ ਜਿਸ ਵਿਚ ਭਾਈ ਜੋਗਿੰਦਰ ਸਿੰਘ ਜੋਲ ਨਵੇਂ ਸਕੱਤਰ ਚੁਣੇ ਗਏ। ਤੇ ਪਿਛਲੇ ਸਾਲ ਦੇ ਸਕੱਤਰ ਗੁਰਨਾਮ ਸਿੰਘ ਗਿੱਲ ਨੂੰ 642 ਵੋਟਾਂ ਪ੍ਰਾਪਤ ਹੋਈਆਂ ਜਦ ਕਿ ਜੋਗਿੰਦਰ ਸਿੰਘ ਜੌਹਲ ਨੂੰ 798, ਨੇ ਵੋਟਾਂ ਕੌਂਸਲ ਹੋਈਆਂ।

ਅਡਿਟ ਕਮੇਟੀ ਦੇ ਮੈਂਬਰ :

ਭਾਈ ਬਚਨ ਸਿੰਘ ਤੂਰ
ਭਾਈ ਗੁਰਚਰਨ ਸਿੰਘ ਸਿੱਧੂ
ਭਾਈ ਜੀਵਨ ਸਿੰਘ ਬਾਸੀ

ਇਹ ਕਮੇਟੀ 1 ਜਨਵਰੀ 1983 ਨੂੰ ਨਵੇਂ ਸਾਲ ਦੇ ਦਿਨ ਤੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਪ੍ਰਣ ਲਵੇਗੀ ਤੇ ਚਾਰਜ ਸੰਭਾਲੇਗੀ।

ਭਾਈ ਜੋਗਿੰਦਰ ਸਿੰਘ ਜੌਹਲ ਤੇ ਸਾਥੀਆਂ ਵਲੋਂ ਸੰਗਤਾਂ ਦਾ ਧੰਨਵਾਦ

ਨੀਊਵੈਸਟ ਗੁਰਦੁਆਰਾ ਸਾਹਿਬ ਦੀ ਸਕੱਤਰ ਦੀ ਸੇਵਾ ਜੋ ਸੰਗਤਾਂ ਵਲੋਂ ਦਾਸ ਨੂੰ ਸੌਂਪੀ ਗਈ ਹੈ ਦਾਸ ਸਭ ਸੰਗਤਾਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹੈ।

ਦਾਸ ਪੂਰੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਤੇ ਫੁਲ ਚੜ੍ਹਾਵੇਗਾ ਤੇ ਪੰਥ ਨੂੰ ਚੜ੍ਹਦੀ ਕਲਾ ਵਿਚ ਦੇਖਣ ਲਈ ਤਤਪਰ ਰਹੇਗਾ।

ਸੰਗਤਾਂ ਦਾ ਦਾਸ
ਜੋਗਿੰਦਰ ਸਿੰਘ ਜੌਹਲ

ਉਘੇ ਸੰਪਾਦਕ ਰਣਬੀਰ ਦਾ ਦਿਹਾਂਤ

ਦਿਲੀ - ਮਿਲਾਪ ਅਖਬਾਰ ਦੇ ਸੰਪਾਦਕ ਅਤੇ ਮਾਲਕ ਸ੍ਰੀ ਰਣਬੀਰ ਗੰਗਾ ਰਾਮ ਹਸਪਤਾਲ ਵਿਚ 5 ਦਿਨ ਬੀਮਾਰ ਰਹਿ ਕੇ ਦਿਹਾਂਤ ਪਾ ਗਏ ਹਨ। ਉਹਨਾਂ ਦੀਆਂ ਦੋਵੇਂ ਕਿਡਨੀਆਂ ਖਰਾਬ ਹੋ ਗਈਆਂ ਸਨ। 9 ਦਸੰਬਰ ਨੂੰ ਉਹਨਾਂ ਦੀ ਅਰਥੀ ਪਿਛੇ ਹਜ਼ਾਰਾਂ ਲੋਕ ਤੁਰੇ।

ਗਵਾਲੀਅਰ — ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਮੁਰਾਰ ਜੀ ਡਿਸਾਈ ਨੇ ਆਖਿਆ ਹੈ ਕਿ ਕੇਂਦਰੀ ਸਰਕਾਰ ਅਕਾਲੀ ਮੰਗਾਂ ਪ੍ਰਤੀ ਨਰਮੀ ਤੋਂ ਕੰਮ ਨਾ ਲਵੇ।

ਸ੍ਰੀ ਮੁਰਾਰ ਜੀ ਡਿਸਾਈ ਨੇ ਆਖਿਆ,"ਮੈਨੂੰ ਯਕੀਨ ਹੈ ਕਿ ਹੁਣ ਵੀ ਮੋਰਚਾ ਖਤਮ ਕਰਨ ਲਈ ਅਕਾਲੀਆਂ ਨੂੰ ਮਜਬੂਰ ਕਰ ਦਿੱਤਾ ਜਾਵੇਗਾ।

ਬੇਗ਼ਮ ਭੁੱਟੋ ਨੂੰ ਫੇਫੜਿਆਂ ਦਾ ਕੈਂਸਰ ਹੋਣਦੀ ਪੁਸ਼ਟੀ

ਮਿਊਨਿਖ - ਪਾਕਿਸਤਾਨ ਦੇ ਫਾਹੇ ਟੰਗੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਜ਼ੁਲਫੀਕਾਰ ਅਲੀ ਭੁੱਟੋ ਦੀ ਪਤਨੀ ਬੇਗਮ ਨੁਸਰਤ ਭੁੱਟੋ ਬਾਰੇ, ਡਾਕਟਰਾਂ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਉਸ ਨੂੰ ਫੇਫੜਿਆਂ ਦਾ ਕੈਂਸਰ ਹੈ।

ਸਰੇ-ਬਾਜ਼ਾਰ ਕਤਲ

ਅੰਮ੍ਰਿਤਸਰ — ਨਿਹੰਗ ਭਾਗ ਸਿੰਘ ਨੂੰ ਸਰੇ-ਬਾਜ਼ਾਰ ਕਤਲ ਕਰਨ ਦੇ ਦੋਸ਼ ਵਿਚ ਰਣਜੀਤ ਸਿੰਘ ਅਤੇ ਅਮਰ ਬਹਾਦਰ ਸਿੰਘ ਦੋ ਸਕੇ ਭਰਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

JIM PATTISON
Pontiac Buick
GMC TRUCKS

JIM PATTISON ON MAIN

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ,
ਟਰੱਕ, ਵੈਨਾਂ ਅਤੇ 4×4 ਜਿਮੀ ਲੈਣ ਲਈ ਤੁਹਾਡੇ ਜਾਣੇ
ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੂਨ ਕਰੋ

GM

SERVICE AFTER SALE

BUS. 879-4233 3434 MAIN ST. VANCOUVER, B.C. RES. 435-1834


PARLAD GILL

ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਵਲੋਂ ਸਰੀ ਵਿਚ ਪਿਕਟ ਲਾਈਨ ਤੇ ਰੈਲੀ

ਸਰੀ— ਬੀ. ਸੀ. ਦੇ ਵਿਦਿਆ ਮੰਤਰੀ ਬਿਲ ਵੈਂਡਰਜ਼ਾਮ ਨੇ ਇੰਮੀਗਰੈਂਟ ਲੋਕਾਂ ਦੀ ਭਿਲਾਈ ਲਈ ਚਾਲੂ ਕੀਤੇ ਫੰਡਾਂ ਦੀ ਕਟੌਤੀ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਉਹ "ਪੂਰੀ ਤਰ੍ਹਾਂ" ਇਸ ਫੈਸਲੇ ਦੇ ਹੱਕ ਵਿਚ ਹੈ ਕਿ ਬੱਚਿਆਂ ਦੀ ਦੇਖਭਾਲ ਦੀ ਕੋਈ ਲੋੜ ਨਹੀਂ ਜਿਨ੍ਹਾਂ ਦੇ ਮਾਪੇ ਅੰਗਰੇਜ਼ੀ ਸਿਖਣ ਦੀਆਂ ਜਮਾਤਾਂ ਲਾਉਂਦੇ ਹਨ।

ਵਿਦਿਆ ਮੰਤਰੀ ਨੇ ਕਿਹਾ 'ਇਸ ਸਮੇਂ ਅਜਿਹੀ ਮੰਗ ਨੂੰ ਚੋਟੀ ਤੇ ਨਹੀਂ ਰੱਖਿਆ ਜਾ ਸਕਦਾ। ਮੈਂ ਵੀ ਅੰਗਰੇਜ਼ੀ ਆਪਣੇ ਆਪ ਸਿੱਖੀ ਹੈ ਤੇ ਮੇਰੇ ਟੱਬਰ ਦੇ ਹੋਰ ਮੈਂਬਰਾਂ ਨੇ ਵੀ।'

ਵੈਂਡਰਜ਼ਾਮ ਨੇ ਇਹ ਗੱਲਾਂ ਉਸ ਸਮੇਂ ਕਹੀਆਂ ਜਿਸ ਸਮੇਂ ਬੀ. ਸੀ. ਓ. ਐਫ. ਆਰ. ਵਲੋਂ ਉਨ੍ਹਾਂ ਦੇ ਦਫਤਰ ਸਾਹਮਣੇ ਸਰੀ ਵਿਚ ਪਿਕਟ ਲਾਈਨ ਲਾਈ ਗਈ ਤੇ ਰੈਲੀ ਕੀਤੀ ਗਈ। 4 ਦਸੰਬਰ, 1982 ਨੂੰ ਦੁਪਹਿਰ ਪਿਛੋਂ ਨਸਲਵਾਦ ਵਿਰੋਧੀ ਸੰਸਥਾ ਨੇ ਇਹ ਪਿਕਟ ਲਾਈਨ ਲਗਾਈ ਸੀ ਤਾਂ ਕਿ ਵਿਦਿਆ ਮੰਤਰੀ ਦੇ ਕੰਨਾਂ ਤੱਕ ਆਵਾਸੀਆਂ ਦੀ ਇਹ ਮੰਗ ਪੁਚਾਈ ਜਾ ਸਕੇ।

ਅੰਗਰੇਜ਼ੀ ਟਰੇਨਿੰਗ ਸਮੇਂ 20 ਲੈਸਨਾਂ ਤੇ 20 ਡਾਲਰ ਖਰਚ ਆਉਂਦਾ ਹੈ ਜੋ ਸੈਸ਼ਨ ਢਾਈ ਢਾਈ ਘੰਟੇ ਦੇ ਹੁੰਦੇ ਹਨ।

ਸ੍ਰੀ ਚਰਨਪਾਲ ਗਿੱਲ ਨੇ ਕਿਹਾ ਕਿ ਜਿਨ੍ਹਾਂ ਤੇ ਇਹ ਕਟੌਤੀਆਂ ਦਾ ਅਸਰ ਪੈਣਾ ਹੈ, ਉਨ੍ਹਾਂ ਲਈ ਇਹ ਮੁਕੰਮਲ ਤੌਰ ਤੇ ਮਾਰੂ ਹਨ।

ਸ੍ਰੀ ਗਿੱਲ ਨੇ ਵਿਦਿਅਕ ਮਹਿਕਮੇ ਦੇ ਇਸ ਫੈਸਲੇ ਨੂੰ ਅਦਾਰਕ ਨਸਲਵਾਦ ਦਾ ਨਾਂ ਦਿੰਦਿਆਂ ਕਿਹਾ ਕਿ ਇਹ ਟੇਢੇ ਢੰਗ ਨਾਲ ਆਵਾਸੀਆਂ ਨਾਲ ਨਸਲੀ ਵਿਤਕਰਾ ਹੈ। ਉਨਾਂ ਦੱਸਿਆ ਕਿ ਇਹ ਕਟੌਤੀਆਂ ਦਾ ਅਸਰ 3,000 ਬੀ. ਸੀ. ਦੇ ਸ਼ਹਿਰੀਆਂ ਤੇ ਪਵੇਗਾ।

ਸ੍ਰੀ ਗਿੱਲ ਨੇ ਕਿਹਾ ਕਿ ਇਹ ਮੰਤਰੀ ਆਮ ਇੰਮੀਗਰੈਂਟ ਦੀਆਂ ਮੁਸ਼ਕਲਾਂ ਨੂੰ ਸਮਝਣ ਤੋਂ ਅਸਮਰੱਥ ਹੈ। 'ਹਰ ਅਵਾਸੀ ਅਮੀਰ ਨਹੀਂ ਹੈ ਤੇ ਨਾ ਹੀ ਹਰ ਆਵਾਸੀ ਮੰਤਰੀ ਬਣਦਾ ਹੈ।'

ਇੰਨਾਂ ਕਟੌਤੀਆਂ ਦਾ ਸਭ ਤੇ ਬੁਰਾ ਅਸਰ ਔਰਤ ਆਵਾਸੀਆਂ ਤੇ ਪਵੇਗਾ ਜਿਨਾਂ ਨੂੰ ਨੌਕਰੀਆਂ ਲੱਭਣ ਲਈ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ। ਇਨਾਂ ਕਟੌਤੀਆਂ ਕਾਰਨ ਆਵਾਸੀ ਘਟੀਆ ਕੰਮ ਕਰਨ ਲਈ ਮਜ਼ਬੂਰ ਹੋਣਗੇ। ਆਪਣੇ ਸਕੂਲ ਜਾਂਦੇ ਬੱਚਿਆਂ ਨਾਲ ਇਨਾਂ ਦਾ ਬੋਲਣ ਵਿਚ ਪਾੜਾ ਵਧੇਗਾ।

ਵਿਦਿਆ ਮਹਿਕਮਾ ਇਸ ਕਟੌਤੀ ਨਾਲ ਇਕ ਲੱਖ ਡਾਲਰ ਬਚਾਕੇ ਕੁਝ ਨਹੀਂ ਖੱਟਣ ਲੱਗਾ ਪਰ ਇਹ 'ਝੂਠੀ ਅਕਾਨਮੀ' ਆਮ ਆਵਾਸੀਆਂ ਦੀਆਂ ਮੁਸ਼ਕਲਾਂ ਵਿਚ ਵਾਧਾ ਕਰਨ ਦੇ ਨਾਲ ਨਾਲ ਸਰਕਾਰ ਨੂੰ ਵੀ ਮਹਿੰਗੀ ਪਵੇਗੀ।

ਵੈਂਡਰਜ਼ਾਮ ਨੇ ਕਿਹਾ ਕਿ ਪਰਵਾਰਾਂ ਨੂੰ ਬੱਚਿਆਂ ਦੀ ਦੇਖ ਭਾਲ ਦਾ ਪ੍ਰਬੰਧ ਆਪ ਕਰਨਾ ਚਹੀਦਾ ਹੈ।

ਬੀ. ਸੀ. ਬਜਟ ਦਾ ਸਤ ਫ਼ੀ ਸਦੀ ਹਿੱਸਾ ਵੈਲਫੇਅਰ ਦੀ ਭੇਂਟ

ਵਿਕਟੋਰੀਆ—ਹਿਊਮਨ ਰੀਸੋਰਸਜ਼ ਮਨਿਸਟਰ ਗਰੇਸ ਮੈਕਾਰਥੀ ਨੇ ਦੱਸਿਆ ਕਿ ਬੀ. ਸੀ. ਵਿਚ 80,000 ਵਿਅਕਤੀ ਵੈਲਫ਼ੇਅਰ ਤੇ ਹਨ ਤੇ ਇਸ ਤਰ੍ਹਾਂ ਬੀ. ਸੀ. ਸਰਕਾਰ ਦਾ ਬਜਟ ਅਸੰਤੁਲਤ ਹੋ ਰਿਹਾ ਹੈ।

ਵਧਦੀ ਬੇਰੁਜ਼ਗਾਰੀ ਦਾ ਇਹ ਹਾਲ ਹੈ ਕਿ ਬੀ. ਸੀ. ਸਰਕਾਰ ਦਾ ਬਜਟ ਤੇਜ਼ੀ ਨਾਲ ਘਾਟੇ ਵਿਚ ਜਾ ਰਿਹਾ ਹੈ। ਅਕੂਤਬਰ 1981 ਨਾਲੋਂ ਅਕਤੂਬਰ 1982 ਵਿਚ 27,608 ਵਿਅਕਤੀ ਹੋਰ ਵੈਲਫ਼ੇਅਰ ਤੇ ਗਏ।

ਵੈਲਫ਼ੇਅਰ ਤੇ ਜਾਣ ਵਾਲਿਆਂ ਦੀ ਗਿਣਤੀ ਵਿਚ ਵਾਧਾ ਇਸ ਗੱਲ ਦਾ ਸੂਚਕ ਹੈ ਕਿ ਬੀ. ਸੀ. ਦੀ ਆਰਥਿਕ ਦਸ਼ਾ ਦਿਨੋ ਦਿਨ ਵਿਗੜ ਰਹੀ ਹੈ।

ਮੈਕਾਰਥੀ ਨੇ ਕਿਹਾ ਕਿ 1982-83 ਦੇ ਸਾਲ ਲਈ ਵੈਲਫ਼ੇਅਰ ਬਜਟ 493 ਮਿਲੀਅਨ ਡਾਲਰ ਹੈ ਜਿਹੜਾ ਕਿ ਬੀ. ਸੀ. ਦੇ ਸਾਰੇ ਬਜਟ ਦਾ ਸਤ ਫ਼ੀ ਸਦੀ ਬਣਦਾ ਹੈ।

ਮੈਕਾਰਥੀ ਨੇ ਕਿਹਾ ਕਿ ਸਰਕਾਰ ਅਜਿਹੀ ਸਥਿਤੀ ਨੂੰ ਕਾਬੂ ਕਰਨ ਦੀ ਕੋਸ਼ਿਸ ਕਰ ਰਹੀ ਹੈ ਪਰ ਸਥਿਤੀ ਕਾਬੂ ਤੋਂ ਬਾਹਰ ਹੈ।

ਬੈਂਕ ਡਾਕਿਆਂ ਵਿਚ ਲਗਾਤਾਰ ਵਾਧਾ

ਵੈਨਕੂਵਰ—ਇਸ ਸਾਲ ਦੌਰਾਨ ਵੈਨਕੂਵਰ ਵਿਚ 152 ਬੈਂਕ ਡਾਕਿਆਂ ਦੀ ਘਟਨਾਵਾਂ ਵਾਪਰ ਚੁਕੀਆਂ ਹਨ। ਹੁਣ ਤੱਕ 1975 ਦਾ ਰੀਕਾਰਡ ਕਾਇਮ ਹੈ ਜਦ 168 ਬੈਂਕਾਂ ਇਕ ਸਾਲ ਵਿਚ ਲੁਟੀਆਂ ਗਈਆਂ ਸਨ।

ਪੁਲਸ ਦਾ ਸੂਚਨਾ ਅਨੁਸਾਰ ਇਨ੍ਹਾਂ ਬੈਂਕਾਂ ਵਿਚ ਪਿਛਲੇ ਦਿਨੀ ਇਕ ਬੈਂਕ ਵਿਚੋਂ 13801 ਡਾਲਰ ਅਤੇ ਦੂਜੀ ਵਿਚੋਂ 1300 ਡਾਲਰ ਲੁੱਟੇ ਗਏ।

ਬਾਲਗਾਂ ਤੇ ਬੱਚਿਆਂ ਲਈ ਵਿਦਿਅਕ ਸਹੂਲਤਾਂ ਮੁੜ ਚਾਲੂ ਕਰੋ—

ਚਰਨਪਾਲ ਗਿੱਲ

ਨੀਊਵੈਸਟ ਮਿਨਸਟਰ—ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਨੇ 14 ਦਸੰਬਰ, 1982 ਦੀ ਆਪਣੀ ਪ੍ਰੈਸ ਰੀਲੀਜ਼ ਵਿਚ ਕਿਹਾ ਹੈ ਕਿ:

"ਸੂਬੇ ਦੇ ਵਿਦਿਅਕ ਪ੍ਰੋਗਰਾਮਾਂ ਵਿਚ ਇਕ ਅਣਚਾਹੀ ਕਟੌਤੀ ਦੇ ਰੂਪ ਵਜੋਂ, ਬੀ. ਸੀ. ਦੀ ਸੋਸ਼ਲ ਕਰੈਡਿਟ ਸਰਕਾਰ ਨੇ, 'ਮਾਪਿਆਂ ਤੇ ਬੱਚਿਆਂ' ਲਈ ਅੰਗਰੇਜ਼ੀ ਬੋਲੀ ਤੇ ਸਿਟੀਜ਼ਨਸ਼ਿਪ ਪ੍ਰੋਗਰਾਮਾਂ ਨੂੰ ਬਿਲਕੁਲ ਖਤਮ ਕਰ ਦਿਤਾ ਹੈ। ਹੁਣ ਤਕ, ਬੀ. ਸੀ. ਦਾ ਵਿਦਿਅਕ ਮਹਿਕਮਾ ਇਨ੍ਹਾਂ ਲਈ ਫੰਡ ਮੁਹੱਈਆ ਕਰਦਾ ਸੀ। ਜਿਸ ਫੰਡ ਦੀ ਵਰਤੋਂ ਇੰਮੀਗਰੈਂਟ ਸਰਵਿਸਜ਼ ਸੁਸਾਇਟੀ ਆਫ਼ ਬੀ. ਸੀ. ਕਰਦੀ ਸੀ ਤਾਂ ਕਿ ਪ੍ਰੀ-ਸਕੂਲ ਬੱਚਿਆਂ ਤੇ ਬਾਲਗਾਂ ਦੀਆਂ ਜਮਾਤਾਂ ਤਾ ਪ੍ਰਬੰਧ ਹੋ ਸਕੇ। ਇਨ੍ਹਾਂ ਲਈ ਚਾਈਲਡ ਕੇਅਰ ਵਰਕਰਜ਼ ਕੰਮ ਤੇ ਲਾਏ ਜਾਂਦੇ ਸਨ।

ਇਨ੍ਹਾਂ ਪ੍ਰੋਗਰਾਮਾਂ ਉਤੇ ਕੁਲ ਖਰਚ ਇਕ ਲੱਖ ਡਾਲਰ ਪ੍ਰਤੀ ਸਾਲ ਸੀ। ਇਹ ਸਾਰੇ ਬੀ. ਸੀ. ਦੇ ਬਜਟ ਦਾ 0.004% ਤੋਂ ਵੀ ਘੱਟ ਬਣਦਾ ਹੈ।

1981—82 ਦੇ ਸਕੂਲ ਸਾਲ ਵਿਚ, 3400 ਵਿਦਿਆਰਥੀਆਂ ਤੇ 1100 ਬੱਚਿਆਂ ਨੇ 12 ਸਕੂਲ ਜ਼ਿਲਿਆਂ ਦੇ ਪ੍ਰੋਗਰਾਮਾਂ ਵਿਚ ਦਾਖਲਾ ਲਿਆ। ਸਪੱਸ਼ਟ ਹੈ ਕਿ ਅਜਿਹੇ ਪ੍ਰੋਗਰਾਮਾਂ ਦੀ ਬਹੁਤ ਜ਼ਰੂਰਤ ਹੈ। ਇਹ ਲੋੜ ਪੂਰੀ ਨਹੀਂ ਹੋਵੇਗੀ ਜੇਕਰ ਇਹ ਕਟੌਤੀਆਂ ਬਰਕਰਾਰ ਰਹੀਆਂ।

ਬੀ. ਸੀ. ਓ. ਐਫ਼. ਆਰ. ਨੂੰ ਖਦਸ਼ਾ ਹੈ ਕਿ ਇਨ੍ਹਾਂ ਕਟੌਤੀਆਂ ਨਾਲ ਤੇ ਪ੍ਰੋਗਰਾਮਾਂ ਨੂੰ ਬੰਦ ਕਰਨ ਨਾਲ ਇੰਮੀਗਰੈਂਟ ਮਾਪਿਆਂ, ਇੰਮੀਗਰੈਂਟ ਔਰਤਾਂ ਤੇ ਪ੍ਰੀ ਸਕੂਲ ਬੱਚਿਆਂ ਨੂੰ ਇੰਗਲਿਸ਼ ਲੈਂਗੁਏਜ਼ ਟਰੇਨਿੰਗ ਤੋਂ ਵੰਚਿਤ ਰੱਖਿਆ ਜਾਵੇਗਾ। ਇਹ ਕਟੌਤੀਆਂ ਇੰਮੀਗਰੈਂਟ ਔਰਤਾਂ ਲਈ ਹੋਰ ਵੀ ਮੁਸ਼ਕਲ ਖੜੀ ਕਰਨ ਦਾ ਕਾਰਨ ਬਣਨਗੀਆਂ ਕਿ ਘਰੋਂ ਬਾਹਰ ਉਨ੍ਹਾਂ ਦੇ ਸਬੰਧਾਂ ਤੇ ਅਸਰ ਪਵੇਗਾ, ਉਨ੍ਹਾਂ ਦੀ ਪੜ੍ਹਾਈ ਚਾਲੂ ਨਹੀਂ ਰਹਿ ਸਕੇਗੀ ਤੇ ਉਨ੍ਹਾਂ ਨੂੰ ਲਾਭਕਾਰੀ ਨੌਕਰੀ ਪ੍ਰਾਪਤ ਕਰਨ ਦੇ ਮੌਕੇ ਨਹੀਂ ਮਿਲਣਗੇ। ਇੰਮੀਗਰੈਂਟ ਆਬਾਦੀ ਨੂੰ ਇਸ ਤਰ੍ਹਾਂ ਲਗਾਤਾਰ ਵੱਖ ਰੱਖਣ ਨਾਲ ਵਿਤਕਰੇ ਲਈ ਹੋਰ ਵੀ ਜ਼ਰਖੇਜ਼ ਜ਼ਮੀਨ ਤਿਆਰ ਹੋਵੇਗੀ।

ਬੀ. ਸੀ. ਓ. ਐਫ. ਆਰ. ਘੱਟ ਗਿਣਤੀਆਂ ਤੇ ਆਵਾਸੀਆਂ ਦੇ ਹੱਕਾਂ ਲਈ ਹਮੇਸ਼ਾ ਘੋਲ ਕਰਨ ਵਾਲੀ ਸੰਸਥਾ ਹੋਣ ਦੇ ਨਾਤੇ, ਆਪਣਾ ਫਰਜ਼ ਸਮਝਦੀ ਹੈ ਕਿ ਇਨ੍ਹਾਂ ਕਟੌਤੀਆਂ ਵਿਰੁਧ ਪ੍ਰੋਟੈਸਟ ਕੀਤਾ ਜਾਵੇ ਤੇ ਵਿਦਿਅਕ ਫੰਡ ਜਲਦੀ ਤੋਂ ਜਲਦੀ ਮੁੜ ਚਾਲੂ ਕੀਤੇ ਜਾਣ।

ਹੋਰ ਜਾਣਕਾਰੀ ਲਈ ਤੁਸੀਂ ਚਰਨਪਾਲ ਗਿੱਲ ਪ੍ਰਧਾਨ ਬੀ. ਸੀ. ਓ. ਐਫ. ਆਰ. ਨੂੰ 576-2307 ਤੇ ਫੋਨ ਕਰ ਸਕਦੇ ਹੋ

ਲੱਖ ਮੁਬਾਰਕ ਨਵੇਂ ਸਾਲ ਦੀ, ਹਰ ਇਕ ਵੀਰ ਪੰਜਾਬੀ ਨੂੰ

ਆਓ ਹੱਸਕੇ ਵਿਦਿਆ ਕਰੀਏ, ਲੰਘੇ ਬਰਸ ਬਿਆਸੀ ਨੂੰ।
ਆਖੋ ਸਦਕੇ ਜੀ ਆਇਆਂ ਦੇ, ਭਾਗਾਂ ਭਰੇ ਤਰਾਸੀ ਨੂੰ।
ਕੌਮ ਸਮੁੱਚੀ ਦੇ ਚਿਹਰੇ ਲੈ, ਆਵੇ ਮਾਲੀ ਆਬੀ ਨੂੰ।
ਲੱਖ ਮੁਬਾਰਕ ਨਵੇਂ ਸਾਲ ਦੀ,..................
ਮਾਰ ਮੌਤ ਨੂੰ ਅੱਖ ਟਮੱਕੇ, ਜ਼ਿਦ ਜ਼ਿਦ ਮਿੱਚਣ ਵਾਲਿਆਂ ਨੂੰ।
ਨਾਲ ਆਰਿਆਂ ਕੌਡੀ ਖੇਡਣ, ਫੱਟੇ ਖਿਚਣ ਵਾਲਿਆਂ ਨੂੰ।
ਮੂੰਹ ਉਂਗਲਾਂ ਲੈ ਬਿਜਲੀ ਤੱਕੇ, ਫੁਰਤੀ ਅਤੇ ਸ਼ਿਤਾਬੀ ਨੂੰ।
ਲੱਖ ਮੁਬਾਰਕ...........ਹਰ.......................
ਮੁੜ੍ਹਕੋ ਮੁੜ੍ਹਕੀ ਹੋਈਆਂ ਬੇਰੀ, ਤੋੜਨ ਐਮ ਏ ਕੁੜੀਆਂ ਨੂੰ।
ਕੰਮ ਕਰਨ ਫ਼ਾਰਮ ਵਿਚ ਸੱਤ੍ਰ-ਅੱਸੀ ਸਾਲਾਂ ਬੁੜੀਆਂ ਨੂੰ।
ਭਰੇ ਫਲੈਟਾਂ ਮਾਰੇ ਹੂਗਾਂ, ਚੜ੍ਹਿਆ ਤਾਪ ਗੁਲਾਬੀ ਨੂੰ।
ਲੱਖ ਮੁਬਾਰਕ............ਹਰ....................
ਜਗਤੇ ਜੁਗਤੀ ਦੇ ਧੰਨ ਜਿਸਨੇ, ਸੌ ਬੰਦਾਂ ਲੈ ਆਂਦਾ ਸੀ।
ਅੱਧਾ ਦੇਸ਼ ਘੜੀਸੀ ਆਉਂਦਾ, ਜਦ ਵੀ ਭਾਰਤ ਜਾਂਦਾ ਸੀ।
ਵੱਡਾ ਜੇਠ ਫ਼ਰੀਅ ਕਰਵਾਇਆ, ਸ਼ਾਬਾ ਸ਼ਾਮੋਂ ਭਾਬੀ ਨੂੰ।
ਲੱਖ ਮੁਬਾਰਕ.............ਹਰ.....................
ਢਿੱਡ ਬੰਨ੍ਹ ਪੜ ਪੋਤਿਆਂ ਖਾਤਰ, ਪੂੰਜੀ ਜੋੜਨ ਵਾਲਿਆਂ ਨੂੰ।
ਚਿੱਟੀ ਚਿਮੜੀ ਤੇ ਵਿਸਕੀ ਤੇ, ਡਾਲਰ ਰੋੜਨ ਵਾਲਿਆਂ ਨੂੰ।
ਆਦੀ ਸੋਫ਼ੀ ਨੂੰ ਤੇ ਚੱਕਰ, ਖਾਂਦੇ ਧੁੱਤ ਸ਼ਰਾਬੀ ਨੂੰ।
ਲੱਖ ਮੁਬਾਰਕ................ਹਰ................
ਕੁੱਲ ਸਭਾਵਾਂ ਦਿਆਂ ਮੈਂਬਰਾਂ, ਮਾਨਯੋਗ ਪਰਧਾਨਾਂ ਨੂੰ।
ਚਾਰ ਚੰਦ ਲਾ ਉੱਚਾ ਕੀਤਾ, ਗੁਰੂ ਘਰਾਂ ਦੀਆਂ ਸ਼ਾਨਾਂ ਨੂੰ।
ਧੌਂਵਣ ਵਿਚ ਫਿਜ਼ਾ ਦੇ ਆਈ, ਗੁਜ਼ਰੇ ਦਿਨੀ ਖਰਾਬੀ ਨੂੰ।
ਲੱਖ ਮੁਬਾਰਕ.............ਹਰ...............
ਗੁਰੂ ਘਰਾਂ ਦੀ ਬੇਸ-ਮੈਂਟ ਬਹਿ, ਗੁਰਬਤ ਕਰਨੇ ਵਾਲਿਆਂ ਨੂੰ।
ਰੁੱਖੀ,ਮਿੱਸੀ, ਖੀਰ, ਜਲੇਬੀ, ਖਾ ਢਿੱਡ ਭਰਨੇ ਵਾਲਿਆਂ ਨੂੰ।
ਆਏ ਸ਼ਰਧਾਲੂ ਦੀ ਪੂਰੀ, ਕਰਦੇ ਅਦਬ-ਅਦਾਬੀ ਨੂੰ।
ਲੱਖ ਮੁਬਾਰਕ.............ਹਰ................
ਮਾਰਕੀਟ ਇੰਡੀਆਂ ਪੰਜਾਬੀ, ਵਿਚ ਦੁਕਾਨਾਂ ਵਾਲਿਆਂ ਨੂੰ।
ਗੋਰਿਆਂ ਤੇ ਭਾਰੂ ਕਰ ਦਿਤਾ, ਹੈ ਪਰਵਾਸੀ ਕਾਲਿਆਂ ਨੂੰ।
ਚਿੱਟੇ ਲੋਕ ਖੜੋਤੇ ਕਰਦੇ, ਸੱਜਦਾ ਸ਼ਾਨ ਜੱਨਾਬੀ ਨੂੰ।
ਲੱਖ ਮੁਬਾਰਕ..............ਹਰ.............
ਮੇਵਾ ਸਿੰਘ ਬਲਵੰਤ ਸਿੰਘ ਦੀਆਂ, ਪਾਕ ਜੁਝਾਰੂ ਰੂਹਾਂ ਨੂੰ।
ਜਿੱਥੋਂ ਹੱਕਾਂ ਦੀ ਧੁਨ ਗੂੰਜੀ, ਖੰਡ ਪਰੋਸੋ ਮੂੰਹਾਂ ਨੂੰ।
ਸੁੱਕਾ ਗਾਡੀ ਰਾਹ ਦਿਖਾਲਗੇ, ਉਦੋਂ ਕੌਮ ਸਲਾਬੀ ਨੂੰ।
ਲੱਖ ਮੁਬਾਰਕ...........ਹਰ..................
ਸਾਂਝੇ ਘੋਲ ਚਿ ਸ਼ਾਮਲ ਹੋਵੋਂ, ਸੌ ਸੌ ਕੋਹਾਂ ਡਰਦੇ ਨੂੰ।
ਦਾੱ ਲੱਗੇ ਤਾਂ ਡੰਡਾ ਫੜਕੇ, ਸਬਕ ਸਿਖਾਵੇ ਘਰਦੇ ਨੂੰ।
ਕੱਕੇ, ਪੱਪੇ, ਮੱਮੇ, ਲੱਲੇ, ਵਾਲੇ, ਇਨਕਲਾਬੀ ਨੂੰ।
ਲੱਖ ਮੁਬਾਰਕ............ਹਰ.............
ਅਤਿਵਾਦੀ, ਵੱਖਵਾਦੀਆਂ, ਖਾਲਿਸਤਾਨੀ ਤਿੰਨਾਂ ਨੂੰ।
ਅਸਲ ਪੜ੍ਹਾ ਦਾ ਪਤਾ ਆਪਵੀ, ਹੈ ਨਾ ਸੱਜਣ ਜਿੰਨਾਂ ਨੂੰ।
ਪੰਥ ਪੁਜਾਰੀ, ਵਤਨ-ਪ੍ਰਸਤਾ, ਤੇ ਸਰਕਾਰੀ ਲਾਬੀ ਨੂੰ।
ਲੱਖ ਮੁਬਾਰਕ ਨਵੇਂ............ਹਰ.............
ਕਰੋ ਕਬੂਲ ਵਧਾਈ ਸੱਭੇ, ਨਵੇਂ ਭੁਯੰਗੀ ਜੱਥੇ ਦੀ।
ਕਿਪਾ ਦ੍ਰਿਸ਼ਟੀ ਆਪ ਜੀਆਂ ਦੀ, ਉੱਘੜੇ ਰੇਖਾ ਮੱਥੇ ਦੀ।
ਨਮੋ "ਪਾਰਸਾ" ਸੁਬ੍ਹਾ ਸਾਰ ਦੀ, ਪਹਿਲੀ ਕਿਰਨ ਮਹਿਤਾਬੀ ਨੂੰ
ਲੱਖ ਮੁਬਾਰਕ ਨਵੇਂ ਸਾਲ ਦੀ, ਹਰ ਇਕ ਵੀਰ ਪੰਜਾਬੀ ਨੂੰ।

ਕਰਨੈਲ ਸਿੰਘ "ਪਾਰਸ" ਰਾਮੂਵਾਲੀਆ ਅਤੇ ਸਿੰਗਰ ਭੁਝੰਗੀ ਪਾਰਟੀ

ਕੈਨੇਡਾ ਦਾ ਡਾਕ ਮਹਿਕਮਾ ਫ਼ਸਟ ਕਲਾਸ ਟਿਕਟ—ਥਰਡ ਕਲਾਸ ਸਫ਼ਰ

ਵੈਨਕੂਵਰ—CUPE ਦੇ ਪ੍ਰਧਾਨ ਐਵਰਟ ਹੂਗਰਜ਼ ਨੇ ਕਿਹਾ ਹੈ ਕਿ ਪੋਸਟ ਆਫ਼ਿਸਾਂ ਵਿਚ ਫ਼ਸਟ ਕਲਾਸ ਮੇਲ, ਥਰਡ ਕਲਾਸ ਮੇਲ ਦੀ ਤਰ੍ਹਾਂ ਭੇਜੀ ਜਾਂਦੀ ਹੈ।

ਆਪਣੀ ਪ੍ਰੈਸ ਰੀਲੀਜ਼ ਵਿਚ ਹੂਗਰਜ਼ ਨੇ ਕਿਹਾ ਕਿ 'ਵੈਨਕੂਵਰ ਵਿਚ ਜੋ ਲੋਕ ਆਪਣੀ ਡਾਕ ਫਸਟ ਕਲਾਸ ਮੇਲ ਦੇ ਟਿਕਟ ਲਾਕੇ ਭੇਜਦੇ ਹਨ ਉਨ੍ਹਾਂ ਨੂੰ ਫਸਟ ਕਲਾਸ ਸੇਵਾਵਾਂ ਹਾਸਲ ਨਹੀਂ ਜਦ ਕਿ ਉਹ ਇਨ੍ਹਾਂ ਸੇਵਾਵਾਂ ਲਈ ਖਰਚ ਕਰਦੇ ਹਨ।

ਹੂਗਰਜ਼ ਨੇ ਦੋਸ਼ ਲਾਇਆ ਕਿ ਕੈਨੇਡਾ ਪੋਸਟ ਦੇ ਪ੍ਰਧਾਨ ਮਾਈਕਲ ਵਾਰਨ ਨੇ ਸਟਾਫ਼ ਏਨਾ ਥੋੜ੍ਹਾ ਰੱਖਿਆ ਹੋਇਆ ਹੈ ਕਿ ਤਸੱਲੀ ਬਖਸ਼ ਸੇਵਾਵਾਂ ਦਾ ਹੋਣਾ ਅਸੰਭਵ ਹੈ। ਉਸਨੇ ਕਿਹਾ ਕਿ ਵਾਰਨ ਪੋਸਟ ਆਫ਼ਿਸ ਨੂੰ ਪੈਸਾ ਕਮਾਉਣ ਦਾ ਧੰਦਾ ਸਮਝ ਰਿਹਾ ਹੈ ਪਰ ਇਹ ਲੋਕਾਂ ਲਈ ਸੇਵਾਵਾਂ ਦੀਆਂ ਕਟੌਤੀਆਂ ਨਾਲ ਹੀ ਅਜਿਹਾ ਹੋ ਸਕਦਾ ਹੈ।

ਪੱਛਮੀ ਪੋਸਟਲ ਖਿੱਤੇ ਵਿਚ ਕ੍ਰਿਸਮਸ ਸਮੇਂ ਕੋਈ ਨਵਾਂ ਬੰਦਾ ਪੋਸਟ ਆਫ਼ਿਸ ਵਿਚ ਨਹੀਂ ਰੱਖਿਆ ਜਾ ਰਿਹਾ।

ਪੰਜਾਬੀ ਮਾਰਕਿਟ ਵਿਚ

ਮੋਤੀ ਮਹਿਲ ਵਧੀਆ ਥਾਂ ਹੈ

* ਸਭ ਤੋਂ ਵੱਧ ਸਜਿਆ
* ਖ਼ੂਬਸੂਰਤ ਵਾਤਾਵਰਣ
* ਲਾਈਸੈਂਸ -ਸ਼ੁਦਾ ਤੇ ਏਅਰ ਕੰਡੀਸ਼ਡ
* ਪਾਰਟੀਆਂ ਤੇ ਸਮਾਗਮਾਂ ਲਈ ਵਧੀਆ ਖਾਣੇ ਦਾ ਪ੍ਰਬੰਧ

6450, MAIN St. VANCOUVER

MOTI MAHAL RESTAURANT

PHONE 321-3223

ਪੰਜਾਬੀਆਂ ਦਾ ਟਾਪੂ ਸਾਊਥਾਲ

ਪ੍ਰੀਤਮ ਸਿੱਧੂ (ਲੰਡਨ)



ਪ੍ਰੀਤਮ ਸਿੱਧੂ ਸਾਊਥਾਲ

ਸਾਊਥਲ ਇੰਗਲੈਂਡ ਵਸਦੇ ਪੰਜਾਬੀਆਂ ਦਾ ਜਜ਼ੀਰਾ ਹੈ। ਇਥੇ ਵਸਦੇ ਲੋਕਾਂ ਦਾ ਰੰਗ, ਬਹਿਣ ਉਠਣ ਅਤੇ ਪਹਿਰਾਵਾ ਕਈ ਪ੍ਰਕਾਰ ਦਾ ਹੈ। ਜਿਥੇ ਅੰਗਰੇਜ਼ਾਂ ਦਾ ਰੰਗ ਸੂਰ ਦੇ ਢਿੱਡ ਵਰਗਾ, ਨੀਗਰੋਜ਼ ਦਾ ਲਿਸ਼ਕਦੇ ਬੈਂਗਣਾਂ ਵਰਗਾ, ਗੁਜਰਾਤੀਆਂ ਦਾ ਸਾਬਤੇ ਮਸਰਾਂ ਵਰਗਾ ਉਥੇ ਪੰਜਾਬੀਆਂ ਦਾ ਰੰਗ ਕਾਗਜ਼ੀ ਅਖਰੋਟ ਵਰਗਾ ਹੈ। ਇੰਜ ਹੀ ਮੌਸਮ ਅਨੁਸਾਰ ਪਹਿਰਾਵੇ ਵਿਚ ਅਦਲਾ ਬਦਲੀ ਹੁੰਦੀ ਹੈ। ਸਰਦੀਆਂ ਵਿਚ ਭਾਵੇਂ ਸਾਰੇ ਰੰਗਾਂ ਦਾ ਪਹਿਰਾਵਾ ਇਕੋ ਜਿਹਾ ਹੀ ਹੁੰਦਾ ਹੈ ਪਰ ਗਰਮੀਆਂ ਵਿਚ ਇਹੋ ਪਹਿਰਾਵਾ ਜਾਦੂਗਰ ਦੀ ਟੋਪੀ ਵਿਚੋਂ ਕੱਢੇ ਰੁਮਾਲਾਂ ਵਾਂਗ ਕਈ ਰੰਗਾਂ ਦਾ ਹੁੰਦਾ ਹੈ।

ਕਈ ਦੇਸੀ ਬੰਦੇ ਗਰਮੀਆਂ ਦੇ ਮੱਘਦੇ ਦਿਨ ਵਿਚ ਵੀ ਬੁੱਢੇ ਅੰਗਰੇਜ਼ ਪੈਨਸਨੀਆਂ ਵਾਂਗ ਸੂਟ ਅਤੇ ਨਕਟਾਈ ਲਾਈ ਫਿਰਦੇ ਹਨ। ਸਿਆਣੇ ਲੋਕ ਬੁਸ਼ਰਟ ਅਤੇ ਸਰਦ ਪੈਂਟ ਪਾਉਂਦੇ ਹਨ। ਕਈ ਵੀਰ ਸਾਊਥਲ ਨੂੰ ਫਗਵਾੜਾ ਸਮਝ ਕੇ ਕਲੀਆਂ ਵਾਲੇ ਕੁੜਤੇ ਅਤੇ ਕੱਢਵੀਂ ਨੋਕਦਾਰ ਜੁੱਤੀ ਪਾਉਂਦੇ ਹਨ। ਇੰਜ ਹੀ ਕਈ ਮੁਸਲਮਾਨ ਲੰਬੇ ਚੋਗੇ ਅਤੇ ਵਲੇਵੇਂ ਦਾਰ ਸਲਵਾਰ ਪਾ ਕੇ ਸਾਊਥਲ ਨੂੰ ਲਾਹੌਰ ਦਾ ਅਨਾਰਕਲੀ ਬਜ਼ਾਰ ਬਣਾ ਦਿੰਦੇ ਹਨ। ਅੰਗਰੇਜ਼ ਮੁੰਡੇ ਕੁੜੀਆਂ ਤਾ ਅਜਿਹੇ ਮੌਸਮ ਵਿਚ ਮਸਾਂ ਜ਼ਰੂਰੀ ਥਾਵਾਂ ਹੀ ਢਕਦੇ ਹਨ। ਬਾਕੀ ਸਾਰਾ ਜ਼ਿਸਮ ਪਿੱਤਲ ਦੀ ਤਾਜ਼ੀ ਮਾਂਜੀ ਗੜਵੀ ਵਾਂਗ ਲਿਸ਼ਕਾਰੇ ਮਾਰਦਾ ਹੈ। ਦੇਸੀ ਛੜੇ ਇਹ ਨਜ਼ਾਰਾ ਵੇਖ ਕੇ ਅੱਧਾ ਵਿਆਹ ਹੋਇਆ ਮਹਿਸੂਸ ਕਰਦੇ ਹਨ।

ਅੱਜ ਕੱਲ੍ਹ ਪੰਜਾਬੀਆਂ ਦਾ ਇਕ ਨਮੂਨਾ, ਸਾਊਥਾਲ ਦੇ ਚੌੜੇ ਬਾਜ਼ਾਰ ਵਿਚ ਭਮੱਤਰਿਆ ਫਿਰਦਾ ਨਜ਼ਰੀ ਪੈਂਦਾ ਹੈ। ਇਹ ਪੌਂਡ ਇਕੱਠੇ ਕਰਨ ਲਈ ਪੰਜਾਬੋਂ ਆਏ ਰਾਗੀ, ਢਾਡੀ, ਸਾਧੂ ਅਤੇ ਤੂੰਬੀ ਮਾਸਟਰਾਂ ਦੇ ਜਥੇ ਹਨ। ਖੁਲ੍ਹੇ ਦਾਹੜੇ, ਕਾਲੀਆਂ ਪੱਗਾਂ, ਜੈਕਟਾਂ ਜਾਂ ਐਚਕਨਾਂ ਅਤੇ ਚੂੜੀਦਾਰ ਚਿੱਟੇ ਪਜਾਮੇ ਪਾਏ ਇਹ ਬਾਜ਼ਾਰ ਵਿਚ ਮੇਲੇ 'ਚ ਗੁਆਚੇ ਬੱਚੇ ਵਾਂਗ ਭਮੱਤਰੇ ਫਿਰਦੇ ਹਨ। ਇਹ ਮੱਛਰ ਮਾਰ ਮਹਿਕਮੇ ਦੇ ਕਰਮਚਾਰੀਆਂ ਵਾਂਗ, ਗਰੁੱਪਾਂ ਵਿਚ ਮੋਢਿਆਂ ਉਤੇ ਸਾਰੰਗੀਆਂ ਅਤੇ ਢੋਲਕੀਆਂ ਲਮਕਾਈ ਫਿਰਦੇ ਵਿਖਾਈ ਦਿੰਦੇ ਹਨ। ਇਹ ਬਾਜ਼ਾਰ ਵਿਚ ਫਿਰਦੇ ਦੁਕਾਨਾਂ ਅੰਦਰ ਪਏ ਸਮਾਨ ਵਲ ਬੜੀਆਂ ਹੀ ਲਲਚਾਈਆਂ ਨਜ਼ਰਾਂ ਨਾਲ ਵੇਖਦੇ ਹਨ। ਇਨ੍ਹਾਂ ਦਾ ਵੱਸ ਚਲੇ ਤਾਂ ਢੋਲਕੀ ਵਾਜੇ ਇੰਗਲੈਂਡ ਛੱਡ ਕੇ ਸਭ ਵਲੈਤੀ ਚੀਜ਼ਾਂ ਨਾਲ ਜੇਬਾਂ ਭਰ ਕੇ ਵਾਪਸ ਪੰਜਾਬ ਪਰਤਣ।

ਸ਼ਕਲੋਂ ਵੀ ਸਾਊਥਾਲ ਜਜ਼ੀਰੇ ਦੇ ਲੋਕ ਬੜੇ ਵਖਰੇ ਵਖਰੇ ਨਮੂਨੇ ਹਨ। ਜਿਸ ਫੂਡ ਫ਼ੈਕਟਰੀ ਵਿਚ ਕੇਸ ਦਾਹੜੀ ਵਾਲੇ ਨੂੰ ਕੰਮ ਨਹੀਂ ਮਿਲਦਾ ਉਥੇ ਨੌਕਰੀ ਲੈਣ ਲਈ ਜੇ ਪਿਆਰਾ ਸਿੰਘ ਨੇ ਮੁੱਛਾਂ ਦਾਹੜੀ ਸਫ਼ਾਚੱਟ ਕਰਵਾ ਦਿਤੇ ਹਨ ਤਾਂ ਗੁਰਦਵਾਰੇ ਦਾ ਪ੍ਰਧਾਨ ਬਣਨ ਲਈ ਬਖਤੌਰ ਸਿੰਘ ਦਾਹੜਾ ਧੁੰਨੀ ਤੀਕ ਵਧਾਈ ਫਿਰਦਾ ਹੈ। ਬਹੁਤ ਸਾਰੇ ਪੰਜਾਬੀ ਨੌਜਵਾਨਾਂ ਨੇ ਵਿਚਕਾਰਲਾ ਰਾਹ ਲਭ ਲਿਆ ਹੈ। ਨਾ ਹੀ ਦਾਹੜੀ ਪਿਉ ਦਾਦੇ ਵਰਗੀ ਅਤੇ ਨਾ ਹੀ ਪੰਡਿਤ ਸ਼ਰਮੇ ਵਰਗੀ। ਉਹ ਦਾਹੜੀ ਦੀ ਮੁਰੱਬੇਬੰਦੀ ਕਰਕੇ, ਵਲ ਵਿੰਗ ਮੋਚਨੇ ਨਾਲ ਕੱਢ ਲੈਂਦੇ ਹਨ। ਕਈ ਹਾਲੀ ਦੁਚਿੱਤੀ ਵਿਚ ਹਨ ਕਿ ਪਰਦੇਸ ਵਿਚ ਇਸ ਦਾਹੜੀ ਦਾ ਕੀ ਕਰੀਏ। ਬੱਸ ਠੋਡੀ ਉਤੇ ਐਵੇ ਝੂਠੇ ਗਵਾਹ ਦਾ ਗੂਠਾ ਜਿਹਾ ਲਵਾਈ ਫਿਰਦੇ ਹਨ। ਰਾਤਾਂ ਦਾ ਕੰਮ ਕਰਨ ਵਾਲੇ ਘੌਲੀ ਬੰਦਿਆਂ ਦੇ ਮੂੰਹ ਉਤੇ ਸੂਲਾਂ ਵਰਗੇ ਵਾਲ ਉਗ ਆਉਂਦੇ ਹਨ। ਉਹ ਡਰਪੋਕ ਆਸ਼ਕ ਵਾਂਗ ਦਾਹੜੀ ਨੂੰ ਐਵੇਂ ਧੋਖਾ ਜਿਹਾ ਦੇਈ ਜਾਂਦੇ ਹਨ। ਇੰਜ ਦਾਹੜੀ ਦੀ ਖਿਚੜੀ ਜਿਹੀ ਬਣੀ ਰਹਿੰਦੀ ਹੈ।

ਬਹੁਤੇ ਦੇਸੀ ਬੰਦੇ ਉਮਰ ਲੁਕੋਣ ਲਈ ਅਤੇ ਧੌਲਿਆਂ ਦਾ ਵੀ ਨਾਸ ਕਰਨ ਲਈ ਉਸਤਰਾ ਦੂਹਰੀ ਵਾਰ ਫੇਰਦੇ ਹਨ। ਪਲ ਦੀ ਪਲ ਠੋਡੀ ਉਤੇ ਹੱਥ ਫੇਰਿਆਂ ਉਨ੍ਹਾਂ ਨੂੰ ਆਪਣਾ ਮੂੰਹ ਬੱਚੇ ਦੇ ਚਿੱਤੜਾ ਵਾਂਗ ਕੂਲਾ ਜਾਪਦਾ ਹੈ। ਅਜਿਹੀ ਦਾਹੜੀ ਵਾਲਾ ਬੰਦਾ ਨਾ ਬੁੱਢਾ ਲਗਦਾ ਹੈ ਨਾਂ ਜਵਾਨ ਬੱਸ ਵਿਚਕਾਰਲਾ ਜਿਹਾ ਮੇਲ ਬਣ ਜਾਂਦਾ ਹੈ। ਕਈਆਂ ਨੇ ਜਵਾਨ ਲਗਣ ਲਈ ਸਾਰੇ ਸਟੋਰਾਂ ਦਾ ਖ਼ਿਜ਼ਾਬ ਮੁੱਕਾ ਛੱਡਿਆ ਹੈ ਪਰ ਦਾਹੜੀ ਫੇਰ ਵੀ ਉਮਰ ਦੀਆਂ ਚੁਗਲੀਆਂ ਕਰਨੋ ਨਹੀਂ ਹਟਦੀ। ਇੰਜ ਹੀ ਕਈ ਸਿਰ ਦੇ ਵਾਲਾਂ ਨੂੰ ਰੰਗ ਨਾਲ ਬਾਹਮਣੀ ਦੇ ਚੌਂਤੇ ਵਾਂਗ ਲਿੱਪੀ ਰੱਖਦੇ ਹਨ ਪਰ ਕੰਨਾਂ ਕੋਲੋਂ ਫਿਰ ਵੀ ਸੂਹਰੇ ਚਿੱਟੇ ਵਾਲ ਚਾਂਦੀ ਰੰਗ ਦੀ ਭਾਅ ਮਾਰਨੋਂ ਬਾਜ਼ ਨਹੀਂ ਆਉਂਦੇ। ਬੰਦਾ ਕੁਦਰਤ ਨਾਲ ਕਿੱਥੋਂ ਤੀਕ ਲੜਾਈ ਲੜ ਸਕਦਾ ਹੈ।

ਜਿਨ੍ਹਾਂ ਨੇ ਕਾਫੀ ਸਮੇਂ ਮਗਰੋਂ ਇੰਡੀਆਂ ਜਾਣਾ ਹੋਵੇ ਉਹ ਕੁੜੀ ਦੇ ਵਿਆਹ ਲਈ, ਗਰੀਬ ਮਾਪਿਆਂ ਵਾਂਗ ਦਾਹੜੀ ਅਤੇ ਸਿਰ ਦੇ ਵਾਲਾਂ ਨੂੰ ਸਾਂਭਣ ਲਗ ਪੈਂਦੇ ਹਨ। ਉਨ੍ਹਾਂ ਦੇ ਅੱਧ ਵਿਚਕਾਰ ਦੇ ਦਿਨਾਂ ਦੀ ਦਾਹੜੀ ਜੁਲਾਹੇ ਦੇ ਬੁਰਸ਼ ਵਰਗੀ ਬਣ ਜਾਂਦੀ ਹੈ। ਉਨ੍ਹਾਂ ਦਾ ਚਿੱਤ ਕਰਦਾ ਹੈ ਕਿ ਭਾਰਤ ਜਾਣ ਤੋਂ ਪਹਿਲਾਂ ਪਹਿਲਾਂ ਜੇ ਕਿਤੇ ਦਾਹੜੀ ਦੀ ਗਲੂੰਡੀ ਬੱਝ ਸਕੇ ਤਾਂ ਸਵਾਦ ਆ ਜਾਵੇ। ਪੱਗ ਕਈ ਸਾਲਾਂ ਮਗਰੋਂ ਫਿਰ ਬੰਨ੍ਹਣ ਕਾਰਣ ਐਵੇਂ ਕੁੱਪ ਦਵਾਲੇ ਲਪੇਟੇ ਸੁੱਬ ਜਿਹੇ ਮਾਰੀ ਫਿਰਨਗੇ। ਜੇ ਕਿਤੇ ਅਚਾਨਕ ਭਾਰਤ ਜਾਣਾ ਪੈ ਜਾਵੇ ਤਾਂ ਫਿਰ ਮਖਿਆਲ ਚੋਣ ਵਾਲਿਆਂ ਵਾਂਗੂੰ ਮੋਟੀ ਬੁਰ ਵਾਲੇ ਤੌਲੀਏ ਨਾਲ ਮੂੰਹ ਸਿਰ ਲਪੇਟੀ ਰੱਖਣਗੇ। ਉਹ ਚਾਹੁੰਦੇ ਹਨ ਕਿ ਇੰਡੀਆਂ ਵਿਚ ਰਿਸ਼ਤੇਦਾਰ ਅਤੇ ਲੋਕ ਦਾਹੜੀ ਪੱਗ ਵੇਖ ਕੇ ਇਹ ਸਮਝਣ ਕਿ ਲੱਛੂ ਨੇ ਵਲੈਤ ਵਿਚ ਅੰਮ੍ਰਿਤ ਛਕੀ ਰੱਖਿਆ ਹੈ। ਪਰ ਖਰਖਰੇ ਵਰਗੀ ਦਾਹੜੀ ਅਤੇ ਨਵੇਂ ਬਣੇ ਸਾਧ ਦੀਆਂ ਲਿਟਾਂ ਵਰਗੇ ਸਿਰ ਦੇ ਵਾਲ ਭਲਾ ਵਾਹ ਜਾਣ ਦਿੰਦੇ ਨੇ ਕਿਸੇ ਦੀ।

ਇਹ ਸਾਊਥਾਲ ਗੋਂਗਲੂ, ਬੈਂਗਣ, ਲੱਡੂ, ਬਰਫੀ, ਮੰਦਰ, ਗੁਰਦਵਾਰੇ, ਛੋਲੇ ਭਟੂਰੇ ਘਸੇ ਲੀਡਰ ਅਤੇ ਚੁਗਲਖੋਰ ਲਿਖਾਰੀਆਂ ਦਾ ਜਜ਼ੀਰਾ ਹੈ। ਜਿਥੇ ਮੰਦਰ ਅਤੇ ਗੁਰਦਵਾਰੇ ਚੌਧਰਾਂ ਲਈ ਦੰਗਲਾਂ ਦੇ ਅਖਾੜੇ ਬਣੇ ਹੋਏ ਹਨ ਉਥੋਂ ਲਿਖਾਰੀ ਸਭਾਵਾਂ ਬਣਾਉਣ ਅਤੇ ਸਕੱਤਰੀਆਂ, ਪ੍ਰਧਾਨਗੀਆਂ ਲਈ ਜੁੰਡਮ-ਜੁੰਡੀ ਹੋ ਰਹੇ ਹਨ। ਇਕ ਦੂਜੇ ਦੇ ਵਿਰੁਧ ਲਿਖਣ ਲਈ ਕਲਮਾਂ ਦੇ ਬਰਛੇ ਬਣਾਈ ਫਿਰਦੇ ਹਨ। ਪੰਜਾਬੀ ਸੁਭਾਅ ਹੀ ਕੁਝ ਅਜਿਹਾ ਹੈ। ਕਿ ਹਰ ਚੌਧਰੀ ਉਂਗਲ ਨੂੰ ਤੇਲ ਲਾਈ ਫਿਰਦਾ ਹੈ। ਪਰ ਸਮੇਂ ਦੇ ਗੇੜ ਨਾਲ ਇਨ੍ਹਾਂ ਵਿਚੋਂ ਬਹੁਤੇ ਲਿਖਾਰੀ ਅਣਖਿੜੇ ਟੀਂਡਿਆਂ ਵਾਂਗ ਝੜ ਰਹੇ ਹਨ। ਵਿਚਾਰਾਂ ਦੇ ਪਖੋਂ ਵੀ ਨਾ ਇਹ ਪੂਰੇ ਲਾਲ ਅਤੇ ਨਾ ਹੀ ਪੂਰੇ ਨੀਲੇ ਹਨ। ਬੱਸ ਐਵੇਂ ਚਿੱਤਰ ਖੰਭੀਏ ਜਿਹੇ ਪੂਛ ਨੂੰ ਗੇਰੂ ਮਲੀ ਫਿਰਦੇ ਹਨ।

ਇਹ ਸਾਊਥਾਲ ਇਥੋਂ ਦੀਆਂ ਸਿਆਸੀ ਪਾਰਟੀਆਂ ਦੀ ਬਣਾਈ ਹੋਈ "ਚੂਹੜਮਾਜਰੀ" ਹੈ। ਇਥੇ ਸਹੂਲਤਾਂ ਨੂੰ ਆਉਣ ਲਈ ਟੂਣਾ ਕੀਤਾ ਹੋਇਆ ਹੈ। ਹਰ ਪਾਸੇ ਗੰਦ, ਨਾ ਕੋਈ ਕਾਰ ਪਾਰਕ ਅਤੇ ਨਾ ਹੀ ਇਥੇ ਕੋਈ ਸਪੋਰਟਸ ਸੈਂਟਰ ਹੈ। ਬੱਸ ਹਲਦੀ ਵਸਾਰ ਅਤੇ ਮੋਠ ਮੂੰਗੀ ਜਿੰਨੀ ਮਰਜ਼ੀ ਲੈ ਲਵੋ।

ਦੂਜੇ ਪਾਸੇ ਸਾਊਥਾਲ ਦੀ ਅਖੌਤੀ ਕਾਇਆ ਕਲਪ ਕਰਨ ਲਈ ਦੇਸੀ ਜਥੇਬੰਦੀਆਂ ਅਤੇ ਲੀਡਰ ਇਥੇ ਹਰ ਨਵੇਂ ਸੂਰਜ ਟਮਾਟਰਾਂ ਦੇ ਗੁੱਛਿਆਂ ਵਾਂਗ ਜੰਮਦੇ ਹਨ। ਸਿੰਘ ਸਭਾ, ਰਾਮਗੜ੍ਹੀਆਂ ਸਭਾ, ਰਵਿਦਾਸ ਸਭਾ, ਭਾਟੜਾ ਸਭਾ, ਕਟਾਂਕ ਕਛੱਤਰੀ ਸਭਾ, ਹਿੰਦੂ ਸਭਾ ਅਤੇ ਦਰਜਣ ਕੁ ਲਿਖਾਰੀ ਸਭਾਵਾਂ ਸਭ ਇਥੇ ਮੌਜੂਦ ਹਨ। ਇਥੋਂ ਦੀ ਕੌਂਸਲ ਦੇ ਮੈਂਬਰ ਚੁਣੇ ਜਾਣ ਮਗਰੋਂ ਸਾਡੇ ਦੇਸੀ ਲੀਡਰ ਆਪਣੀਆਂ ਜੀਭਾਂ ਮੂੰਹ ਵਿਚੋਂ ਕੱਢ ਕੇ ਆਪਣੀਆਂ ਅੰਦਰਲੀਆਂ ਜੇਬਾਂ ਵਿਚ ਪਾ ਲੈਂਦੇ ਹਨ। ਫਿਰ ਉਹ ਵੋਟਰਾਂ ਨਾਲ ਗੂੰਗਿਆਂ ਵਾਂਗ ਬੱਸ ਹੱਥ ਅਤੇ ਸਿਰ ਹਿਲਾ ਹਿਲਾ ਕੇ ਗੱਲਾਂ ਕਰਦੇ ਹਨ।

ਆਪਣੇ ਸੁਪਨਿਆਂ ਵਿਚ ਇਹ ਦੇਸੀ ਲੀਡਰ, ਦਿੱਲੀ ਦੀ ਪਾਰਲੀਮੈਂਟ ਦੀ ਮੈਂਬਰੀ ਅਤੇ ਪੰਜਾਬ ਵਿਧਾਨ ਸਭਾ ਦੇ ਐਮ. ਐਲ. ਏ. ਬਣਨ ਦੇ ਯਤਨ ਕਰਦੇ ਹਨ। ਇਕ ਅੱਖ ਇਨ੍ਹਾਂ ਦੀ ਦਰਬਾਰਾ ਸਿੰਘ ਦੇ ਜੋੜੇ ਝਾੜਦੀ ਹੈ ਅਤੇ ਦੂਜੀ ਜਥੇਦਾਰਾਂ ਦੀ ਸਣੇ ਮਿਆਨ ਕਿਰਪਾਨ ਸਾਫ਼ ਕਰਦੀ ਹੈ। ਇਹ ਪੌਂਡਾਂ ਨੂੰ ਅਲਾਦੀਨ ਦਾ ਦੀਵਾ ਸਮਝਦੇ ਹਨ।

ਸਾਊਥਾਲ, ਇਕ ਗਲੋਂ ਬਾਣੀਏ ਦੁਕਾਨਦਾਰਾਂ ਦੀ ਮੰਡੀ ਹੈ। ਇਨ੍ਹਾਂ ਵਿਚੋਂ ਬਹੁਤੇ ਦੁਕਾਨਦਾਰਾਂ ਦੇ ਪਿਉ ਦਾਦੇ ਪੰਜਾਬ ਵਿਚ ਸਵੇਰੇ ਉਠ ਕੇ ਜੋਤੇ ਲਾਇਆ ਕਰਦੇ ਸਨ। ਪਰ ਵਲੈਤ ਆ ਕੇ ਇਨ੍ਹਾਂ ਵਿਚੋਂ ਬਹੁਤੇ ਲੂਣ ਤੇਲ, ਆਲੂ, ਛੋਲੇ ਅਤੇ ਜਾਪਾਨੀ ਸਾੜ੍ਹੀਆਂ ਵੇਚਣ ਲਗ ਪਏ ਹਨ। ਇਕ ਦੂਜੇ ਦੇ ਮੁਕਾਬਲੇ ਉਤੇ ਵਧ ਗੰਢਿਆਂ ਦੇ ਬੋਰੇ ਵੇਚਣ ਲਈ ਇਨ੍ਹਾਂ ਨੇ ਸੜਕਾਂ ਦੀ ਨਾਕਾਬੰਦੀ ਕਰ ਰਖੀ ਹੈ। ਇਹ ਸਬਜ਼ੀਆਂ ਦੁਕਾਨਾਂ ਦੇ ਅੰਦਰ ਘਟ ਅਤੇ ਫੁੱਟਪਾਥ ਉਤੇ ਬਹੁਤੀਆਂ ਰਖਦੇ ਹਨ। ਲੋਕ ਆਪਣੀ ਹਿੰਮਤ ਨਾਲ ਬਿਨਾਂ ਗਿੱਟਾ ਗੋਡਾ ਤੁੜਵਾਇਆਂ ਸੁੱਖ ਸਾਂਦ ਨਾਲ ਆਪਣੇ ਘਰ ਪੁਜ ਜਾਣ ਤਾਂ ਸਮਝੋ ਸੱਚੇ ਪਾਤਸ਼ਾਹ ਹਾਜ਼ਰ ਨਾਜ਼ਰ ਸੀ। ਨਹੀਂ ਤਾਂ ਅਦਰਕ ਅਤੇ ਲੱਸਣ ਵਾਲੇ ਖੋਖੇ ਵਿਚ ਅੜ ਕੇ ਸੁੱਟਣ ਦੀ ਇਨ੍ਹਾਂ ਕੋਈ ਕਸਰ ਬਾਕੀ ਨਹੀਂ ਛੱਡੀ। ਭਾਰਤ ਨਾਲੋਂ ਜੋ ਕੋਈ ਥੋੜੀ ਜਿਹੀ ਵੱਖਰੀ ਗੱਲ ਹੈ, ਤਾਂ ਉਹ ਇਹ ਹੈ ਕਿ ਹਾਲੀ ਰੇੜ੍ਹੀਆਂ ਵਾਲਿਆਂ ਵਾਂਗ "ਗੋਭੀ ਦਾ ਫੁੱਲ ਪੰਜਾਹ ਪੈਸੇ" ਦਾ ਹੋਕਾ ਨਹੀਂ ਦਿੰਦੇ।

ਕੱਪੜਿਆਂ ਦੀਆਂ ਦੁਕਾਨਾਂ ਵਾਲਿਆਂ ਨੇ ਵੀ ਕਛਹਿਰਿਆਂ ਅਤੇ ਬਨੈਣਾਂ ਦੇ ਟੋਕਰੇ ਭਰ ਸੜਕ ਉਤੇ ਰੱਖੇ ਹੋਏ ਹਨ। ਬੀਬੀਆਂ ਦੀ ਜਾਨ ਕੱਢਣ ਲਈ ਥਾਨਾਂ ਦੇ ਥਾਨ ਬਾਹਰ ਫਟਿਆਂ ਉਤੇ ਵਿਛਾਏ ਹੋਏ ਹਨ। ਰੱਬ ਜਿਡੇ ਜਿਡੇ ਸੰਦੂਕ, ਤੇਲ ਦੇ ਪੀਪੇ, ਮਹਾਂ ਦੀ ਦਾਲ ਅਤੇ ਚੌਲਾਂ ਦੇ ਬੋਰੇ ਜਗਰਾਵਾਂ ਦੀ ਮੰਡੀ ਵਾਂਗ ਦੁਕਾਨਾਂ ਤੋਂ ਬਾਹਰ ਧਾਂਕਾਂ ਵਿਚ ਲਗੇ ਪਏ ਹਨ। ਸ਼ਾਇਦ ਅਗੇ ਤੋਂ ਮੀਟ ਦੀਆਂ ਦੇਸੀ ਦੁਕਾਨਾਂ ਵਾਲੇ ਦੁਕਾਨਦਾਰ ਧੌਣਾਂ ਨੂੰ ਮੋਛੇ ਪਏ ਵਾਲੇ ਬੱਕਰੇ ਅਤੇ ਸੂਰ ਵੀ ਬਾਹਰ ਲਟਕਾਉਣ ਲਗ ਪੈਣ। ਦੁਕਾਨ ਤੋਂ ਬਾਹਰ ਪਿਆ ਹਰਾ ਧਨੀਆਂ ਅਤੇ ਮੇਥੀ ਤਾਂ ਚਲੋ ਬਰਦਾਸ਼ਤ ਕੀਤੀ ਜਾ ਸਕਦੀ ਹੈ ਪਰ ਫੁਟ ਫੁਟ ਲੰਬੇ ਬੈਂਗਣਾਂ ਨੂੰ ਕੋਈ ਕਿਵੇਂ ਸਹਾਰ ਸਕਦਾ ਹੈ।

ਸਾਊਥਾਲ ਇਕ ਢੰਗ ਨਾਲ ਲੰਡਨ ਦੀ ਫਲੀਟ ਸਟਰੀਟ ਹੈ। ਪੰਜਾਬੀ ਦੇ ਤਿੰਨੇ ਅਖਬਾਰ ਇਥੋਂ ਹੀ ਨਿਕਲਦੇ ਹਨ। ਰਾਜਨੀਤਕ ਪਖੋਂ ਇਹ ਕਿਸੇ ਵੀ ਵਿਚਾਰਧਾਰਾ ਦੇ ਧਾਰਨੀ ਨਹੀਂ ਹਨ। ਇਨ੍ਹਾਂ ਦੀ ਆਪਣੀ ਹੀ ਸਿਆਸਤ ਹੈ। ਜੇ ਇਕ ਅਖਬਾਰ ਬੀਬੀ ਇੰਦਰਾ ਨੂੰ ਵੀਹਵੀਂ ਸਦੀ ਦੀ ਦੇਵੀ ਬਣਾਉਣ ਤੀਕ ਜਾਂਦਾ ਹੈ ਤਾਂ ਦੂਜਾ ਜਥੇਦਾਰਾਂ ਦੀਆਂ ਪੱਗਾਂ ਰੰਗੀ ਜਾਂਦਾ ਹੈ। ਇਨ੍ਹਾਂ ਸਾਰੇ ਅਖਬਾਰਾਂ ਦਾ ਬੁਨਿਆਦੀ ਮਕਸਦ ਪੈਸੇ ਕਮਾਉਣ ਲਈ ਪਾਠਕਾਂ ਨੂੰ ਧੱਕੇ ਨਾਲ ਪੰਜਾਬ ਦੀ ਗੰਧਲੀ ਸਿਆਸਤ ਦਾ ਲੂਣਾ ਸ਼ਰਬਤ ਪਿਲਾਉਣਾ ਹੈ। ਜੇ ਕਿਸੇ ਜਥੇਦਾਰ ਨੇ ਅੰਮ੍ਰਿਤਸਰ ਛਿੱਕ ਵੀ ਮਾਰੀ ਹੋਵੇ ਤਾਂ ਇਹ ਅਖਬਾਰ ਉਸ ਨੂੰ ਹੋਏ ਸਖਤ ਜ਼ਕਾਮ ਦੀ ਸੁਰਖੀ ਲਾਉਣਗੇ। ਖਾਲਿਸਤਾਨ ਦੇ ਅਡੰਬਰ ਦਾ ਇਤਨਾ ਰਾਮ ਰੌਲਾ ਪੰਜਾਬ ਵਿਚ ਨਹੀਂ ਜਿਤਨਾ ਅਖਬਾਰਾਂ ਇਥੇ ਪਾਇਆ ਹੋਇਆ ਹੈ।

ਇਗਲੈਂਡ ਦੀ ਸਿਆਸਤ ਸੰਬੰਧੀ ਪੰਜਾਬੀ ਦੇ ਪਰਚਿਆਂ ਦੀ ਚੁੱਪ ਦੇ ਵਡੇ ਕਾਰਣ ਹਨ। ਇਕ ਤਾਂ ਇਹ ਕਿ ਇਨ੍ਹਾਂ ਪਰਚਿਆਂ ਨੂੰ ਸਰਕਾਰੀ ਅਤੇ ਅਧ ਸਰਕਾਰੀ ਅਦਾਰਿਆਂ ਵਲੋਂ ਹਜ਼ਾਰਾਂ ਪੌਂਡਾਂ ਦੇ ਇਸ਼ਤਿਹਾਰ ਮਿਲਦੇ ਹਨ। ਸਰਕਾਰਾਂ ਦੀ ਅਦਲਾ ਬਦਲੀ ਨਾਲ ਇਨ੍ਹਾਂ ਦੇ ਤੋਰੀ ਫੁਲਕੇ ਨੂੰ ਖਤਰਾ ਪੈਦਾ ਹੋ ਸਕਦਾ ਹੈ। ਸੋ ਇਹ ਅਖਬਾਰ ਇਥੋਂ ਦੀਆਂ ਦੋਵੇਂ ਮੁੱਖ ਪਾਰਟੀਆਂ ਨੂੰ ਨਾਰਾਜ਼ ਕਿਵੇਂ ਕਰਨ ? ਦੂਜਾ ਕਾਰਣ ਇਹ ਹੈ ਕਿ ਇੰਗਲੈਂਡ ਵਸਦਾ ਇਨ੍ਹਾਂ ਅਖਬਾਰਾਂ ਦਾ ਪਾਠਕ ਇਸ ਖਬਰ ਵਿਚ ਵਧੇਰੇ ਦਿਲਚਸਪੀ ਲੈਂਦਾ ਹੈ ਕਿ ਪੰਜਾਬ ਦੇ ਕਿਸੇ ਮੰਦਰ ਵਿਚ ਸੁਟੀ ਗਈ ਪੂਛ ਸੱਚੀ ਮੁੱਚੀ ਗਾਂ ਦੀ ਸੀ ਕਿ ਕੱਟੇ ਦੀ ਜਾਂ ਦਰਬਾਰਾ ਸਿੰਘ ਦਾ ਗਿਆਨੀ ਮੱਕੂ ਠੱਪੂ ਕਿ ਨਹੀਂ। ਸੰਤ ਭਿੰਡਰਾਂ ਵਾਲੇ ਦੂਜੇ ਸੰਤਾਂ ਦੇ ਫੱਟੇ ਚੁਕਣਗੇ ਕਿ ਨਹੀਂ। ਜਾਂ ਕਮਿਊਨਿਸਟ ਪਾਰਟੀਆਂ ਨੂੰ ਕਦੀ ਅਕਲ ਆਵੇਗੀ ਕਿ ਨਹੀਂ ਆਦਿ।

ਇਨ੍ਹਾਂ ਅਖਬਾਰਾਂ ਨੂੰ ਚਾਹੀਦਾ ਹੈ ਕਿ ਉਹ ਇਥੋਂ ਦੀ ਅਜੋਕੀ ਸਿਆਸਤ ਸੰਬੰਧੀ ਦੇਸੀ ਲੋਕਾਂ ਨੂੰ ਵਧੇਰੇ ਜਾਣਕਾਰੀ ਦੇਣ ਪਰ ਹਾਲ ਦੀ ਘੜੀ ਤਾਂ ਇਨ੍ਹਾਂ ਅਖਬਾਰਾਂ ਦਾ ਪਹਿਲਾ ਸਫਾ ਜਥੇਦਾਰਾਂ ਅਤੇ ਦਰਬਾਰਾ ਸਿੰਘੀਆਂ ਨੇ ਘੇਰਿਆਂ ਹੋਇਆ ਹੈ। ਬੱਸ ਪਾਲਸੀ ਇਹ ਹੈ ਕਿ ਬੇਬੇ ਗੁਬਿੰਦੀ ਵੀ ਠੀਕ ਹੈ ਪਰ ਗਲਤ ਬਾਬਾ ਦੌਲਤੀ ਵੀ ਨਹੀਂ।

ਇਹ ਸਭ ਕੁਝ ਦੇ ਬਾਵਜੂਦ ਸਾਊਥਾਲ ਤਰਨਤਾਰਨ ਦੀ ਮੱਸਿਆ ਹੈ। ਸ਼ਨਿਚਰਵਾਰ ਜੇ ਪੰਜਾਬਣਾਂ ਰੰਗ ਬਰੰਗੀਆਂ ਸਾੜ੍ਹੀਆਂ ਸੋਨੇ ਨਾਲ ਲਦੀਆਂ ਅਤੇ ਘੁਟਵੇਂ ਸੂਟਾਂ ਵਿਚ ਬਾਜ਼ਾਰ ਵਿਚ ਨਾ ਆਉਣ ਤਾਂ ਸਾਊਥਾਲ ਅਹਿਮਦ ਗੜ੍ਹ ਦਾ ਰੇਲਵੇ ਸਟੇਸ਼ਨ ਲਗੇ। ਪੰਜਾਬੀ ਮੁੰਡੇ ਵੀ ਡੌਲੇ ਨੰਗੇ ਰਖਦੇ ਹਨ। ਗੁਜਰਾਤੀ ਤਾਂ ਬੱਸ ਐਵੇਂ ਹੀ ਮੂੰਗੀ ਅਤੇ ਚੌਲਾਂ ਦੀਆਂ ਬੋਰੀਆਂ ਢੁਈ ਫਿਰਦੇ ਹਨ।

ਸ਼ਨਿਚਰਵਾਰ, ਸਾਊਥਾਲ ਦਾ ਡਾਕਖਾਨਾ ਵੀ ਕੁੱਕੜਾਂ ਦੇ ਖੁੱਡੇ ਵਾਂਗ ਤੂੜਿਆਂ ਹੁੰਦਾ ਹੈ। ਇਸ ਦਿਨ ਬੀਬੀਆਂ ਆਪਣੇ ਬੱਚਿਆਂ ਦਾ ਅਲਾਉਂਸ ਲੈਣ ਆਉਂਦੀਆਂ ਹਨ। ਇਕ ਬੱਚੇ ਦੀ ਜਮਾਈ ਦੇ, ਮਾਂ ਨੂੰ ਇਕ ਹਫਤੇ ਦੇ ਲਗਭਗ ਅੱਸੀ ਰੁਪਏ ਮਿਲ ਜਾਂਦੇ ਹਨ। ਉਹ ਉਤਾਵਲੀਆਂ ਹੋਈਆਂ ਅਲਾਉਂਸ ਵਾਲੀ ਕਾਪੀ ਕਦੇ ਹੱਥ ਵਿਚ ਅਤੇ ਕਦੇ ਪਰਸ ਵਿਚ ਪਾਉਂਦੀਆਂ ਹਨ। ਅਲਾਉਂਸ ਦਾ ਸਬੂਤ ਉਨ੍ਹਾਂ ਨੇ ਪਰੈਮ ਵਿਚ ਪਾਇਆ ਹੁੰਦਾ ਹੈ। ਜਿਨ੍ਹਾਂ ਬੀਬੀਆਂ ਦੇ ਪੰਜ ਸਤ ਵਰ੍ਹੇ ਜ਼ਰਾ ਭਰਵੇਂ ਲਗੇ ਹੁੰਦੇ ਹਨ। ਉਹ ਫਿਰ ਦਸਾ ਦਸਾ ਦੇ ਨੋਟਾਂ ਦੀਆਂ ਗੁੱਥੀਆਂ ਸਾਂਭ ਕੇ ਪਰਸ ਵਿਚ ਪਾ ਲੈਂਦੀਆਂ ਹਨ। ਨਾਲੇ ਉਹ ਫਿਰ ਵਾਹਿਗੁਰੂ ਅਗੇ ਅਗਲੇ ਵਰ੍ਹੇ ਲਈ ਅਰਦਾਸ ਕਰਦੀਆਂ ਹਨ।

ਉਹ ਬੀਬੀਆਂ ਫਿਰ ਸਭ ਤੋਂ ਛੋਟੇ ਗੁੱਡੂ ਦੀ ਪਰੈਮ ਹੱਥਾਂ ਦੀ ਬਜਾਏ ਢਿੱਡ ਨਾ ਧਕਦੀਆਂ ਹਨ। ਸਵਾਦ ਆਇਆ ਨਾ ਵਲੈਤ ਵਿਚ ਨਿਆਣੇ ਜੰਮਣ ਦਾ। ਇੰਡੀਆਂ ਵਿਚ ਤਾਂ ਐਵੇਂ ਢਿੱਡ ਪੜਵਾਉਣ ਵਾਲੀ ਗੱਲ ਹੈ। ਇਸ ਨੂੰ ਕਹਿੰਦੇ ਹਨ ਇੰਗਲੈਂਡ ਦੀ ਮਿੱਠੀ ਜੇਲ੍ਹ।

NRS

NATIONAL REAL ESTATE SERVICE

□BUYING
□SELLING

Free Evaluation For Your Property
Call Any Time: Without Any Obligation

MALKIT DHAMI
M.A. (Eco.)

Phone. Office:321-6881
Res:879-9078

BLOCK BROS.
REALTY LIMITED
5842 Cambie Street, Vancouver,B.C.

ਤੁਹਾਡੀ ਹਰ ਕਿਸਮ ਦੀ ਛਪਵਾਈ ਦੀਆਂ ਲੋੜਾਂ

ਇਕੋ ਥਾਂ ਤੋਂ ਪੂਰੀਆਂ ਹੋ ਸਕਦੀਆ ਹਨ
* ਬਿਜ਼ਨਿਸ ਕਾਰਡ * ਰਸੀਦ -ਬੁੱਕਾਂ
* ਵਿਆਹ ਸ਼ਾਦੀਆਂ ਦੇ ਕਾਰਡ
* ਮੈਗਜ਼ੀਨ * ਫਲਾਇਰ

ADAM BAKSH
PHONE 873-6125

For all your printing needs.
Contact
MAIN
PRINTING & GRAPHIC
4865, MAIN ST.
VANCOUVER, B. C.

ਖਾਸ ਰਿਪੋਰਟ

ਇੰਡੀਅਨ ਏਅਰ ਲਾਈਨਜ਼ ਦਾ ਅਗਵਾਕਾਰ ਮੁਸੀਬਤ ਸਿੰਘ ਕੌਣ ਸੀ ?

ਮੁਸੀਬਤ ਸਿੰਘ ਦੇ ਪਿਉ ਦੀ ਜ਼ੁਬਾਨੀ —

ਚੰਡੀਗੜ੍ਹ : (ਵਿਸ਼ੇਸ਼ ਪ੍ਰਤੀਨਿਧ)

ਰਾਜਾ ਸਾਂਸੀ ਹਵਾਈ ਅੱਡੇ ਉਤੇ ਅਗਵਾ ਕੀਤੇ ਗਏ ਇੰਡੀਅਨ ਏਅਰ ਲਾਈਨਜ਼ ਦੇ ਜਹਾਜ਼ ਅੰਦਰ ਹੀ ਪੁਲਿਸ ਮੁਕਾਬਲੇ ਵਿਚ ਹਲਾਕ ਹੋਣ ਵਾਲੇ 29 ਸਾਲਾ ਨੌਜਵਾਨ ਮੁਸੀਬਤ ਸਿੰਘ ਦੇ ਪਿਤਾ ਗਿਆਨੀ ਦਲੀਪ ਸਿੰਘ, ਜੋ ਪੁਤਲੀਘਰ ਵਿਚ ਗੁਰਦੁਆਰਾ ਪਿਪਲੀ ਸਾਹਿਬ ਵਿਚ ਸੇਵਾਦਾਰ ਹੈ, ਨੇ ਇਕ ਵਿਸ਼ੇਸ਼ ਇੰਟਰਵਿਊ ਵਿਚ ਆਪਣੇ ਪੁੱਤਰ ਮੁਸੀਬਤ ਸਿੰਘ ਦੀ ਮੌਤ ਅਤੇ ਆਪਣੇ ਖਾਨਦਾਨ ਵਿਚ ਭਿੰਡਰਾਂਵਾਲਾ ਦੇ ਪੈਰ ਪੈਣ ਦੀ ਦਾਸਤਾਨ ਬੜੇ ਹੀ ਦੁਖ ਭਰੇ ਢੰਗ ਨਾਲ ਬਿਆਨ ਕੀਤੀ ਹੈ ।

ਦਲੀਪ ਸਿੰਘ ਨੇ ਦੱਸਿਆ ਹੈ ਕਿ ਉਹ ਜਾਤ ਦਾ ਜਾਰਗਰ ਹੈ ਅਤੇ ਉਸਦਾ ਪਿੰਡ ਮਹਿਤਾ ਚੌਂਕ ਸੀ । ਭਿੰਡਰਾਂਵਾਲੇ ਦੇ ਡੇਰੇ ਬਿਲਕੁਲ ਸਾਹਮਣੇ ਹੀ ਉਸਦਾ ਘਰ ਸੀ । ਉਹ ਉਸ ਮਕਾਨ ਨੂੰ ਕਈ ਸਾਲ ਪਹਿਲਾਂ ਵੇਚ ਕੇ ਅੰਮ੍ਰਿਤਸਰ ਵਿਚ ਰਹਿਣ ਲੱਗ ਪਿਆ ਸੀ । ਪੁਤਲੀਘਰ ਵਿਚ ਕਪੂਰ ਸਿਲਕ ਵੂਲਿੰਗ ਮਿੱਲ ਵਾਲੀ ਗਲੀ ਵਿਚ ਉਨ੍ਹਾਂ ਦਾ ਆਪਣਾ ਮਕਾਨ ਹੈ ਜਿਸਦਾ ਕੁਝ ਹਿਸਾ ਉਸਨੇ ਕਿਰਾਏ ਤੇ ਦਿੱਤਾ ਹੋਇਆ ਹੈ ।

ਸ: ਦਲੀਪ ਸਿੰਘ ਨੇ ਦਸਿਆ ਕਿ ਉਸਦੀ ਬਦਕਿਸਮਤੀ ਉਸ ਵੇਲੇ ਸ਼ੁਰੂ ਹੋਈ ਜਦ ਉਸਦੀ ਸਾਲੀ ਨੇ ਉਸਦਾ ਇਕ ਛੋਟਾ ਜਿਹਾ ਲੜਕਾ, ਜੋ ਅੰਮ੍ਰਿਤਸਰ ਵਿਚ ਕ੍ਰਿਪਾਨ ਫੈਕਟਰੀ ਵਿਚ ਕੰਮ ਕਰਦਾ ਸੀ, ਨੂੰ ਉਸਨੇ ਭਿੰਡਰਾਂਵਾਲੇ ਦੇ ਡੇਰੇ ਵਿਚ ਭੇਜ ਦਿਤਾ ਤਾਂ ਕਿ ਉਹ ਉਥੋਂ ਪਾਠ ਕਰਨ ਦੀ ਸਿਖਿਆ ਹਾਸਲ ਕਰਕੇ ਪਾਠੀ ਬਣਕੇ ਬਹੁਤ ਸਾਰਾ ਪੈਸਾ ਕਮਾ ਸਕੇ ।

ਉਸਨੇ ਦਸਿਆ ਕਿ ਉਸਦੀ ਵਹੁਟੀ ਨੂੰ ਵੀ ਉਸਦੀ ਸਾਲੀ ਨੇ ਭਿੰਡਰਾਂਵਾਲਾ ਕੋਲੋਂ ਅੰਮ੍ਰਿਤ ਛਕਾ ਦਿਤਾ ਅਤੇ ਇਸ ਤਰ੍ਹਾਂ ਉਸਦੇ ਘਰ ਦੀ ਤਬਾਹੀ ਸ਼ੁਰੂ ਹੋ ਗਈ । ਉਸਨੇ ਕਿਹਾ ਕਿ ਮੇਰੀ ਵਹੁਟੀ ਕਰਤਾਰ ਕੌਰ ਨੂੰ ਇਲਾਕੇ ਦੀ ਇਸਤਰੀ ਦਲ ਦਾ ਪ੍ਰਧਾਨ ਬਣਾ ਦਿਤਾ ਗਿਆ । ਮੈਂ ਉਸਨੂੰ ਬੜਾ ਸਮਝਾਇਆ ਕਿ ਇਹ ਲੋਕ ਪਹਿਲਾਂ ਤਾਂ ਲੀਡਰ ਬਣਾ ਦਿੰਦੇ ਹਨ, ਪਰ ਬਾਅਦ ਵਿਚ ਪੁਛਦਾ ਕੋਈ ਨਹੀਂ । ਮੈਂ ਉਸਨੂੰ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਿਹ ਸਿੰਘ ਦੀਆਂ ਮਿਸਾਲਾਂ ਦੇ ਕੇ ਕਿਹਾ ਕਿ ਅੱਜ ਉਨ੍ਹਾਂ ਦਾ ਕੋਈ ਨਾਂ ਵੀ ਨਹੀਂ ਲੈਂਦਾ ।

ਪਰ ਮੇਰੀ ਵਹੁਟੀ ਤੇ ਭਿੰਡਰਾਂਵਾਲੇ ਦਾ ਏਨਾਂ ਜਨੂਨ ਸੀ ਕਿ ਉਸਨੇ ਅਮਲੀ ਤੌਰ ਤੇ ਮੇਰੇ ਨਾਲ ਬਗਾਵਤ ਕਰ ਦਿਤੀ ਅਤੇ ਕਿਹਾ ਕਿ 50 ਸਾਲ ਤੱਕ ਤੁਹਾਡੀ ਖਿਦਮਤ ਕੀਤੀ ਹੈ ਪਰ ਹੁਣ ਮੈਂ ਤੁਹਾਡੀ ਵਹੁਟੀ ਨਹੀਂ । ਇਹੋ ਹਾਲਤ ਦੇ ਚਾਰ ਮਹੀਨੇ ਤਕ ਸਾਡੇ ਘਰ ਵਿਚ ਬਣੀ ਰਹੀ ਮੇਰਾ ਮੁੰਡਾ ਮਨਜੀਤ ਸਿੰਘ, ਜੋ ਸਿਰਫ 6 ਜਮਾਤਾਂ ਪੜ੍ਹਿਆ ਹੋਇਆ ਸੀ ਤੇ ਬੜਾ ਵਧੀਆ ਇਲੈਕਟਰੀਸ਼ਨ ਸੀ, ਵੀ ਭਿੰਡਰਾਂਵਾਲੇ ਦੇ ਜਾਲ ਵਿਚ ਫਸ ਗਿਆ ਅਤੇ ਆਪਣੀ ਮਾਂ, ਅਤੇ ਮਾਸੀ ਦੇ ਨਾਲ ਉਸਨੇ ਵੀ ਭਿੰਡਰਾਂਵਾਲਾ ਕੋਲੋਂ ਅੰਮ੍ਰਿਤ ਛਕ ਲਿਆ ਅਤੇ ਇਸ ਤਰ੍ਹਾਂ ਮੇਰੇ ਘਰ ਦੀ ਬਰਬਾਦੀ ਦਾ ਦੂਜਾ ਦੌਰ ਸ਼ੁਰੂ ਹੋ ਗਿਆ ।

ਉਸਨੇ ਕਿਹਾ ਮੇਰਾ ਲੜਕਾ ਮਨਜੀਤ ਸਿੰਘ ਬਹੁਤ ਹੀ ਅਵਾਰਾ, ਲਫੰਗਾ ਅਤੇ ਗੁੰਡਾ ਸੀ ਅਤੇ ਉਹ ਕੁੜੀਆਂ ਪਿੱਛੇ ਘੁੰਮਦਾ ਰਹਿੰਦਾ ਸੀ ਅਤੇ ਦੂਜੇ ਅਵਾਰਾ ਨੌਜਵਾਨਾਂ ਨਾਲ ਮੋਟਰ ਸਾਈਕਲਾਂ ਤੇ ਬੈਠ ਕੇ ਲਫੰਗਬਾਜੀ ਵੀ ਕਰਦਾ ਸੀ । ਗਿਆਨੀ ਦਲੀਪ ਸਿੰਘ, ਜੋ ਕਿ ਇਕ ਬਹੁਤ ਹੀ ਗੁਰਮੁਖ ਅਤੇ ਗੁਰਸਿੱਖ ਹੈ, ਨੇ ਦੱਸਿਆ ਕਿ ਉਹ ਪਹਿਲਾਂ ਇਕ ਮਿੱਲ ਵਿਚ ਵਰਕਰ ਸੀ ਅਤੇ ਇਸਤੋਂ ਬਾਅਦ ਉਸਨੇ ਗੁਰਦੁਆਰਾ ਪਿਪਲੀ ਸਾਹਿਬ ਵਿਚ 340 ਰੁਪਏ ਮਹੀਨੇ ਤੇ ਨੌਕਰੀ ਕਰ ਲਈ ਅਤੇ ਆਪਣੇ ਪਰਵਾਰ ਦਾ ਗੁਜਾਰਾ ਕਰਦਾ ਰਿਹਾ । ਪਰ ਮੇਰੇ ਲੜਕੇ ਮਨਜੀਤ ਸਿੰਘ ਅਤੇ ਉਸਦੀ ਮਾਂ ਨੇ ਮਿਲ ਕੇ ਸਾਨੂੰ ਸ਼ਰੀਫਾਂ ਨੂੰ ਬਦਨਾਮ ਕਰ ਦਿਤਾ । ਮਨਜੀਤ ਸਿੰਘ ਨੂੰ ਫੈਕਟਰੀ ਵਾਲਿਆਂ ਤੋਂ ਮੋਟਰਾਂ ਮੁਰੰਮਤ ਕਰਨ ਬਦਲੇ ਰੁਪਿਆ ਅਡਵਾਂਸ ਲੈ ਲੈਂਦਾ ਸੀ ਅਤੇ ਉਸਦੇ ਬਾਅਦ ਉਨ੍ਹਾਂ ਦਾ ਕੰਮ ਨਹੀਂ ਸੀ ਕਰਦਾ । ਇਸ ਤਰ੍ਹਾਂ ਮੈਂ ਉਸਦੇ ਅਡਵਾਂਸ ਲਏ ਹੋਏ ਰੁਪਏ ਨੂੰ ਸ਼ਰਮ ਦੇ ਮਾਰੇ ਵਾਪਸ ਕਰਦਾ ਸੀ । ਮੈਂ ਉਸਤੋਂ ਤੰਗ ਆਕੇ 1978 'ਚ ਉਸਨੂੰ ਬਾਤਰਫੀ ਦੇਣ ਲਈ ਹਲਫੀਆਂ ਬਿਆਨ ਤਸਦੀਕ ਕਰਵਾਇਆ ਅਤੇ ਅਖਬਾਰਾਂ ਵਿਚ ਉਸਦਾ ਇਸ਼ਤਿਹਾਰ ਦੇਣਾ ਚਾਹੁੰਦਾ ਸੀ ਪਰ ਮੇਰੀ ਵਹੁਟੀ ਕਰਤਾਰ ਕੌਰ ਰਸਤੇ ਵਿਚ ਚਟਾਨ ਵਾਂਗ ਖੜੀ ਹੋ ਗਈ ਅਤੇ ਮੈਨੂੰ ਧਮਕੀ ਦਿਤੀ ਕਿ ਜੇ ਅਖਬਾਰਾਂ ਵਿਚ ਇਸ਼ਤਿਹਾਰ ਦਿਤਾ ਗਿਆ ਤਾਂ ਉਹ ਗੱਡੀ ਹੇਠਾਂ ਆਕੇ ਖੁਦਕਸ਼ੀ ਕਰ ਲਵੇਗੀ । ਇਸ ਤੇ ਮੈਂ ਉਹ ਹਲਫੀਆਂ ਬਿਆਨ ਸੰਭਾਲ ਕੇ ਕੋਲ ਰੱਖ ਲਿਆ ਅਤੇ ਹੁਣ ਹਲਫੀਆ ਬਿਆਨ ਦੇ ਕਾਰਨ ਹੀ ਪੁਲਸ ਨੇ ਮੈਨੂੰ ਛੱਡ ਦਿਤਾ ਅਤੇ ਮੇਰੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ।

ਗਿਆਨੀ ਦਲੀਪ ਸਿੰਘ ਨੇ ਦਸਿਆ ਕਿ ਉਸਦਾ ਮਰਨ ਵਾਲਾ ਮੁੰਡਾ ਏਨਾ ਫਰੇਬੀ ਅਤੇ ਝੂਠਾ ਸੀ ਕਿ ਉਸਨੇ ਪੁਤਲੀਘਰ ਵਿਚ ਆਪਣੇ ਇਕ ਰਿਸ਼ਤੇਦਾਰ ਕੋਲ ਬੋਲੀ ਵਾਲੀ ਕਮੇਟੀ ਪਾ ਲਈ ਅਤੇ ਮੇਰੇ ਨਾਂ ਤੇ ਉਸ ਤੋਂ ਪੰਜ ਹਜ਼ਾਰ ਦੀ ਕਮੇਟੀ 2750 ਰੁਪਏ ਘਾਟੇ ਤੇ ਲੈ ਲਿਆ ਅਤੇ ਫਿਰ ਉਸਨੂੰ ਬਾਕੀ ਦੀਆਂ ਕਿਸ਼ਤਾਂ ਨਹੀਂ ਦਿਤੀਆਂ ਤੇ ਉਹ ਰੁਪਿਆ ਵੀ ਮੈਂ ਦਿਤਾ । ਇਸਦੇ ਬਾਅਦ ਮੈਨੂੰ ਪਤਾ ਲੱਗਾ ਕਿ ਉਹ ਸ਼ਹਿਰ ਵਿਚ ਕਿਸੇ ਦੂਜੀ ਚਿੱਟ ਫੰਡ ਕੰਪਨੀ ਤੋਂ ਦਸ ਹਜ਼ਾਰ ਵਾਲੀ ਕਮੇਟੀ ਚਾਰ ਹਜ਼ਾਰ ਵਿਚ ਲੈਣ ਵਾਲਾ ਹੈ ਤਾਂ ਮੈਂ ਉਸ ਚਿੱਟ ਫੰਡ ਕੰਪਨੀ ਦੇ ਮਾਲਕ ਨੂੰ ਚੇਤਾਵਨੀ ਦਿਤੀ ਕਿ ਮੈਂ ਉਸਦੇ ਲੈਣ ਦੇਣ ਦਾ ਜ਼ਿਮੇਵਾਰ ਹੋਵਾਂਗਾ ।

ਸ: ਦਲੀਪ ਸਿੰਘ ਨੇ ਦਸਿਆ ਕਿ ਕੁਝ ਸਮਾਂ ਪਹਿਲਾਂ ਜਦ ਤੋਂ ਉਹ ਭਿੰਡਰਾਂਵਾਲਾ ਦਾ ਸਰਗਰਮ ਚੇਲਾ ਬਣਿਆ ਸੀ, ਕੁਝ ਜ਼ਿਆਦਾ ਹੀ ਵਿਗੜ ਗਿਆ ਕਿਉਂਕਿ ਉਹ ਘਰ ਕਈ ਕਈ ਦਿਨ ਨਹੀਂ ਆਉਂਦਾ ਸੀ ਅਤੇ ਹਰ ਵੇਲੇ ਭਿੰਡਰਾਂਵਾਲਾ ਦਾ ਹੀ ਨਾਂ ਲੈਂਦਾ ਸੀ । ਉਹ ਕਈ ਵਾਰ ਕਹਿੰਦਾ ਸੀ ਕਿ ਉਹ ਮੰਤਰੀ ਬਣੇਗਾ ।

ਦਲੀਪ ਸਿੰਘ ਨੇ ਦਸਿਆ ਕਿ ਹਵਾਈ ਜਹਾਜ਼ ਅਗਵਾ ਹੋਣ ਤੇ ਕਰੀਬ ਡੇਢ ਮਹੀਨੇ ਪੁਲਸ ਦੀ ਇਕ ਪਾਰਟੀ ਨੇ ਮੈਨੂੰ ਪੁਤਲੀਘਰ ਬਜ਼ਾਰ ਵਿਚ ਇਕ ਦੁਕਾਨ ਤੇ ਬੁਲਾਇਆ ਤੇ ਪੁਛਿਆ ਕਿ ਮੇਰਾ ਮੁੰਡਾ ਮਨਜੀਤ ਸਿੰਘ ਕਿਥੇ ਹੈ ਤਾਂ ਮੈਂ ਕਿਹਾ ਉਸਦਾ ਮੇਰੇ ਨਾਲ ਕੋਈ ਸਬੰਧ ਨਹੀਂ । ਪੁਲਸ ਨੇ ਪੁਛਿਆ ਕਿ ਉਸਦਾ ਦਲ ਖਾਲਸਾ ਨਾਲ ਕੋਈ ਸਬੰਧ ਹੈ ਤਾਂ ਮੈਂ ਦੱਸਿਆ ਕਿ ਇਸਦੀ ਮੈਨੂੰ ਕੋਈ ਜਾਣਕਾਰੀ ਨਹੀਂ ਪਰ ਉਹ ਭਿੰਡਰਾਂਵਾਲਾ ਦਾ ਚੇਲਾ ਜ਼ਰੂਰ ਹੈ । ਉਸ ਦਿਨ ਤੋਂ ਬਾਅਦ ਮਨਜੀਤ ਸਿੰਘ ਘਰ ਨਹੀਂ ਆਇਆ ।

ਗਿਆਨੀ ਦਲੀਪ ਸਿੰਘ ਨੇ ਕਿਹਾ ਕਿ ਮਨਜੀਤ ਸਿੰਘ ਦਾ ਨਾਂ ਮੁਸੀਬਤ ਸਿੰਘ ਭਿੰਡਰਾਂਵਾਲਾ ਨੇ ਹੀ ਰੱਖਿਆ । ਉਸਨੇ ਕਿਹਾ ਕਿ ਉਸਨੂੰ ਤਾਂ ਇਸ ਗੱਲ ਦਾ ਪਤਾ ਨਹੀਂ ਸੀ ਪਰ ਮਨਜੀਤ ਸਿੰਘ ਦੀ ਮਾਂ, ਵਹੁਟੀ ਅਤੇ ਗਰੇਜੂਏਟ ਭੈਣ ਨੂੰ ਪਤਾ ਸੀ ਕਿ ਭਿੰਡਰਾਂਵਾਲੇ ਨੇ ਮਨਜੀਤ ਸਿੰਘ ਦਾ ਨਾਂ ਮੁਸੀਬਤ ਸਿੰਘ ਰੱਖਿਆ ਹੋਇਆ ਹੈ । ਜਿਸ ਦਿਨ ਜਹਾਜ਼ ਦੇ ਅਗਵਾ ਹੋਣ ਦੀ ਖਬਰ ਦੇ ਬਾਅਦ ਸ਼ਾਮ ਨੂੰ ਟੀ. ਵੀ. ਤੇ ਉਸਦੇ ਹਲਾਕ ਹੋਣ ਦੀ ਖਬਰ ਆਈ ਤਾਂ ਉਸਦੀ ਵਹੁਟੀ ਅਤੇ ਭੈਣ ਨੇ ਉਥੇ ਹੀ ਰੋਣਾ ਪਿੱਟਣਾ ਸ਼ੁਰੂ ਕਰ ਦਿਤਾ ਅਤੇ ਦੋਵੇਂ ਮੇਰੇ ਕੋਲ ਗੁਰਦੁਆਰੇ ਵਿਚ ਰੋਂਦੀਆਂ ਪਿੱਟਦੀਆਂ ਹੋਈਆ ਆਈਆ ਤੇ ਦਸਿਆ ਕਿ ਮਨਜੀਤ ਸਿੰਘ ਮਾਰਿਆ ਗਿਆ ਹੈ । ਮੈਂ ਹੈਰਾਨ ਹੋਕੇ ਪੁਛਿਆ ਕਿ ਉਨ੍ਹਾਂ ਨੂੰ ਕਿਵੇਂ ਪਤਾ ਲੱਗਾ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਅਕਸਰ ਕਹਿੰਦਾ ਹੁੰਦਾ ਸੀ, ਕਿ ਉਹ ਮੁਸੀਬਤ ਸਿੰਘ ਦੇ ਨਾਂ ਤੇ ਇਕ ਵੱਡਾ ਕਾਰਨਾਮਾ ਕਰੇਗਾ । ਉਸੇ ਸ਼ਾਮ ਇਕ ਜੀਪ ਭਿੰਡਰਾਂਵਾਲੇ ਦੀ ਆਈ ਅਤੇ ਉਨ੍ਹਾਂ ਦੋਵਾਂ ਨੂੰ ਦਰਬਾਰ ਸਾਹਿਬ ਲੈ ਗਈ । ਉਨ੍ਹਾ ਦੀ ਮਾਂ ਪਹਿਲੇ ਹੀ ਦਰਬਾਰ ਸਾਹਿਬ ਵਿਚ ਰਹਿੰਦੀ ਸੀ ।

ਅੰਮ੍ਰਿਤਸਰ ਵਿਚ ਗਿਆਨੀ ਦਲੀਪ ਸਿੰਘ ਜੋ ਕਿ ਮੁਸੀਬਤ ਸਿੰਘ ਦਾ ਪਿਓ ਸੀ ਦਾ ਘਰ ਵਿਖਾਈ ਦੇ ਰਿਹਾ ਹੈ । ਇਹ ਪੁਤਲੀ ਘਰ ਦੀ ਇਕ ਗਲੀ ਵਿਚ ਹੈ ।(ਫੋਟੋ ਵਿਸ਼ੇਸ਼ ਪ੍ਰਤੀਨਿਧ ਮਨਜੀਤ ਸਿੰਘ ਰੱਤੂ)

ਇਪਾਨਾ ਵਲੋਂ ਦੋਹਰੀ ਸ਼ਹਿਰੀਅਤ ਲਈ ਮੁਹਿੰਮ

ਪਿਛਲੇ ਬਹੁਤ ਸਾਰੇ ਸਾਲਾਂ ਤੋਂ ਲੱਖਾਂ ਹੀ ਭਾਰਤੀ ਨੌਕਰੀਆਂ ਦੀ ਤਲਾਸ਼ ਵਿਚ ਵਿਦੇਸ਼ਾਂ ਵਿਚ ਆਏ ਹਨ । ਕਈ, ਜੋ ਕਿ ਪੜ੍ਹਾਈ ਲਈ ਆਏ, ਭਾਰਤ ਵਿਚ ਨੌਕਰੀਆਂ ਦੀ ਘਾਟ ਹੋਣ ਕਾਰਨ ਵਿਦੇਸ਼ਾਂ ਵਿਚ ਹੀ ਰਹਿ ਗਏ । ਬਹੁਤਿਆਂ ਲਈ ਇਹ ਸੁਆਲ ਕਾਫੀ ਗੰਭੀਰ ਬਣ ਗਿਆ, ਕੀ ਵਾਪਸ ਭਾਰਤ ਜਾਇਆ ਜਾਵੇ, ਜਿਥੇ ਕਿਸੇ ਨੂੰ ਭੀ ਨੌਕਰੀ ਲੱਭਣ ਦਾ ਕੋਈ ਮੌਕਾ ਨਹੀਂ ਜਾਂ ਫਿਰ ਵਿਦੇਸ਼ਾਂ ਵਿਚ ਹੀ ਰਿਹਾ ਜਾਵੇ?

ਸਾਨੂੰ ਇਸ ਵਿਚ ਜਾਣ ਦੀ ਲੋੜ ਨਹੀਂ ਕਿ ਵਿਦੇਸ਼ਾਂ ਵਿਚ ਆਉਣ ਲਈ ਕਿਸੇ ਦਾ ਮਕਸਦ ਕੀ ਸੀ । ਮਹੱਤਵਪੂਰਨ ਮਸਲਾ ਇਹ ਹੈ ਕਿ ਅੱਜ ਲੱਖਾਂ ਹੀ ਭਾਰਤੀ ਲੋਕ ਵਿਦੇਸ਼ਾਂ ਵਿਚ ਰਹਿ ਰਹੇ ਹਨ । ਬਾਹਰ ਆਉਣ ਬਾਅਦ ਉਹਨਾਂ ਨੇ ਆਪਦੇ ਪੈਰ ਜਮਾਉਣ ਲਈ, ਜਿਸ ਕਿਸੇ ਮੁਲਕ ਵਿਚ ਭੀ ਰਹਿੰਦੇ ਹਨ, ਉਥੋਂ ਦੀ ਨਾਗਰਿਕਤਾ ਲੈਣਾ ਜ਼ਰੂਰੀ ਸਮਝਿਆ । ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਆਪਣੇ ਆਪ ਨੂੰ ਭਾਰਤੀ ਸਮਝਣੋਂ ਹਟ ਗਏ । ਬਾਹਰਲੇ ਮੁਲਕਾਂ ਦੇ ਸ਼ਹਿਰੀ ਬਣਨਾ ਇਕ ਤਕਨੀਕੀ ਜਿਹੀ ਗੱਲ ਹੈ । ਕਈ ਵਾਰੀ ਨੌਕਰੀ ਹੀ ਤਾਂ ਮਿਲਦੀ ਹੈ, ਜੇ ਤੁਸੀਂ ਉਸ ਮੁਲਕ ਦੇ ਨਾਗਰਿਕ ਹੋਵੋ । ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਅੱਜ ਵੀ ਭਾਰਤੀ ਹਨ । ਉਹ ਅੱਜ ਵੀ ਇਸ ਗੱਲ ਵਿਚ ਦਿਲਚਸਪੀ ਲੈਂਦੇ ਹਨ ਕਿ ਭਾਰਤ ਦੇ ਕਿਹੜੇ ਸੂਬੇ ਵਿਚ ਕੀ ਹੋ ਰਿਹਾ ਹੈ । ਬਹੁਤਿਆਂ ਦਾ ਆਪਦੇ ਪਰਵਾਰ ਦੀ ਜਾਇਦਾਦ ਵਿਚ ਹਿੱਸਾ ਹੈ । ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਹਜ਼ਾਰਾਂ ਦੀ ਗਿਣਤੀ ਵਿਚ ਹਰ ਸਾਲ ਵਾਪਿਸ ਭਾਰਤ ਜਾਂਦੇ ਹਨ ਅਤੇ ਭਾਰਤ ਨਾਲ ਸਮਾਜਿਕ, ਕਲਚਰਲ ਅਤੇ ਆਰਥਿਕ ਸੰਬੰਧ ਰੱਖਦੇ ਹਨ । ਉਹ ਭਾਰਤ ਦੇ ਸਮਾਜੀ - ਆਰਥਿਕ ਵਿਕਾਸ ਵਿਚ ਹਿੱਸਾ ਪਾਉਂਦੇ ਹਨ । ਉਹ ਆਪਦੇ ਬੱਚਿਆਂ ਦੇ ਵਿਆਹਾਂ ਲਈ ਜਾਂ ਹੋਰਨਾਂ ਸਮਾਜਿਕ ਅਤੇ ਧਾਰਮਿਕ ਰਸਮਾਂ ਰਿਵਾਜਾਂ ਲਈ ਵਾਪਸ ਭਾਰਤ ਜਾਂਦੇ ਹਨ । ਬਹੁਤੇ ਕਿਸੇ ਦਿਨ ਵਾਪਸ ਭਾਰਤ ਜਾ ਕੇ ਰਹਿਣ ਬਾਰੇ ਭੀ ਸੋਚਦੇ ਹਨ ।

ਇਸ ਸਾਰੇ ਦੇ ਬਾਵਜੂਦ ਮੌਜੂਦਾ ਭਾਰਤੀ ਸਰਕਾਰ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨਾਲ ਵਿਦੇਸ਼ੀਆਂ ਵਾਲਾ ਸਲੂਕ ਕਰਦੀ ਹੈ । ਜਦੋਂ ਉਹ ਵਾਪਸ ਭਾਰਤ ਜਾਂਦੇ ਹਨ ਤਾਂ ਉਹਨਾਂ ਨੂੰ ਤੰਗ ਕੀਤਾ ਜਾਂਦਾ ਹੈ । ਇਹ ਭੀ ਸੁਨਣ ਵਿਚ ਆਇਆ ਹੈ ਕਿ ਸ਼ਾਇਦ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਭਾਰਤ ਵਾਪਸ ਜਾਣ ਤੋਂ ਪਹਿਲਾਂ ਵੀਜ਼ਾ ਲੈ ਕੇ ਜਾਣਾ ਪਵੇ ।

ਦੁਨੀਆਂ ਦੇ ਬਹੁਤ ਸਾਰੇ ਦੇਸ਼, ਜਿਹਨਾਂ ਵਿਚ ਪਾਕਿਸਤਾਨ ਅਤੇ ਬੰਗਲਾਦੇਸ਼ ਭੀ ਸ਼ਾਮਲ ਹਨ, ਆਪਦੇ ਦੇਸ਼ ਦੇ ਲੋਕਾਂ ਨੂੰ ਦੋਹਰੀ ਸ਼ਹਿਰੀਅਤ ਦਾ ਹੱਕ ਦਿੰਦੇ ਹਨ । ਦੂਸਰੇ ਸ਼ਬਦਾਂ ਵਿਚ ਜਦੋਂ ਉਹਨਾਂ ਦੇ ਨਾਗਰਿਕ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਲਈ ਅਪਲਾਈ ਕਰਦੇ ਹਨ ਤਾਂ ਉਹਨਾਂ ਦੀ ਪਹਿਲੀ ਨਾਗਰਿਕਤਾ ਭੀ ਕਾਇਮ ਰਹਿੰਦੀ ਹੈ । ਪਰ ਭਾਰਤੀ ਸਰਕਾਰ ਇਸ ਅਸੂਲ ਨੂੰ ਨਹੀਂ ਮੰਨਦੀ ।

ਇਹ ਜ਼ਰੂਰੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਬਦਲਾਉਣ ਲਈ ਸਰਕਾਰ ਤੇ ਜ਼ੋਰ ਪਾਇਆ ਜਾਵੇ । ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ) ਨੇ ਇਸ ਮਸਲੇ ਉਤੇ ਇਕ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ । ਇਸ ਮਸਲੇ ਉਤੇ ਇਪਾਨਾ ਵਲੋਂ ਇਕ ਪਟੀਸ਼ਨ ਸ਼ੁਰੂ ਕੀਤੀ ਗਈ ਹੈ, ਜਿਸ ਉਤੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੇ ਦਸਤਖਤ ਕਰਵਾਏ ਜਾਣਗੇ ।

ਅਸੀਂ ਆਪਦੇ ਪਾਠਕਾਂ ਅਤੇ ਮਦਦਗਾਰਾਂ ਨੂੰ ਇਸ ਮੁਹਿੰਮ ਦੀ ਮਦਦ ਕਰਨ ਅਤੇ ਇਸ ਪਟੀਸ਼ਨ ਉਤੇ ਦਸਤਖਤ ਕਰਨ ਦੀ ਤਾਕੀਦ ਕਰਦੇ ਹਾਂ ਤਾਂ ਕਿ ਭਾਰਤੀ ਸਰਕਾਰ ਉਤੇ ਵੱਧ ਤੋਂ ਵੱਧ ਦਬਾਅ ਪਾਇਆ ਜਾ ਸਕੇ ।

ਆਦਮੀਆਂ ਦੇ 3 ਪੀਸ ਸੂਟ

ਸਪੈਸ਼ਲ $99.00

ਆਦਮੀਆਂ ਦੀਆਂ ਕਮੀਜ਼ਾਂ

ਸਪੈਸ਼ਲ $8.95

ਆਦਮੀਆਂ ਦੀਆਂ ਪੈਂਟਾਂ

$16.95

25% OFF ON ALL SHOES

ਆਦਮੀਆਂ ਅਤੇ ਲੜਕਿਆਂ ਦੇ ਹਰ ਕਿਸਮ ਦੇ ਰੈਡੀਮੇਡ ਕਪੜੇ ਗਰਮ ਅਤੇ ਵੈਲਵਟ ਦੇ ਸੂਟ, ਜੈਕਟਾਂ, ਖੁਲ੍ਹੀ ਮੋਹਰੀ ਦੀਆਂ ਪੈਂਟਾਂ ਕਮੀਜ਼ਾਂ ਅਤੇ ਬੂਟ ਆਦਿ ਬਹੁਤ ਹੀ ਵਾਜਬ ਕੀਮਤਾਂ ਤੇ ਲੈਣ ਲਈ ਸਾਡੇ ਸ਼ੋਅ ਰੂਮ ਵਿਚ ਆਓ !

ELITE TAILORS

872-2276

4219 Main St. at 26th Ave

ਤੁਹਾਡੀ ਜਾਣਕਾਰੀ ਲਈ

ਰੈਜ਼ੀਡੈਂਸ਼ਲ ਰੀਹੈਬਲੀਟੇਸ਼ਨ ਪ੍ਰੋਗਰਾਮ

ਕੁਝ ਹਿੱਸਿਆਂ ਲਈ 5000 ਡਾਲਰ ਤੱਕ ਦੀ ਗਰਾਂਟ

ਜਸਵੰਤ ਮਾਂਗਟ B.A., LL.B.

(ਜਸਵੰਤ ਮਾਂਗਟ ਪਿਛਲੇ ਬਾਰਾਂ ਸਾਲ ਤੋਂ ਰੀਅਲ ਇਸਟੇਟ ਦਾ ਕੰਮ ਕਰ ਰਹੇ ਹਨ। 1978 ਤੋਂ 1980 ਤਕ ਗਰੇਟਰ ਵੈਨਕੂਵਰ ਰੀਅਲ ਇਸਟੇਟ ਬੋਰਡ ਦੇ —ਈਸਟ ਵੈਨਕੂਵਰ ਡੀਵੀਜਨ ਦੇ ਡਾਇਰੈਕਟਰ ਰਹਿ ਚੁਕੇ ਹਨ)
ਸੰਪਾਦਕ

ਕੈਨੇਡਾ ਮਾਰਗੇਜ਼ ਅਤੇ ਹਾਊਸਿੰਗ ਕਾਰਪੋਰੇਸ਼ਨ ਦੇ ਅਧੀਨ ਰੈਜ਼ੀਡੈਂਸ਼ਲ ਰੀਹੈਬਲੀਟੇਸ਼ਨ ਅਸਿਸਟੈਂਸ ਪ੍ਰੋਗਰਾਮ (RRAP) ਰਾਹੀਂ ਤੁਸੀਂ ਆਪਣੇ ਰਹਾਇਸ਼ੀ ਜਾਂ ਕਿਰਾਏ ਤੇ ਦੇਣ ਵਾਲੇ ਘਰ, ਡਯੂਪਲੈਕਸ (duplix) ਜਾਂ ਮਲਟੀਯੂਨਿਟ ਇਮਾਰਤ (Multiunit building) ਨੂੰ ਵਧੇਰੇ ਸੁਖਦਾਇਕ ਬਣਾ ਸਕਦੇ ਹੋ। ਇਹ ਸਹਾਇਤਾ ਇਕ ਕਰਜ਼ੇ ਦੇ ਰੂਪ ਵਿਚ ਮੁਹੱਈਆ ਹੁੰਦੀ ਹੈ ਜਿਸਦਾ ਕੁਝ ਹਿਸਾ ਵਾਪਸ ਨਹੀਂ ਕਰਨਾ ਪੈਂਦਾ ਇਸ ਅੰਕ ਵਿਚ ਅਸੀਂ ਕੇਵਲ ਰਿਹੈਸ਼ੀ ਘਰਾਂ ਲਈ ਮਿਲਣ ਵਾਲੇ $10,000 ਤਕ ਦੇ ਕਰਜ਼ੇ ਬਾਰੇ ਹੀ ਗੱਲਬਾਤ ਕਰਾਂਗੇ। ਇਸ ਕਰਜ਼ੇ ਦਾ $5000 ਤੱਕ ਦਾ ਹਿਸਾ ਗਰਾਂਟ ਬਣ ਜਾਂਦਾ ਹੈ।

ਇਸ ਪ੍ਰੋਗਰਾਮ ਬਾਰੇ

ਰੈਜ਼ੀਡੈਂਸ਼ਲ ਰੀਹੈਬੀਲੀਟੇਸ਼ਨ ਅਸਿਸਟੈਂਸ ਪ੍ਰੋਗਰਾਮ ਤੋਂ ਪਹਿਲਾਂ ਇਕ ਹੋਰ ਅਜਿਹਾ ਪ੍ਰੋਗਰਾਮ ਸੀ ਜਿਸਨੂੰ ਅਰਬਨ ਰੀਨੂਅਲ ਪ੍ਰੋਗਰਾਮ (Urban Renuewal Programe) ਕਹਿੰਦੇ ਸਨ। ਇਸ ਅਧੀਨ ਦਸ ਬਲਾਕਾਂ ਦਾ ਇਲਾਕਾ ਢਾ ਕੇ ਨਵਾਂ ਬਣਾਇਆ ਜਾਂਦਾ ਸੀ। ਸਮਾਂ ਗੁਜ਼ਰਨ ਦੇ ਨਾਲ ਨਾਲ ਇਹ ਇਸ ਪ੍ਰੋਗਰਾਮ ਵਿਚ ਤਬਦੀਲੀ ਆਈ ਕਿਉਂਕਿ ਇਉਂ ਕਰਨਾ ਕਠਿਨ ਅਤੇ ਮਹਿਗਾ ਸਾਬਤ ਹੋਣ ਲੱਗਾ। ਰੈਜ਼ੀਡੈਂਸ਼ਲ ਰੀਹੈਬਲੀਟੇਸ਼ਨ ਅਸਿਸਟੈਂਸ ਪ੍ਰੋਗਰਾਮ ਅਧੀਨ ਵੱਖ ਵੱਖ ਸ਼ਹਿਰਾਂ ਦੇ ਕੁਝ ਵਿਸ਼ੇਸ਼ ਹਿੱਸੇ ਉਨ੍ਹਾਂ ਹਿੱਸਿਆਂ ਵਿਚਲੇ ਘਰਾਂ ਦੀ ਮੁਰੰਮਤ ਕਰਨ ਲਈ ਚੁਣੇ ਜਾਂਦੇ ਹਨ। ਕਿਸ ਸ਼ਹਿਰ ਵਿਚ ਕਿਹੜਾ ਹਿਸਾ ਇਸ ਪ੍ਰੋਗਰਾਮ ਦੇ ਤਹਿਤ ਹੈ ਇਸ ਗੱਲ ਦਾ ਵੇਰਵਾ ਤੁਸੀਂ ਆਪਣੇ ਇਲਾਕੇ ਦੇ RRAP ਦੇ ਦਫਤਰ ਤੋਂ ਲੈ ਸਕਦੇ ਹੋ। ਹੇਠ ਅਸੀਂ ਵੈਨਕੂਵਰ ਦੇ ਨੇੜੇ ਦੇ ਦਫਤਰਾਂ ਦੇ ਅਡਰੇਸ ਅਤੇ ਟੈਲੀਫੋਨ ਨੰਬਰ ਦੇ ਰਹੇ ਹਾਂ:

R R A P Offices

1. AGASSIZ, B.C.
7170 Cheam Avenue,
V0M 1A0
796-2235

2. BURNABY, B.C.
250 Willingdon
V5C 5E9
298-6322

3. CHILLIWACK, B.C.
8 College Street
V2P 7B6
729-9915

4. C. M. H. C.
Suite 400
2600 GRANVIUE Street
Vancouver, B.C.
V6H 3V7
731-5733

5. GIBSONS, B.C.
1490 S. Fletcher Street,
V0n 1N0
886-2274

6. MAPLE RIDGE, B.C.
11890-224th Street,
V2X 6A9

7. MISSION, B.C.
32386 Fletcher Avenue,
V2V 5T1

8. NEW WESTMINSTER, B.C.
511 Royal Avenue
V2X 6A9
521-3711

The City of Vancouver Residential Rehabilitation Assistance Programe (RRAP) Office will be moving to CITY HALL, Effective 1982 December 28.

The new address will be:
Vancouver RRAP Office
City Hall - East wing
453 West 12th Avenue
Vancouver, B.C
V5Y 1V4
Telephone : 873-7408

Note :— The RRAP Office is located on the main floor in the East Wing of City Hall. The most convenient entrance is at 2675 Yukon Street.

ਮਾਲਕ ਦੇ ਰਹਾਇਸ਼ੀ ਮਕਾਨ ਲਈ $5000 ਦੀ ਗਰਾਂਟ

ਜੇਕਰ ਤੁਸੀਂ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਇਸ ਗਰਾਂਟ ਲਈ ਦਰਖਾਸਤ ਦੇ ਸਕਦੇ ਹੋ:
(ੳ) ਤੁਸੀਂ ਘਰ ਦੇ ਮਾਲਕ ਹੋਵੋ
(ਅ) ਘਰ ਚੁਣੇ ਹੋਏ ਇਲਾਕੇ ਵਿਚ ਹੋਵੇ
(ੲ) ਤੁਹਾਡੇ ਘਰ ਨੂੰ ਹੇਠ ਲਿਖੀ ਮੁਰੰਮਤ ਦੀ ਲੋੜ ਹੋਵੇ
1. ਘਰ ਦੇ ਬੁਨਿਆਦੀ ਢਾਂਚੇ ਦੀ ਮੁਰੰਮਤ
2. ਬਿਜਲੀ ਦਾ ਕੰਮ
3. ਪਲੰਬਿੰਗ (Plumbing)
4. ਹੀਟਿੰਗ (Heating)
5. ਅੱਗ ਲੱਗਣ ਤੋਂ ਬਚਾ ਦੇ ਸਾਧਨ

ਉਪਰ ਦੱਸੀਆਂ ਗੱਲਾਂ ਤੋਂ ਇਲਾਵਾ ਕਈ ਕਿਸਮ ਦੀ ਹੋਰ ਮੁਰੰਮਤ ਲਈ ਵੀ ਸਹਾਇਤਾ ਮਿਲ ਸਕਦੀ ਹੈ, ਜਿਸ ਤਰ੍ਹਾਂ ਕਿ ਜੇਕਰ ਤੁਹਾਡੇ ਘਰ ਵਿਚ ਕਿਸੇ ਅੰਗ ਹੀਣ ਜਾਂ ਪੱਕੇ ਰੋਗੀ ਲਈ ਕਿਸੇ ਖਾਸ ਵਿਆਵੱਸਥਾ ਦੀ ਲੋੜ ਹੋਵੇ ਇਤਆਦੀ।

$10,000 ਦੇ ਕਰਜ਼ੇ ਵਿਚੋਂ ਕਿੰਨਾਂ ਹਿਸਾ ਮੋੜਨਾ ਪਵੇਗਾ

$5000 ਤਕ ਦਾ ਹਿਸਾ ਗਰਾਂਟ ਬਣ ਸਕਦੀ ਹੈ। ਇਸ ਗੱਲ ਦਾ ਨਿਰਭਰ ਤੁਹਾਡੀ ਆਮਦਨ ਤੇ ਹੈ ਅਤੇ ਕਿੰਨਾ ਚਿਰ ਤੁਸੀਂ ਮੁਰੰਮਤ ਕੀਤੇ ਹੋਏ ਘਰ ਵਿਚ ਰਹਿੰਦੇ ਹੋ

$5000 ਤਕ ਦਾ ਹਿਸਾ ਗਰਾਂਟ ਬਣ ਸਕਦੀ ਹੈ। ਇਸ ਗੱਲ ਦਾ ਨਿਰਭਰ ਤੁਹਾਡੀ ਆਮਦਨ ਤੇ ਹੈ ਅਤੇ ਕਿੰਨਾ ਚਿਰ ਤੁਸੀਂ ਮੁਰੰਮਤ ਕੀਤੇ ਹੋਏ ਘਰ ਵਿਚ ਰਹਿੰਦੇ ਹੋ। ਜਿੰਨੀ ਘੱਟ ਆਮਦਨ ਹੋਵੇਗੀ $10,000 ਵਿਚੋਂ ਓਨਾ ਹੀ ਘੱਟ ਹਿਸਾ ਮੋੜਨਾ ਪਵੇਗਾ ਅਤੇ ਬਾਕੀ ਗਰਾਂਟ ਬਣ ਜਾਵੇਗੀ।

ਜੇਕਰ ਤੁਹਾਡੇ ਟੱਬਰ ਦੀ ਆਮਦਨ ਹੇਠਾਂ ਲਿਖੇ ਅਨੁਸਾਰ ਹੋਵੇ	ਵੱਧ ਤੋਂ ਵੱਧ ਵਾਪਸ ਕਰਨ ਯੋਗ ਕਰਜ਼ਾ	ਵੱਧ ਤੋਂ ਵੱਧ ਵਾਪਸ ਨਾ ਕਰਨ ਵਾਲਾ ਕਰਜ਼ਾ
$23,000	$10,000	$0000
21,000	9,000	1000
19,000	8,000	2000
17,000	7,000	3000
15,000	6,000	4000
13,000 (or less)	5,000	5000

ਇਹ ਗਰਾਂਟ ਲੈਣ ਲਈ:

ਆਪਣੇ ਇਲਾਕੇ ਦੇ RRAP ਦਫਤਰ ਦੋਂ ਪਤਾ ਕਰੋ ਕਿ ਕੀ ਤੁਹਾਡਾ ਘਰ ਚਲਦੇ ਸਾਲ ਲਈਂ ਮਿਥੇ ਹੋਏ ਵਿਸ਼ੇਸ਼ ਇਲਾਕੇ ਵਿਚ ਆਉਂਦਾ ਹੈ। ਜੇਕਰ ਤੁਸੀਂ ਉਸ ਇਲਾਕੇ ਵਿਚ ਹੋ ਅਤੇ ਉਪਰ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋਵੋ ਤਾਂ ਗਰਾਂਟ ਲਈ ਦਰਖਾਸਤ ਕਰੋ। RRAP ਦਾ ਇਨਸਪੈਕਟਰ ਤੁਹਾਡੇ ਘਰ ਵਿਚ ਹੋਣ ਵਾਲੀ ਮੁਰੰਮਤ ਦੀ ਜਾਂਚ ਲਈ ਆਵੇਗਾ ਅਤੇ ਬਾਕੀ ਦੀ ਸਾਰੀ ਤਫਸੀਲ ਤੁਹਾਨੂੰ ਦਸੇਗਾ।

ਉਪਰ ਦੱਸੇ ਪ੍ਰੋਗਰਾਮ ਅਤੇ ਦੋ ਟੱਬਰਾਂ ਵਾਲੇ (duplex) ਜਾਂ ਬਹੁਤੇ ਟੱਬਰਾਂ (Multi faimly units) ਲਈ ਮਿਲਣ ਵਾਲੀ ਗਰਾਂਟ ਬਾਰੇ ਅਗਲੇ ਅੰਕ ਵਿਚ ਪੜ੍ਹੋ।

ਪਾਠਕਾਂ ਪ੍ਰਤੀ

ਜ਼ਰੂਰੀ ਸੂਚਨਾ

'ਕੈਨੇਡਾ ਦਰਪਣ' ਨਵੇਂ ਸਾਲ 1 ਜਨਵਰੀ, 1983 ਤੋਂ ਤੁਹਾਨੂੰ ਸਟੋਰਾਂ ਤੋਂ ਵੈਨਕੂਵਰ ਵਿਚ 25¢ ਦੀ ਕਾਪੀ ਮਿਲ ਸਕੇਗੀ। ਵੈਨਕੂਵਰ ਤੋਂ ਬਾਹਰ ਇਕ ਕਾਪੀ 40¢ ਦੀ ਹੋਵੇਗੀ।

ਠੀਕ ਸਮੇਂ ਆਪਣੇ ਅਖਬਾਰ ਪਹੁੰਚਣ ਦੀ ਗਰੰਟੀ ਲਈ ਅੱਜ ਹੀ ਆਪਣਾ ਚੰਦਾ ਭੇਜੋ
1 ਸਾਲ — ਕੇਵਲ 15 ਡਾਲਰ

ਪਤਾ :— CANADA DARPAN
P.O. BOX 67344, STN. O.
Vancouver. V5W 3T1
ਜਾਂ ਫੋਨ ਕਰੋ 324-6111

ਈਸਟ ਇੰਡੀਅਨ ਡੀਫੈਂਸ ਕਮੇਟੀ

(ਪੀਪਲਜ਼ ਫਰੰਟ ਦੀ ਸਬੰਧਤ ਜਥੇਬੰਦੀ)

ਦੀ ਅਠਵੀਂ ਸਲਾਨਾ ਕਨਵੈਸ਼ਨ

ਦਸੰਬਰ 26, 1982 ਵੈਨਕੂਵਰ, ਬੀ. ਸੀ.
4 ਵਜੇ ਸ਼ਾਮ ਦੇਸ਼ ਭਗਤ ਟੈਂਪਲ, 5880 ਮੇਨ ਸਟਰੀਟ

ਵਧੇਰੇ ਜਾਣਕਾਰੀ ਲਈ ਲਿਖੋ ਪੀ. ਓ. ਬਾਕਸ 4623 ਵੈਨਕੂਵਰ ਬੀ. ਸੀ. ਜਾਂ ਫੋਨ (604) 681-5020 ; ਟਰਾਂਟੋ ਵਿਚ ਬਾਕਸ 243 ਸਟੇਸ਼ਨ ਜੀ. ਜਾਂ ਫੋਨ (416) 368-2483

ਨੈਸ਼ਨਲ ਲਾਈਫ਼ ਇੰਨਸ਼ਿਓਰਿੰਸ ਕੰਪਨੀ ਨਾਲ ਸੇਲਜ਼ ਪੁਜ਼ੀਸ਼ਨ

ਜਿਥੇ ਤੁਹਾਨੂੰ

* ਸ਼ੁਰੂ ਵਿਚ ਟਰੇਨਿੰਗ ਆਲਾਉਂਸ 1200 ਡਾਲਰ ਮਹੀਨਾ ਤੇ ਨਾਲ ਬੋਨਸ

* ਤਜਰਬੇ ਦੀ ਲੋੜ ਨਹੀਂ

-ਜੇ ਤੁਸੀਂ ਆਪਣੇ ਕੰਮ ਜਾਂ ਕੇਰੀਅਰ ਵਿਚ ਤਬਦੀਲੀ ਕਰਨੀ ਲੋੜਦੇ ਹੋ, ਤੁਹਾਡੇ ਕੋਲ ਚੰਗੀ ਵਿਦਿਆ ਹੈ, ਈਮਾਨਦਾਰ ਹੋ ਅਤੇ ਪਰਫੁਲਤਾ ਵਾਲਾ ਕੰਮ ਲੋੜਦੇ ਹੋ—ਜਿਥੇ ਕੋਈ ਪਾਬੰਦੀ ਨਹੀਂ ਤਾਂ

ਜਗਜੀਤ ਸਿੱਧੂ ਸੇਲਜ਼ ਮੈਨੇਜਰ ਨੂੰ ਮਿਲੋ

ਫੋਨ 685-7231
(ਸੋਮਵਾਰ ਤੋਂ ਸ਼ੁਕਰਵਾਰ)

#501, 1155 W . Pender St.
Vancouver, B.C.
V6E 2P7

Sales Position with NATIONAL LIFE INSURANCE COMPANY

■ Starting Compensatiob of $1200 Plus Bonuses
■ No Experience Required

If you are thinking of job change or career change, have a good educational background, totally honest, and want a growth job with no restrictions

CONTACT

JAGJIT SIDHU

Sales Manager National Life Insurance Co.



JAGJIT SINGH SIDHU M.A.

ਅਕਾਲੀ ਮੋਰਚੇ ਦੇ ਪਰਕਰਣ ਵਿਚ

"ਸੂਫੀ" ਅਮਰਜੀਤ

ਅਕਾਲੀ ਦਲ ਵਲੋਂ ਚਲਾਏ ਮੋਰਚੇ ਨੂੰ ਚਾਰ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਦੌਰਾਨ 2500 ਤੋਂ ਵੱਧ ਅਕਾਲੀ ਦਲ ਦੇ ਵਰਕਰਾਂ ਨੇ ਗ੍ਰਿਫਤਾਰੀਆਂ ਦਿਤੀਆਂ। ਵੱਖੋ ਵੱਖ ਕਾਰਨਾਂ ਕਰਕੇ ਕਾਫ਼ੀ ਅਕਾਲੀ ਵਰਕਰ ਸ਼ਹੀਦ ਵੀ ਹੋ ਗਏ, ਜੋ ਕਿ ਇਸ ਮੋਰਚੇ ਦੀ ਸਭ ਤੋਂ ਦੁਖਦਾਈ ਘਟਨਾ ਹੈ। ਇਸ ਤੋਂ ਬਿਨਾਂ ਕੁਝ ਵਿਅਕਤੀਆਂ ਨੂੰ ਪੁਲਸ ਮੁਕਾਬਲੇ ਕਹਿ ਕੇ, ਗੋਲੀ ਮਾਰ ਦਿਤੀ ਗਈ। ਪੁਲਸ ਵਲੋਂ ਕੀਤੇ ਅਜਿਹੇ ਕਮੰ ਦੀ ਜਿਨ੍ਹੀ ਨਿਖੇਧੀ ਕੀਤੀ ਜਾਵੇ, ਉਨ੍ਹੀ ਹੀ ਥੋੜੀ ਹੈ। ਕਿਉਂਕਿ ਕਿਸੇ ਵੀ ਕਸੂਰਵਾਰ ਜਾਂ ਬੇਕਸੂਰ ਵਿਅਕਤੀ ਨੂੰ ਪੁਲਸ ਵਲੋਂ ਗੋਲੀ ਮਾਰੀ ਜਾਣੀ, ਸਰਕਾਰ ਦੀ ਧੱਕੇਸ਼ਾਹੀ ਅਤੇ ਕਾਨੂੰਨ ਨੂੰ ਪੁਲਸ ਹੱਥਾਂ ਵਿਚ ਸੌਂਪਣ ਵਾਲੀ ਗੱਲ ਹੈ।

ਅਕਾਲੀ ਦਲ ਵਲੋਂ ਚਲਾਏ ਗਏ ਇਸ ਮੋਰਚੇ ਦੇ ਕਈ ਪੱਖ ਹਨ। ਪਹਿਲਾਂ ਸਿੱਖਾਂ ਵਲੋਂ ਕਾਫ਼ੀ ਸਮੇਂ ਤੋਂ ਕੇਂਦਰੀ ਸਰਕਾਰ ਕੋਲ ਇਹ ਰੋਸ ਲਗਾਤਾਰ ਕੀਤੇ ਜਾਂਦੇ ਰਹੇ ਕਿ ਸਰਕਾਰ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖਲਅੰਦਾਜ਼ੀ ਬੰਦ ਕਰੇ। ਆਲ ਇੰਡੀਆਂ ਗੁਰਦੁਆਰਾ ਐਕਟ ਬਣਾਵੇ। ਇਹ ਦਰੁਸਤ ਮੰਗਾਂ ਸਨ ਜੋ ਕਿ ਮੰਨੀਆਂ ਜਾਣੀਆਂ ਚਾਹੀਦੀਆਂ ਸੀ। ਦੁਨੀਅ ਭਰ ਵਿਚ ਇਹ ਕੇਵਲ ਸਿੱਖ ਧਰਮ ਹੀ ਹੈ ਜਿਨ੍ਹਾਂ ਦੇ ਧਰਮ ਅਸਥਾਨਾਂ ਦਾ ਪ੍ਰਬੰਧ ਜਮਹੂਰੀ ਢੰਗ ਨਾਲ ਬਾਲਗ ਸਿੱਖ ਵੋਟਰਾਂ ਨਾਲ ਚੁਣੇ ਪ੍ਰਤੀਨਿਧ ਕਰਦੇ ਹਨ। ਸੋ ਪੰਜਾਬ ਤੋਂ ਬਾਹਰਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਹੱਥ ਦਿਤਾ ਜਾਣਾ ਦਰੁਸਤ ਮੰਗ ਹੈ। ਸਰਕਾਰ ਇਸ ਮੰਗ ਨੂੰ ਨਾ ਮੰਨ ਕੇ ਆਪਣੀ ਪਾਰਟੀ ਦੇ ਹਿਤਾਂ ਵਿਚ ਵਰਤਣਾ ਚਾਹੁੰਦੀ ਹੈ, ਜੋ ਕਿ ਗਲਤ ਹੈ।

ਦੂਜਾ ਪੱਖ ਇਸ ਮੋਰਚੇ ਦਾ ਸਮੁੱਚੇ ਪੰਜਾਬੀਆਂ ਦੀਆਂ ਮੰਗਾਂ ਦਾ ਹੈ। ਜਿਨ੍ਹਾਂ ਵਿਚੋਂ ਮੁਖ, ਚੰਡੀਗੜ੍ਹ ਦਾ ਪੰਜਾਬ ਵਿਚ ਸ਼ਾਮਲ ਕਰਨਾ, ਪੰਜਾਬ ਤੋਂ ਬਾਹਰ ਰਹੇ ਪੰਜਾਬੀ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨਾ, ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਪੰਜਾਬ ਦੇ ਹਿੱਸੇ ਚੋਂ ਕੱਟ ਕੇ ਹਰਿਆਣੇ ਆਦਿ ਨੂੰ ਦੇਣਾ ਆਦਿ ਆਦਿ। ਇਹ ਮੰਗਾਂ ਕਿਸੇ ਤਰ੍ਹਾਂ ਵੀ ਕੇਵਲ ਸਿੱਖ ਮੰਗਾਂ ਨਹੀਂ ਹਨ, ਜਿਵੇਂ ਕਿ ਇਨ੍ਹਾਂ ਨੂੰ ਲੈਕੇ ਮੋਰਚੇ ਦੇ ਸ਼ੁਰੂ ਤੋਂ ਪਰਚਾਰਿਆ ਗਿਆ। ਇਹ ਮੰਗਾਂ ਸਮੁਚੇ ਪੰਜਾਬੀ ਲੋਕਾਂ ਦੀਆਂ ਹਨ। ਹਿੰਦੂ ਕਿਸਾਨਾਂ, ਮੁਸਲਮ ਕਿਸਾਨਾਂ ਜਾਂ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਕਿਸਾਨਾਂ ਜਾਂ ਕਿਸੇ ਵੀ ਧਰਮ ਨੂੰ ਨਾ ਮੰਨਣ ਵਾਲੇ ਕਿਸਾਨਾਂ ਨਾਲ ਸੰਬੰਧਤ ਹਨ, ਭਾਵੇਂ ਇਨ੍ਹਾਂ ਦੀ ਗਿਣਤੀ ਸਿੱਖ ਕਿਸਾਨਾਂ ਨਾਲੋਂ ਕਿੰਨੀ ਵੀ ਘੱਟ ਕਿਉਂ ਨਹੀਂ ਹੈ। ਇਹ ਮੰਗ ਨਹੀਂ ਬਣ ਸਕਦੀ, ਕਿਉਂਕਿ ਹਰਿਆਣੇ ਨੂੰ ਜਾਂ ਰਾਜਸਥਾਨਾ ਨੂੰ ਦਿਤੇ ਦਰਿਆਈ ਪਾਣੀ ਨੂੰ ਉਨ੍ਹਾਂ ਇਲਾਕਿਆਂ ਵਿਚ ਰਹਿਣ ਵਾਲੇ ਪੰਜਾਬੀ ਸਿੱਖ ਕਿਸਾਨਾਂ ਵੀ ਵਰਤਣਾ ਹੈ ਜੋ ਕਿ ਪੰਜਾਬ ਨਾਲ ਲਗਦੇ ਹਰਿਆਣੇ ਅਤੇ ਗੰਗਾਨਗਰ ਦੇ ਇਲਾਕਿਆਂ ਵਿਚ ਰਹਿੰਦੇ ਹਨ। ਇਸ ਤਰ੍ਹਾਂ ਅਕਾਲੀ ਦਲ ਕਿਹੜੇ ਸਿੱਖਾਂ ਦਾ ਸਾਥ ਦੇਣਾ ਚਾਹੁੰਦਾ ਹੈ ਜੇ ਪੰਜਾਬ ਦੇ ਸਿੱਖਾਂ ਦਾ ਤਾਂ ਹਰਿਆਣੇ ਅਤੇ ਰਾਜਸਥਾਨ ਦੇ ਸਿੱਖਾਂ ਵਿਰੋਧ ਹੋਵੇਗਾ, ਸੋ ਇਹ ਮੰਗ ਧਾਰਮਿਕ ਦ੍ਰਿਸ਼ਟੀ ਕੋਣ ਤੋਂ ਲੈਕੇ ਮੋਰਚੇ ਵਿਚ ਸ਼ਾਮਲ ਨਹੀਂ ਕੀਤੀ ਜਾ ਸਕਦੀ। ਇਸਨੂੰ ਜਮਹੂਰੀ ਢੰਗ ਨਾਲ ਪੰਜਾਬੀਆਂ ਦੀ ਮੰਗ ਬਣਾ ਕੇ ਹੀ ਪੇਸ਼ ਕੀਤਾ ਜਾ ਸਕਦਾ ਹੈ।

ਏਥੇ ਇੰਦਰਾਂ ਗਾਂਧੀ ਵਲੋਂ ਹਰਿਆਣੇ ਦੀਆਂ ਅਸੰਬਲੀ ਚੋਣਾਂ ਸਮੇਂ ਕਪੂਰੀ ਦੇ ਸਥਾਨ ਹਰਿਆਣੇ ਲਈ ਪੰਜਾਬ ਦੇ ਪਾਣੀ ਚੋਂ ਨਹਿਰ ਲਈ ਟੱਕ ਲਾਉਣ ਦੇ ਸਮੇਂ ਜੋ ਸਮੁੱਚੇ ਪੰਜਾਬੀਆਂ ਵਲੋਂ ਮੋਰਚਾ ਲਾਇਆ ਗਿਆ ਸੀ ਉਹ ਇਸ ਮੰਗ ਲਈ ਜਮਹੂਰੀ ਰੂਪ ਦਾ ਸੀ। ਜਿਸ ਵਿਚ ਕਮਿਊਨਿਸਟ ਪਾਰਟੀ, ਦੀਆਂ ਕਿਸਾਨਾਂ ਸਭਾਵਾਂ, ਰੀਪਬਲਕਿ ਪਾਰਟੀ ਆਦਿ ਜਮਹੂਰੀ ਪਾਰਟੀਆਂ ਨੇ ਮਿਲ ਕੇ ਹਿੱਸਾ ਪਾਇਆ ਸੀ ਜਿਸਨੂੰ ਅੱਗੇ ਤੋਰਿਆ ਜਾਣਾ ਚਾਹੀਦਾ ਸੀ, ਪ੍ਰੰਤੂ ਪਾਰਟੀ ਨੇ ਉਸ ਸਾਂਝੇ ਮੋਰਚੇ ਚੋਂ ਆਪਣੇ ਆਪ ਨੂੰ ਅਲੱਗ ਕਰ ਲਿਆ। ਜਿਸ ਦਾ ਕਾਰਨ ਨਿਰੋਲ ਰਾਜਸੀ ਹੀ ਹੋ ਸਕਦਾ ਹੈ ਕਿਉਂਕਿ ਪਹਿਲਾਂ ਵੀ ਇਨ੍ਹਾਂ ਪਾਰਟੀਆਂ ਦੇ ਸਾਂਝੇ ਮੁਹਾਜ ਨੇ ਚੌਲਾਂ ਦੇ ਭਾਵਾਂ ਲਈ, ਗੰਨੇ ਦੇ ਭਾਵਾਂ ਲਈ ਅਤੇ ਬੱਸ ਕਿਰਾਇਆਂ ਲਈ ਮੋਰਚੇ ਲਾਏ ਜਿਨ੍ਹਾਂ ਵਿਚ ਜਿੱਤਾਂ ਪ੍ਰਾਪਤ ਹੋਈਆਂ, ਕਿਉਂਕਿ ਇਹ ਲੋਕਾਂ ਦੇ ਸਿੱਧੇ ਸਪਸ਼ਟ ਮਸਲੇ ਸਨ। ਕਿਸੇ ਆਰਥਕ ਮਸਲੇ ਦਾ ਧਰਮ ਨਾਲ ਕੋਈ ਸਬੰਧ ਨਹੀਂ ਹੁੰਦਾ। ਭਾਵੇਂ ਬੱਸ ਕਿਰਾਇਆਂ ਦੇ ਮੋਰਚੇ ਵਿਚ ਸਫਲਤਾ ਪੂਰਬਕ ਚੰਡੀਗੜ੍ਹ ਅਸੰਬਲੀ ਦਾ 70 ਹਜ਼ਾਰ ਲੋਕਾਂ ਨੇ ਘਿਰਾਓ ਕੀਤਾ ਸੀ, ਪ੍ਰੰਤੂ ਕਾਂਗਰਸ ਸਰਕਾਰ ਬਚਨ ਕਰਕੇ ਫਿਰ ਗਈ।

ਏਸੇ ਤਰ੍ਹਾਂ ਹੀ ਦਿੱਲੀ ਵਿਚ 26 ਮਾਰਚ 81 ਦੇ ਮਹਾਨ ਕਿਸਾਨ ਮਾਰਚ ਵਿਚ ਸਾਰੇ ਦੇਸ਼ ਦੀਆਂ ਛੇ ਖੱਬੀਆਂ ਜਮਹੂਰੀ ਪਾਰਟੀਆਂ ਵਲੋਂ ਕੀਤੇ 20 ਲੱਖ ਲੋਕਾਂ ਦੇ ਮਾਰਚ ਵਿਚ ਅਕਾਲੀ ਪਾਰਟੀ ਨੇ ਵਧ ਚੜ੍ਹ ਕੇ ਹਿੱਸਾ ਪਾਇਆ ਜੋ ਕਿ ਅਕਾਲੀ ਪਾਰਟੀ ਵਲੋਂ ਠੀਕ ਸੇਧ ਵਿਚ ਅਮਲ ਸੀ।

ਹੋਰ ਮੰਗਾਂ ਤੋਂ ਬਿਨਾਂ ਇਕ ਮੰਗ ਸੂਬਿਆਂ ਨੂੰ ਵਧ ਅਧਿਕਾਰਾਂ ਨਾਲ ਸੰਬੰਧਤ ਹੈ ਜੋ ਕਿ ਕੇਂਦਰੀ ਸਰਕਾਰ ਹੱਥ ਅਸੀਮਤ ਅਧਿਕਾਰਾਂ ਕਾਰਨ ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਪੇਸ਼ ਆ ਰਹੀਆਂ ਆਰਥਕ ਅਤੇ ਰਾਜਨੀਤਕ ਮੁਸ਼ਕਲਾਂ ਦਾ ਕਾਰਨ ਹੈ। ਇਹ ਮੰਗ ਪੱਛਮੀ ਬੰਗਾਲ ਦੀ ਖੱਬੇ ਸਾਂਝੇ ਮੋਰਚੇ ਦੀ ਸਰਕਾਰ ਵਲੋਂ ਲਗਾਤਾਰ ਸਾਲਾਂ ਤੋਂ ਕੀਤੀ ਜਾ ਰਹੀ ਹੈ।

ਸੀ. ਪੀ. ਆਈ. ਐਮ. ਅਤੇ ਸੀ. ਪੀ. ਆਈ. ਇਸ ਮੰਗ ਨੂੰ ਪਿਛਲੇ 18-20 ਸਾਲ ਤੋਂ ਕਰਦੀਆਂ ਰਹੀਆਂ ਹਨ।

ਏਥੇ ਇਹ ਗੱਲ ਵਰਨਣ ਕਰਨੀ ਜ਼ਰੂਰੀ ਬਣਦੀ ਹੈ ਕਿ ਜਦੋਂ 1977 ਵਿਚ ਐਮਰਜੈਂਸੀ ਤੋਂ ਮਗਰੋਂ ਕੇਂਦਰ ਵਿਚ ਜਨਤਾ ਸਰਕਾਰ ਬਣੀ ਸੀ ਅਤੇ ਪੰਜਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦ ਅਗਵਾਈ ਵਿਚ ਅਕਾਲੀ ਜਨਤਾ ਸਾਂਝੀ ਸਰਕਾਰ ਸੀ ਤਾਂ ਦੇਸ਼ ਵਿਚ ਦੂਜੇ ਸੂਬਿਆਂ ਦੀਆਂ ਹੋਰਨਾਂ ਗੈਰ ਕਾਂਗਰਸੀ ਸਰਕਾਰਾਂ ਦੇ ਨੁਮਾਇੰਦਿਆਂ ਅਗੇ, ਪੱਛਮੀ ਬੰਗਾਲ ਸਰਕਾਰ ਦੇ ਆਗੂਆ ਕਾਮਰੇਡ ਜੋਤੀ ਬਾਸੂ ਅਤੇ ਮਰਹੂਮ ਕਾਮਰੇਡ ਪ੍ਰਮੋਧ ਦਾਸ ਗੁਪਤਾ ਵਲੋਂ ਸਾਰਥਕ ਸੁਝਾਓ ਰਖਿਆ ਗਿਆ ਕਿ ਇਸ ਮਸਲੇ ਉਪਰ ਇਕ ਗੈਰ ਕਾਂਗਰਸੀ ਮੁਖ ਮੰਤਰੀਆਂ ਦੀ ਮੀਟਿੰਗ ਸਦੀ ਜਾਵੇ ਤਾਂ ਪੰਜਾਬ ਦੇ ਅਕਾਲੀ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਸ ਮੀਟਿੰਗ ਦੀ ਮੇਜ਼ਬਾਨੀ ਕਰਨੀ ਮੰਨੀ ਸੀ ਤੇ ਮੀਟਿੰਗ ਚੰਡੀਗੜ੍ਹ ਵਿਚ ਕੀਤੀ ਜਾਣੀ ਤਹਿ ਹੋਈ ਸੀ, ਉਸ ਸਮੇਂ ਆਖਰੀ ਸਮੇਂ ਉਤੇ ਕੇਂਦਰ ਦੇ ਜਨਤਾ ਪਾਰਟੀ ਦੇ ਆਗੂਆਂ ਖਾਸ ਕਰਕੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਮੁਰਾਰ ਜੀ ਡੇਸਾਈ, ਗ੍ਰਹਿ ਮੰਤਰੀ ਚਰਨ ਸਿੰਘ, ਅਡਵਾਨੀ ਅਤੇ ਹੋਰ ਜਨਤਾ ਲੀਡਰਾਂ (ਖਾਸ ਕਰਕੇ ਜਨ ਸੰਘੀ ਲੀਡਰਾਂ) ਅਕਾਲੀ ਪਾਰਟੀ ਉਪਰ ਦਬਾਓ ਪਾਕੇ ਉਹ ਮੀਟਿੰਗ ਕੈਂਸਲ ਕਰਵਾ ਦਿਤੀ ਸੀ, ਸ਼ੇਖ ਅਬਦੁੱਲਾ ਆਖਰੀ ਸਮੇਂ ਤਕ ਇਸ ਮੰਗ ਦਾ ਸਮਰਥਕ ਰਿਹਾ ਹੈ।

ਉਸ ਸਮੇਂ ਕੇਂਦਰ ਦੀ ਜਨਤਾ ਸਰਕਾਰ ਵਿਚ ਅਕਾਲੀ ਪਾਰਟੀ ਵੀ ਭਾਈ ਵਾਲ ਸੀ ਪ੍ਰੰਤੂ ਇਹ ਉਸ ਸਮੇਂ ਹੁਣ ਵਾਲੀਆਂ ਮੰਗਾਂ ਮਨਵਾਉਣ ਵਿਚ ਆਪਣਾ ਰਸੂਖ ਵਰਤ ਨਾ ਸਕੇ। ਅਸਲ ਵਿਚ ਜਮਹੂਰੀ ਮੰਗਾਂ ਵਿਸ਼ਾਲ ਲੋਕਾਂ ਦੇ ਜਮਹੂਰੀ ਦਬਾਓ ਨੂੰ ਲਾਮਬੰਦ ਕਰਕੇ ਹੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਇਥੇ ਅਕਾਲੀਆਂ ਵਲੋਂ ਆਨੰਦਪੁਰ ਮਤੇ ਬਾਰੇ ਗੱਲ ਕਰਨੀ ਵੀ ਜ਼ਰੂਰੀ ਹੈ। ਇਹ ਮਤਾ ਸਿਧਾਂਤਕ ਤੌਰ ਉਪਰ ਸਿੱਖ ਰਾਜ ਦੀ ਵੱਖਰੀ ਮੰਗ ਦਾ ਰੂਪ ਰੱਖਦਾ ਹੈ, ਜਿਸ ਕਾਰਨ ਅਕਾਲੀ ਦਲ ਵਿਚ ਇਸ ਮੋਰਚੇ ਦੌਰਾਨ ਦਾਖਲ ਹੋਏ ਵੱਖਵਾਦੀਆਂ ਅਤੇ ਅਤਿਵਾਦੀਆਂ ਨੇ ਇਸ ਮਤੇ ਦਾ ਲਾਭ ਉਠਾਂਦਿਆਂ ਖਾਲਿਸਤਾਨ ਦਾ ਨਾਅਰਾ ਚੁਕ ਲਿਆ। ਅਕਾਲੀ ਆਗੂਆਂ ਇਨ੍ਹਾਂ ਤੱਤਾਂ ਦੇ ਆਗੂਆਂ ਨੂੰ ਆਪਣੇ ਮੋਰਚੇ ਵਿਚ ਕੇਵਲ ਸ਼ਾਮਲ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਵਲੋਂ ਪੰਜਾਬ ਵਿਚ ਕੀਤੀਆਂ ਹਿੰਸਕ ਘਟਨਾਵਾਂ, ਭਾਰਤੀ ਜਹਾਜ਼ ਦੇ ਅਗਵਾ ਕਰਨ ਦੀ, ਨਾ ਹੀ ਨਿਖੇਧੀ ਕੀਤੀ, ਨਾ ਹੀ ਇਨ੍ਹਾਂ ਨੂੰ ਆਪਣੇ ਨਾਲੋਂ ਅਲੱਗ ਕੀਤਾ। ਇਸ ਵਿਚ ਅਕਾਲੀ ਦਲ ਦੀ ਲੀਡਰਸ਼ਿਪ ਦੀ ਮਜਬੂਰੀ ਵੀ ਦੇਖੀ ਜਾ ਸਕਦੀ ਹੈ। ਜੋ ਆਪਣੇ ਖਿਆਲ ਵਿਚ ਬਹੁਤੇ ਲੋਕਾਂ ਨੂੰ ਮੋਰਚੇ ਵਿਚ ਖਿਚਣ ਦਾ ਰਲਾ ਹੀ ਸੀ।

ਅਕਾਲੀ ਮੋਰਚੇ ਦੀ ਇਕ ਸਟੇਜ ਅਜਿਹੀ ਵੀ ਆਈ ਜਦੋਂ ਅਕਾਲੀ ਲੀਡਰਸ਼ਿਪ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਤਲਵੰਡੀ ਦਲ, ਭਿੰਡਰਾਂਵਾਲਾ ਅਤੇ ਕੁਝ ਹੋਰ ਇਸ ਪੈਂਤਰੇ ਤੇ ਚਲ ਰਹੇ ਹਨ ਕਿ ਉਹ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਹੱਥ ਲੈ ਲੈਣਗੇ। ਪਿਛਲੇ ਦਿਨੀ ਅੰਮ੍ਰਿਤਸਰ ਵਿਖੇ ਮੰਜੀ ਸਾਹਿਬ ਦੀ ਸਟੇਜ ਉਪਰ ਰਣਧੀਰ ਸਿੰਘ ਚੀਮਾ ਨੇ ਜਦੋਂ ਖੁਲੇ ਆਮ ਖਾਲਿਸਤਾਨੀ ਨਾਅਰੇ ਲਾ ਦਿਤੇ ਤਾਂ ਉਸ ਦੇ ਹੱਥ ਵਿਚੋਂ ਮਾਈਕ ਖੁਹਣਾ ਪਿਆ।

ਭਾਵੇਂ ਪਿਛਲੇ ਦਿਨਾਂ ਵਿਚ ਬਾਦਲ ਵਲੋਂ ਚਾਰ ਧਾਰਮਿਕ ਅਤੇ ਛੇ ਪੰਜਾਬੀਆਂ ਦੀਆਂ ਸਾਂਝੀਆਂ ਮੰਗਾਂ ਨੂੰ ਵੱਖੋ ਵੱਖ ਕਰਕੇ ਉਠਾਉਣ, ਆਨੰਦਪੁਰ ਦੇ ਮਤੇ ਨੂੰ ਪੰਜਾਬ ਲਈ ਵੱਧ ਅਧਿਕਾਰਾਂ ਦੀ ਵਿਆਖਿਆ ਵਜੋਂ ਪੇਸ਼ ਕਰਨਾ ਆਦਿ ਵੱਖਵਾਦੀ ਅੱਤਵਾਦੀ ਤੱਤਾਂ ਨਾਲੋਂ ਨਿਖੇੜੇ ਵੱਲ ਯਤਨ ਹੀ ਹਨ। ਪ੍ਰੰਤੂ ਇਹ ਕੁਝ ਸ਼ੁਰੂ ਤੋਂ ਕੀਤਾ ਜਾਣਾ ਚਾਹੀਦਾ ਸੀ। ਇਸ ਵੇਲੇ ਜਿਸ ਥਾਂ ਉਪਰ ਇਹ ਤੱਤ ਪਹੁੰਚ ਚੁਕੇ ਹਨ ਉਥੋਂ ਇਹ ਅਕਾਲੀ ਲੀਡਰਸ਼ਿਪ ਨੂੰ ਤਕੜਾ ਚੈਲੰਜ ਦੇਣਦੀ ਪੋਜ਼ੀਸ਼ਨ ਵਿਚ ਹਨ। ਇਸ ਗੱਲ ਦਾ ਨਿਰਨਾਂ ਤਾਂ ਆਉਣ ਵਾਲੇ ਸਮੇਂ ਵਿਚ ਹੀ ਪੰਜਾਬ ਦੀਆਂ ਰਾਜਨੀਤਕ ਘਟਨਾਵਾਂ ਹੀ ਕਰਨਗੀਆਂ।

ਐਜੀਟੇਸ਼ਨਾਂ ਤਾਂ ਚਲਦੀਆਂ ਰਹਿੰਦੀਆਂ ਹਨ ਜੋ ਆਪਣਾ ਅਸਰ ਜ਼ਰੂਰ ਛੱਡਦੀਆਂ ਹਨ। ਇਸ ਅਕਾਲੀ ਮੋਰਚੇ ਦੇ ਦੌਰਾਨ ਜੋ ਪੰਜਾਬ ਦੇ ਫਿਰਕੂ ਵਾਤਾਵਰਨ ਵਿਚ ਜ਼ਹਿਰ ਘੋਲੀ ਗਈ ਉਸਦੀ ਜ਼ਿੰਮੇਵਾਰੀ ਜਿਥੇ ਅਕਾਲੀ ਪਾਰਟੀ ਦੀ ਕਮਜ਼ੋਰੀ, ਅੱਤਿਵਾਦੀਆਂ—ਵੱਖਵਾਦੀਆਂ ਦੀਆਂ ਸਰਗਰਮੀਆਂ ਅਤੇ ਐਕਸ਼ਨ ਉਪਰ ਹੈ। ਉਥੇ ਇਸ ਦੀ ਜ਼ਿੰਮੇਵਾਰੀ ਰਾਸ਼ਟਰੀਆਸਵੈਂਮ ਸੇਵਕ ਸੰਘ ਉਪਰ ਵੀ ਹੈ ਜੋ ਕਿ ਹਿੰਦੂ ਅਤਿਵਾਦੀ—ਫਿਰਕਾਪ੍ਰਸਤਾਂ, ਉਹ ਕੁਝ ਕੀਤਾ ਜੋ ਕਿ ਹਿੰਦੂ-ਸਿੱਖ ਸਹਿਹੋਂਦ ਵਿਚ ਨਫਰਤ ਪਾੜਾ ਅਤੇ ਭੜਕਾਹਟ ਪੈਦਾ ਕਰਨ ਵਿਚ ਸਹਾਈ ਹੋਇਆ। ਕੇਂਦਰੀ ਕਾਂਗਰਸ ਸਰਕਾਰ, ਜਿਸ ਦੇ ਇਸ਼ਾਰੇ ਉਪਰ ਪੰਜਾਬ ਦੀ ਕਾਂਗਰਸ ਸਰਕਾਰ ਹਰ ਕਦਮ ਪੁਟਦੀ ਹੈ, ਆਪਣੇ ਗਲਤ ਵਤੀਰੇ, ਹਠਧਰਮੀ ਅਤੇ ਕਮਜ਼ੋਰ ਪ੍ਰਸ਼ਾਸ਼ਨਿਕ ਪ੍ਰਬੰਧ ਕਾਰਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਫੇਲ ਹੋਈ ਹੈ।

ਹੁਣ ਜਦੋਂ ਕਿ ਅਕਾਲੀ ਪਾਰਟੀ ਅਤੇ ਕੇਂਦਰੀ ਸਰਕਾਰ ਵਿਚ ਗੱਲਬਾਤ ਹੋ ਰਹੀ ਹੈ ਇਹ ਚੰਗੇ ਪਾਸੇ ਵੱਲ ਕਦਮ ਹੈ। ਜਿਹੜੇ ਲੋਕ ਇਸ ਮੋਰਚੇ ਨੂੰ ਸਮਾਪਤ ਕਰਨ ਦੇ ਹੱਕ ਵਿਚ ਨਹੀਂ, ਜੋ ਗੱਲਾਬਾਤਾਂ ਵਿਚ ਯਕੀਨ ਨਹੀਂ ਰਖਦੇ, ਜੋ ਮੌਜੂਦਾ ਅਕਾਲੀ ਲੀਡਰਸ਼ਿਪ ਨੂੰ ਹੇਠਾਂ ਸੁੱਟਣਾਂ ਲੋੜਦੇ ਹਨ ਜੋ ਬਾਕੀ ਮੰਗਾਂ ਨੂੰ ਪਰੇ ਛੱਡ ਕੇਵਲ ਆਨੰਦਪੁਰ ਮਤੇ ਤੋਂ ਉਰੇ ਕੁਝ ਵੀ ਪਰਵਾਨ ਕਰਨ ਦੇ ਹੱਕ ਵਿਚ ਨਹੀਂ ਹਨ, ਉਹ ਨਿਸਚੇ ਹੀ ਪੰਜਾਬ ਦੇ ਲੋਕਾਂ ਦੇ ਵਿਆਪਕ ਹਿਤਾਂ ਵਿਚ ਨਹੀਂ ਹਨ।

ਹਰ ਉਹ ਪੰਜਾਬੀ ਜਾਂ ਭਾਰਤੀ ਜਿਹੜਾ ਦੇਸ਼ ਦੀ ਏਕਤਾ ਲਈ ਜ਼ਰਾ ਜਿੰਨੀ ਵੀ ਦਿਲਚਸਪੀ ਰਖਦਾ ਹੈ ਉਹ ਬੁਲਚਕ ਵਤੀਰੇ ਨੂੰ ਪਸੰਦ ਨਹੀਂ ਕਰੇਗਾ। ਰਾਜਨੀਤੀ ਹਮੇਸ਼ਾ ਲਚਕਦਾਰ ਹੋਣੀ ਚਾਹੀਦੀ ਹੈ ਉਸ ਵਿਚ ਸਦਾ ਹੀ ਛੱਡ-ਛਡਾ ਲਈ ਚੋਖਾ ਥਾਂ ਹੁੰਦਾ ਹੈ।

ਲੋਕ ਲਹਿਰ ਜਲੰਧਰ ਨੇ ਆਪਣੇ ਇਕ ਐਡੀਟੋਰੀਅਲ ਵਿਚ ਠੀਕ ਹੀ ਕਿਹਾ ਹੈ :—"ਇਹ ਭੁਲਣਾ ਨਹੀਂ ਚਾਹੀਦਾ ਕਿ ਮੌਜੂਦਾ ਸਥਿਤੀ ਨੂੰ ਸਾਮਰਾਜੀ ਜਿਹੜੇ ਸਾਡੇ ਦੇਸ਼ ਨੂੰ ਕਮਜ਼ੋਰ ਰੱਖਕੇ ਆਪਣੇ ਥੱਲੇ ਲਾਉਣ ਦੇ ਸੁਪਨੇ ਲੈ ਰਹੇ ਹਨ .....ਇੰਦਰਾ ਕਾਂਗਰਸ ਨੂੰ ਆਪਣੇ ਸੌੜੇ ਵਕਤੀ ਰਾਜਸੀ ਹਿਤਾਂ ਲਈ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਖਤਰੇ ਵਿਚ ਨਹੀਂ ਪਾਉਣਾ ਚਾਹੀਦਾ।"

MANN MUSIC & VIDEO
6512 MAIN ST (49Th AVE)
VANCOUVER B.C.
V5K 1A5

ਸ਼ਬਦ, ਧਾਰਮਿਕ ਗੀਤ, ਲੋਕ ਗੀਤ, ਪੰਜਾਬੀ ਜਾਂ ਹਿੰਦੀ ਫਿਲਮੀ ਗੀਤ, ਗਜ਼ਲਾ, ਕਵਾਲੀਆ, ਮਾਤਾ ਦੀਆਂ ਭੇਂਟਾ, ਢਾਡੀਆ ਦੀਆਂ ਵਾਰਾਂ, ਜਾਂ ਫਿਰ ਆਪਣੀ ਮਨਮਰਜ਼ੀ ਦੇ ਗੀਤਾਂ ਦੀਆਂ ਟੇਪਾਂ ਭਰਵਾਉਣ ਲਈ ਹਮੇਸ਼ਾ

ਮਾਨ ਮਿਊਜ਼ਿਕ ਦਾ ਨਾਂ ਚੇਤੇ ਰੱਖੋ

"You Name It We Have It"

ਨਵੀਂਆਂ ਤੇ ਪੁਰਾਣੀਆਂ ਵੀਡੀਓ ਫਿਲਮਾਂ ਬਹੁਤ ਹੀ ਕਲੀਅਰ ਪ੍ਰਿੰਟਾਂ ਵਿਚ ਸਾਥੋਂ ਖਰੀਦੋ (ਨੋਟ:—ਹਰ ਵੀਕ 3 ਜਾਂ 4 ਨਵੀਆਂ ਫਿਲਮਾਂ Release ਹੁੰਦੀਆਂ ਹਨ)

GUARNTEED GOOD PRINTS ON NEW VIDEO CASSETTS

"We Stand For Qality"

MAIL ORDERS ACCEPTED

ਸਾਡੇ ਵਧੀਆ ਵੀਡੀਓ ਫਿਲਮਾਂ ਦੇ Print ਅਤੇ ਗਾਣਿਆਂ ਦੀਆਂ ਵਧੀਆਂ ਕੁਆਲਟੀ ਦੀਆਂ ਟੇਪਾਂ ਦੀ ਪੂਰੇ CANADA ਵਿਚ ਚਰਚਾ ਹੈ

ਆਓ ਤੇ ਅਜਮਾਓ

ਇੰਡੀਆਂ ਦੀ ਬਿਜਲੀ ਤੇ ਚਲਣ ਵਾਲੇ Radio Taperecordes, ਮਸਾਲਾ ਪੀਹਣ ਲਈ Blebder and Mill, ਕਪੜੇ ਪ੍ਰੈਸ ਕਰਨ ਵਾਲੀ ਇਸਤ੍ਰੀ, ਇੰਡੀਆਂ ਦੀ ਬਿਜਲੀ ਬਦਲਣ ਵਾਲੇ Converters, Cassett Adapters, Walkmens, ਸਸਤੀਆਂ ਕੀਮਤਾਂ ਵਿਚ ਖਰੀਦੋ

ਦੁਕਾਨਦਾਰ ਭਰਾ ਨੋਟ ਕਰੋ, ਗਾਣਿਆਂ ਦੀਆਂ ਟੇਪਾਂ ਜਾਂ ਵੀਡੀਓ ਫਿਲਮਾਂ ਹੋਲਸੇਲ ਵਿਚ ਸਸਤੀਆਂ ਕੀਮਤਾਂ ਵਿਚ ਤੇ ਵਧੀਆ ਕੁਆਲਟੀ ਵਿਚ ਸਾਡੇ ਕੋਲੋ ਮਿਲ ਸਕਦੀਆਂ ਹਨ।

Store ਹਫਤੇ ਦੇ ਸੱਤੇ ਦਿਨ ਖੁਲ੍ਹਦਾ ਹੈ। ਹੋਰ ਜਾਣਕਾਰੀ ਲਈ ਗੁਰਪਾਲ ਮਾਨ ਨੂੰ ਫੋਨ ਕਰੋ

(604)321-6667

ਗੁਰਪਾਲ ਮਾਨ

ਮਾਨ ਫੋਟੋ ਸਟੂਡੀਓ

ਪੰਜਾਬੀ ਮਾਰਕਿਟ ਵਿਚ ਫੋਟੋ ਦਾ ਇਕ ਸਟੂਡੀਓ
ਮਾਨ ਮਿਊਜ਼ਿਕ ਐਂਡ ਵੀਡੀਓਜ਼ ਦੀ ਦੁਕਾਨ ਦੇ ਵਿਚ ਹੈ

* ਪਾਸਪੋਰਟ ਫੋਟੋ ਰੰਗਦਾਰ ਜਾਂ ਬਲੈਕ ਐਂਡ ਵਾਈਟ ਸਿਰਫ 5 ਮਿੰਟ ਵਿਚ ਖਿਚਾਓ
* ਵਿਆਹ ਦੇ ਮੌਕੇ ਲਈ ਜਾਂ ਕਿਸੇ ਹੋਰ ਮੌਕੇ ਤੇ ਫੋਟੋ ਖਿਚਾਉਣ ਲਈ ਜਾਂ ਵੀਡੀਓ Movie ਬਣਾਉਣ ਲਈ ਮਾਨ ਫੋਟੋ ਸਟੂਡੀਓ ਤੇ ਦਰਸ਼ਨ ਦਿਓ।

ਨੋਟ :—(ਵਿਆਹ ਦੀ ਮੂਵੀ ਬਣਾਉਣ ਤੇ ਮੂਵੀ ਪਿੱਛੇ ਵਿਆਹ ਦੇ ਗਾਣੇ ਵੀ ਭਰ ਕੇ ਦਿਤੇ ਜਾਣਗੇ ਬਗੈਰ ਕਿਸੇ extra cost ਦੇ)

ਹੋਰ ਜਾਣਕਾਰੀ ਲਈ ਫੋਨ ਕਰੋ :—

321-6667

ਤਸਵੀਰ...............ਸ਼ਬਦ-ਚਿੱਤਰ

WALKING BY

Walking by is difficult. The sight hurts. The loud waill hurts. The way she bangs her head on the concrete. For a few pennies.

It is difficult. But I have to walk by.

A hard day it was. In the office. Lot of work. The head clerk was angry. And the bus waas crowded. Hot. It is late. The childreen should be home. And I have to buy some vegetables. Will the landlord come again tonight? The rent wasn't paid last month.

Wish she wasn't doing all this. Banging her head on the concrete. What can I do ? I must go home. Wish someone will do something. So the wailing would stop. Begging would stop. And the landlord would not threaten.

ਤਿੰਨ ਕੁੱਤੇ ਸਾਡੇ ਇਕ ਗੁਆਂਢੀ ਨੇ ਪਾਲ ਰਖੇ ਹਨ। ਇਕ ਦਿਨ ਗੱਲ ਚਲੀ ਤਾਂ ਅਸੀਂ ਉਹਨਾਂ ਨੂੰ ਬੇਨਤੀ ਕੀਤੀ —"ਤਿੰਨ ਤਿੰਨ ਕੁੱਤੇ ਤੁਸੀਂ ਪਾਲ ਰਖੇ ਹਨ—ਇਕ ਆਦਮੀ ਕਿਉਂ ਨਹੀਂ ਪਾਲ ਲੈਂਦੇ ?"

ਕਹਿਣ ਲਗੇ—"ਪਾਲ ਤਾਂ ਲਵਾਂ, ਪਰ ਆਦਮੀ ਏਨਾ ਵਫ਼ਾਦਾਰ ਕਿਥੇ ਹੈ ਸਾ'ਬ।"

ਕੋਲੋਂ ਲੰਘਦਿਆਂ ਹੋਇਆ

ਕੋਲੋਂ ਗੁਜ਼ਰਨਾ ਮੁਸ਼ਕਲ ਹੈ
ਦੇਖਦਿਆਂ ਹੀ ਦਰਦ ਪੈਦਾ ਹੁੰਦਾ ਹੈ
ਤੇਜ਼ ਚੀਖ ਦਰਦੀਲੀ ਹੈ —
ਕੰਕਰੀਟ ਤੇ ਉਸਦਾ ਮੱਥਾ ਵੱਜਦਾ ਹੈ—
ਕੇਵਲ ਕੁਝ ਪੈਸਿਆਂ ਲਈ।
ਇਹ ਮੁਸੀਬਤ ਹੈ।
ਪਰ ਮੈਨੂੰ ਕੋਲੋਂ ਗੁਜ਼ਰਨਾ ਪੈਣਾ ਹੈ।
ਬੜਾ ਦੁਖਦਾਈ ਦਿਨ ਸੀ
ਦਫ਼ਤਰ ਵਿਚ
ਕੰਮ ਹੀ ਕੰਮ।
ਹੈੱਡ ਕਲਰਕ ਗੁਸੇ 'ਚ ਸੀ
ਬੱਸ ਵਿਚ ਭੀੜ ਭੜੱਕਾ
ਗਰਮੀ
ਅੱਗੇ ਹੀ ਲੇਟ ਹਾਂ
ਬੱਚੇ ਘਰ ਆ ਗਏ ਹੋਣਗੇ
ਕੁਝ ਸਬਜ਼ੀਆਂ ਵੀ ਖਰੀਦਣੀਆਂ ਹਨ
ਮਾਲਕ ਮਕਾਨ ਵੀ ਸ਼ਾਇਦ ਆਵੇ ?
ਪਿਛਲੇ ਮਹੀਨੇ ਕਿਰਾਇਆ ਵੀ ਨਹੀਂ ਦਿੱਤਾ ਗਿਆ।
ਕਾਸ਼ ! ਇਹ ਸਾਰਾ ਕੁਝ ਉਹ ਨਾ ਕਰਦੀ—
ਕੰਕਰੀਟ ਤੇ ਮੱਥਾ ਭੰਨਣਾ
ਮੈਂ ਕੀ ਕਰ ਸਕਦੀ ਹਾਂ ?
ਮੈਨੂੰ ਘਰ ਜਾਣਾ ਚਾਹੀਦਾ ਹੈ
ਕਾਸ਼ ! ਕੋਈ ਕੁਝ ਕਰ ਸਕੇ
ਤਾਂ ਕਿ ਇਹ ਚੀਖ ਚੁੱਪ ਹੋ ਸਕੇ
ਮੰਗਣਾ ਬੰਦ ਹੋ ਜਾਏ
ਮਾਲਕ ਮਕਾਨ
ਧਮਕੀਆਂ ਨਾ ਦੇ ਸਕੇ।

ਅਨੁਵਾਦਕ
ਦਰਸ਼ਨ ਗਿੱਲ

ਡਾ: ਹਰੀ ਸ਼ਰਮਾ

ਡਾ: ਹਰੀ ਸ਼ਰਮਾ ਸਾਈਮਨ ਫਰੇਜ਼ਰ ਯੂਨੀਵਰਸਿਟੀ, ਬਰਨਬੀ (ਬੀ. ਸੀ.) ਵਿਚ ਸੋਸ਼ਿਆਲੋਜੀ ਦੇ ਪ੍ਰੋਫੈਸਰ ਹਨ। ਹਿੰਦੀ ਵਿਚ ਇਨ੍ਹਾਂ ਦੀ ਕਹਾਣੀਆਂ ਦੀ ਇਕ ਪੁਸਤਕ 'ਮਿਟੀ ਕੀ ਲੋਥ' ਛਪ ਚੁਕੀ ਹੈ। ਕੁਝ ਅਰਸਾ ਪਹਿਲਾਂ ਸੈਂਨਟੇਨੀਅਲ ਮਿਊਜ਼ੀਅਮ ਦੀ ਪਰਦਰਸ਼ਨੀ ਵਿਚ ਇਕ ਮਹੀਨੇ ਲਈ ਉਨ੍ਹਾਂ ਦੀਆਂ ਸੰਕਿਲਤ ਫ਼ੋਟੋਆਂ ਤੇ ਆਧਾਰਿਤ — 'INDIA — A Photographice Essay' ਵਿਖਾਇਆ ਗਿਆ।

'ਕੈਨੇਡਾ ਦਰਪਣ', ਹਰ ਅੰਕ ਵਿਚ 'ਤਸਵੀਰ ਤੇ ਸ਼ਬਦ-ਚਿੱਤਰ' ਦਾ ਕਾਲਮ ਜਾਰੀ ਰੱਖੇਗਾ।

ਡਾ: ਸ਼ਰਮਾ ਸਿਰਜਨਾਤਮਕ ਲੇਖਕ ਵੀ ਹਨ ਤੇ ਰਾਜਨੀਤਕ ਆਗੂ ਵੀ। ਉਹ ਇਪਾਨਾ ਸੰਸਥਾ ਦੇ ਪ੍ਰਮੁਖ ਆਗੂ ਹਨ ਤੇ ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦੇ ਐਗਜ਼ੇਕਟਿਵ ਮੈਂਬਰ।

ਡਾ: ਸ਼ਰਮਾ ਦੀਆਂ ਤਸਵੀਰਾਂ ਤੇ ਸ਼ਬਦ-ਚਿੱਤਰ ਜਰਮਨ-ਅੰਗਰੇਜ਼ੀ ਤੇ ਹਿੰਦੁਸਤਾਨੀ ਮੈਗਜ਼ੀਨਾਂ ਵਿਚ ਅਕਸਰ ਛਪਦੀਆਂ ਰਹਿੰਦੀਆਂ ਹਨ ਤੇ ਇਨ੍ਹਾਂ ਨੂੰ ਸੰਕਿਲਤ ਕਰਕੇ ਕੈਨੇਡਾ ਵਿਚ ਇਨ੍ਹਾਂ ਤਸਵੀਰਾਂ ਤੇ ਸ਼ਬਦ-ਚਿੱਤਰਾਂ ਦੀ ਪੁਸਤਕ ਜਲਦੀ ਹੀ ਛਪ ਰਹੀ ਹੈ।

'ਕੈਨੇਡਾ ਦਰਪਣ' ਸਹਿਯੋਗ ਲਈ ਡਾ: ਸ਼ਰਮਾ ਦਾ ਆਭਾਰੀ ਹੈ।

THINKING OF SELLING ?

GURMINDER
DEOL

Please call me for free evaluation

277-2200
DEOL REALTY

ਖੇਡ ਦਰਪਣ

ਮਰਦਾਂ ਦੀ ਹਾਕੀ ਵਿਚ ਪਾਕਿਸਤਾਨ ਨੇ ਭਾਰਤ ਨੂੰ 7-1 ਤੇ ਹਰਾਇਆ

ਫੁਟਬਾਲ ਬਾਰੇ ਕਹਿਣ ਲਈ ਕੁਝ ਬਾਕੀ ਨਹੀਂ ਬਚਿਆ

ਨਵੀਂ ਦਿੱਲੀ,
-ਆਲ ਇੰਡੀਆ ਫੁਟਬਾਲ ਫੇਡਰੇਸ਼ਨ ਦੇ ਇਕ ਅਧਿਕਾਰੀ ਅਨੁਸਾਰ ਭਾਰਤੀ ਫੁਟਬਾਲ ਟੀਮ ਦੀ ਹਮਲਾਵਰ ਪੰਕਤੀ ਵਿਚ ਤਬਦੀਲੀ ਦੀ ਬਹੁਤ ਤਿੱਖੀ ਜ਼ਰੂਰਤ ਹੈ।

ਬੀਤੇ ਸ਼ਨਿਚਵਾਰ ਕੁਆਰਟਰ ਫਾਈਨਲ ਮੈਚ ਵਿਚ ਸਾਊਦੀ ਅਰਬ ਦੇ ਮੁਕਾਬਲੇ ਮੇਜ਼ਬਾਨ ਦੇਸ਼ ਦੀ ਟੀਮ ਦੇ ਹਾਰ ਜਾਣ ਉਤੇ ਟਿੱਪਣੀ ਕਰਨ ਲਈ ਕਹਿਣ ਉਤੇ ਅਧਿਕਾਰੀ, ਜੋ ਆਪਣਾ ਨਾਮ ਨਹੀਂ ਦੱਸਣਾ ਚਾਹੁੰਦਾ ਸੀ, ਨੇ ਕਿਹਾ ਕਿ ਭਾਰਤੀ ਹਮਲਾਵਰ ਪੰਕਤੀ ਨੇ ਸਾਊਦੀ ਅਰਬ ਨਾਲ 90 ਮਿੰਟ ਦੀ ਖੇਡ ਦੌਰਾਨ ਇਕ ਵੀ ਗੋਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਚੀਫ ਕੋਚ ਪੀ. ਕੇ. ਬੈਨਰਜੀ ਵੀ ਬਹੁਤ ਉਦਾਸ ਸੀ। ਉਹਨਾਂ ਕਿਹਾ "ਮੇਰੇ ਕਹਿਣ ਲਈ ਕੁਝ ਵੀ ਬਾਕੀ ਨਹੀਂ ਰਿਹਾ।"

'ਪਹਿਲੇ ਅੱਧ ਵਿਚ ਵਧੀਆ ਕਿਸਮ ਦਾ ਫੁਟਬਾਲ ਖੇਡਣ ਦੇ ਬਾਵਜੂਦ ਅਸੀਂ ਦੂਸਰੇ ਅੱਧ ਵਿਚ ਸੁਰਖਿਆ ਦੀ ਤਕਨੀਕ ਅਪਨਾਈ ਤੇ ਖੇਡ ਦੇ ਆਖਰੀ ਪਲਾਂ ਵਿਚ ਮਾਰੂ ਗੋਲ ਲਿਆ, ਸ੍ਰੀ ਪੀ. ਕੇ. ਬੈਨਰਜੀ ਨੇ ਕਿਹਾ।

ਪੁਰਾਣੇ ਖਿਡਾਰੀ ਪਰਸੂਨ ਬੈਨਰਜੀ ਜੋ ਹਮਲਾਵਰ ਖੇਡ ਖੇਡਦੇ ਸਨ, ਨੇ ਕਿਹਾ ਕਿ ਇਹ ਬਹੁਤ ਅਫਸੋਸ ਦੀ ਗੱਲ ਹੈ ਕਿ ਅਸੀਂ ਸਾਊਦੀ ਅਰਬ ਦੀ ਹਰ ਮੂਵ ਦਾਂ ਹਰ ਮੂਵ ਨਾਲ ਮੁਕਾਬਲਾ ਕਰਨ ਦੇ ਬਾਵਜੂਦ ਅੰਤਮ ਪਲਾਂ ਵਿਚ ਹਾਰ ਖਾ ਗਏ।

"ਅੰਤਮ ਵਿਸਲ ਵੱਜਣ ਤੋਂ ਇਕ ਮਿੰਟ ਦੇ ਵਕਫੇ ਵਿਚ ਗੋਲ ਬਰਾਬਰ ਕਰਨਾ ਬਹੁਤ ਮੁਸ਼ਕਲ ਗੱਲ ਹੈ। ਸਮੂਚੀ ਭਾਰਤੀ ਟੀਮ ਨੂੰ ਇੰਨਾ ਧੱਕਾ ਲਗਾ ਕਿ ਉਹ ਕੋਈ ਹਮਲਾ ਕਰਨ ਦੇ ਯੋਗ ਨਹੀਂ ਰਹੀ ਸੀ।"

ਇਸੇ ਦੌਰਾਨ ਬਹੁਤੇ ਭਾਰਤੀ ਫੁਟਬਾਲ ਖਿਡਾਰੀਆਂ ਨੇ ਏਸ਼ੀਆਡ ਪਿੰਡ ਛੱਡਣਾ ਸ਼ੁਰੂ ਕਰ ਦਿਤਾ। ਉਪ-ਕਪਤਾਨ ਜੀ. ਐਸ. ਪਰਮਾਰ ਤੇ ਅੱਠ ਹੋਰ ਖਿਡਾਰੀ (ਸਾਰੇ ਬੰਗਾਲੀ) ਆਪਣੇ ਕੋਚ ਅਰੁਨ ਘੋਸ਼ ਸਮੇਤ ਕਲ੍ਹ ਕਲਕੱਤੇ ਨੂੰ ਚੱਲ ਪੈਣਗੇ। ਫੈਡਰੇਸ਼ਨ ਦੇ ਸਕੱਤਰ ਅਸ਼ੋਕ ਘੋਸ਼ ਨੇ ਦਸਿਆ ਕਿ ਜਨਵਰੀ ਦੇ ਪਹਿਲੇ ਹਫਤੇ ਨਹਿਰੂ ਇੰਟਰਨੈਸ਼ਨਲ ਫੁਟਬਾਲ ਟੂਰਨਾਮੈਂਟ ਦੀ ਤਿਆਰੀ ਲਈ ਕੇਰਲਾ ਵਿਚ ਕੋਚਿੰਗ ਕੈਂਪ ਲਗ ਰਿਹਾ ਹੈ। ਉਹਨਾਂ ਕਿਹਾ ਕਿ ਕੋਚਿੰਗ ਪ੍ਰੋਗਰਾਮ ਦੇ ਵਿਸਥਾਰ ਨੂੰ ਅਜੇ ਪ੍ਰਵਾਨਗੀ ਨਹੀਂ ਮਿਲੀ।

ਹਾਕੀ ਪ੍ਰਬੰਧਕਾਂ ਨੂੰ ਸਨਿਆਸ ਦਾ ਮਸ਼ਵਰਾ

ਪਟਿਆਲਾ —ਅਕਾਲੀ ਵਿਧਾਇਕ ਦਲੀਪ ਸਿੰਘ ਪਾਂਧੀ ਨੇ ਕਿਹਾ ਹੈ ਕਿ ਹਾਕੀ ਵਿਚ ਪਾਕ ਹਥੋਂ ਸ਼ਰਮਨਾਕ ਹਾਰ ਟੀਮ—ਦੀ ਗਲਤ ਚੋਣ ਕਾਰਨ ਹੋਈ। ਇਸ ਹਾਰ ਲਈ ਭਾਰਤੀ ਹਾਕੀ ਫੇਡਰੇਸ਼ਨ ਵਿਚ ਚਲਦੀ ਪਾਲਿਟਿਕਸ ਮੁਖ ਤੌਰ ਤੇ ਜ਼ੁਮੇਵਾਰ ਹੈ।

ਉਹਨਾਂ ਕਿਹਾ ਕਿ ਫੇਡਰੇਸ਼ਨ ਦੇ ਮੁਖੀ, ਹਾਕੀ ਕੋਚਿੰਗ ਦੇ ਡਾਇਰੇਕਟਰ ਤੇ ਕਪਤਾਨ ਨੂੰ ਸਨਿਆਸ ਲੈ ਲੈਣਾ ਚਾਹੀਦਾ ਹੈ ਅਤੇ ਪ੍ਰਬੰਧ ਤਜਰਬੇਕਾਰ ਵਿਅਕਤੀਆਂ ਦੇ ਹਥ ਵਿਚ ਦੇਣਾ ਚਾਹੀਦਾ ਹੈ।

ਮਹਿਲਾ ਹਾਕੀ ਟੀਮ ਦੇ ਕੋਚ ਬਾਲਕਿਸ਼ਨ ਦੀ ਸ਼ਲਾਘਾ ਕਰਦਿਆਂ ਸ੍ਰੀ ਪਾਂਧੀ ਨੇ ਕਿਹਾ ਕਿ ਮਰਦ ਟੀਮ ਵੀ ਅਜੇਹੇ ਮਾਹਰ ਕੋਚਾਂ ਹਵਾਲੇ ਕੀਤੀ ਜਾਣੀ ਚਾਹੀਦੀ ਹੈ।

ਅੰਮ੍ਰਿਤਸਰ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਕਿਹਾ ਕਿ ਕਿ ਹਾਰ ਪੰਜਾਬ ਦੇ ਖਿਡਾਰੀਆਂ ਖਾਸ ਕਰ 'ਸਿੱਖ ਖਿਡਾਰੀਆਂ' ਨਾਲ ਵਿਤਕਰੇ ਕਾਰਨ ਹੋਈ।

ਟੀ. ਵੀ. ਤੇ ਮੈਚ ਦੇਖਣ ਉਪਰੰਤ ਪਤਰਕਾਰਾਂ ਨੂੰ ਸਦਕੇ ਉਹਨਾਂ ਗਲਬਾਤ ਵਿਚ ਸੰਕੇਤ ਦਿਤਾ ਕਿ ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਜਿਹੀਆਂ ਹੋਰ ਜਥੇਬੰਦੀਆਂ ਨਾਲ ਪੰਜਾਬ ਵਿਚ ਹਾਕੀ ਦਾ ਪਧਰ ਉਚਾ ਕਰਨ ਲਈ ਲੰਮੀ ਯੋਜਨਾ ਤੇ ਵਿਚਾਰ ਕਰਨਗੇ।

ਆਲ ਇੰਡੀਆ ਸਿਖ ਕਾਂਗਰਸ ਦੇ ਜਨਰਲ ਸਕੱਤਰ ਰੋਸ਼ਨ ਲਾਲ ਨੇ ਸਾਰੇ ਅਹੁਦੇਦਾਰ ਬਰਤਰਫ ਕਰਨ ਦੀ ਮੰਗ ਕਰਦਿਆਂ ਮੁਖ ਮੰਤਰੀ ਨੂੰ ਸੂਬੇ ਪਧਰ ਤੇ ਹਾਕੀ ਨੂੰ ਮੁੜ ਤੋਂ ਜਥੇਬੰਦ ਕਰਨ ਦੀ ਅਪੀਲ ਕੀਤੀ ਹੈ। ਉਹਨਾਂ ਪੰਜਾਬ ਦੇ ਖਿਡਾਰੀਆਂ ਨੂੰ ਸਰਕਾਰੀ ਖਰਚੇ ਤੇ ਸਿਖਲਾਈ ਦੇਣ ਦਾ ਸੁਝਾ ਦਿਤਾ।

"ਭਾਰਤ ਦਾ ਹਾਕੀ ਖੇਡਣ ਦਾ ਢੰਗ ਹੀ ਹੋਰ ਹੋ ਗਿਆ"

ਲੁਧਿਆਣਾ (ਵਿਸ਼ੇਸ਼ ਪ੍ਰਤੀਨਿਧ)—ਪਾਕਿਸਤਾਨੀ ਹਾਕੀ ਟੀਮ ਦੇ ਸਾਬਕਾ ਕਪਤਾਨ ਅਤੇ ਐਗਰੀਕਲਚਰਲ ਡਿਵੈਲਪਮੈਂਟ ਕਾਰਪੋਰੇਸ਼ਨ ਪਾਕਿਸਤਾਨ ਦੇ ਮੈਨੇਜਿੰਗ ਡਾਇਰੈਕਟਰ ਗੁਲਾਮ ਰਸੂਲ ਨੇ ਅੱਜ ਇਥੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਦਿੱਲੀ ਵਿਖੇ ਹੋਇਆ ਹਾਕੀ ਮੈਚ ਕੋਈ ਮੈਚ ਨਹੀਂ ਸੀ ਬਲਕਿ ਇਕ ਪਾਸੜ ਨਜ਼ਾਰਾ ਜਿਹਾ ਸੀ।

ਉਹ ਪਾਕਿਸਤਾਨ ਤੋਂ ਉਚੇਚੇ ਤੌਰ 'ਤੇ ਭਾਰਤ ਵਿਚ ਹਾਕੀ ਮੈਚ ਦੇਖਣ ਆਏ ਸਨ। ਲੁਧਿਆਣਾ ਵਿਚ ਉਹ ਪੁਰਾਣੇ ਹਾਕੀ ਖਿਡਾਰੀ ਪ੍ਰਿਥੀਪਾਲ ਸਿੰਘ ਨੂੰ ਮਿਲੇ। ਸ੍ਰੀ ਗੁਲਾਮ ਰਸੂਲ ਨੇ ਕਿਹਾ ਕਿ ਭਾਰਤ ਦਾ ਹਾਕੀ ਖੇਡਣ ਦਾ ਢੰਗ ਹੀ ਹੋਰ ਹੋ ਗਿਆ ਹੈ।

——

ਨਵੀਂ ਦਿੱਲੀ (ਯੂ. ਐਨ. ਆਈ.): ਪਾਕਿਸਤਾਨ ਟੀਮ ਦੇ ਮੈਨੇਜਰ ਖਾਲਿਦ ਮਹਿਮੂਦ ਨੇ ਦਸਿਆ ਕਿ ਆਮ ਤੌਰ 'ਤੇ ਪਾਕਿਸਤਾਨ ਦੀ ਹਾਕੀ ਟੀਮ ਪੰਜ ਫਾਰਵਰਡਾਂ ਨਾਲ ਖੇਡਦੀ ਹੈ। ਪਰ ਭਾਰਤ ਨਾਲ ਫਾਈਨਲ ਮੈਚ ਵਿਚ ਉਹ ਤਿੰਨ ਫਾਰਵਰਡਾਂ ਨਾਲ ਖੇਡੀ ਤੇ ਇਹ ਫੈਸਲਾ ਮੈਚ ਤੋਂ ਕੁਝ ਹੀ ਘੰਟੇ ਪਹਿਲਾਂ ਕੀਤਾ ਗਿਆ ਸੀ।

..ਤੇ ਉਨ੍ਹਾਂ ਖਿਝ ਕੇ ਟੀ. ਵੀ. ਤੋੜ ਦਿਤੇ

ਬਿਲਾਸਪੁਰ—(ਪੱਤਰ-ਪ੍ਰੇਰਕ) ਪਾਕਿਸਤਾਨ ਹਥੋਂ ਭਾਰਤੀ ਹਾਕੀ ਟੀਮ ਨੂੰ ਕਰਾਰੀ ਹਾਰ ਤੋਂ ਖਿਝ ਕੇ ਇਥੋਂ 15 ਕਿਲੋ ਮੀਟਰ ਦੂਰ ਭਦੌੜ ਕਸਬੇ ਵਿਚ ਇਕ ਖੇਡ ਪ੍ਰੇਮੀ ਵਲੋਂ ਹਾਕੀ ਮਾਰ ਕੇ ਟੈਲੀਵੀਜ਼ਨ ਤੋੜ ਦਿਤੇ ਜਾਣ ਦੀ ਸੂਚਨਾ ਮਿਲੀ ਹੈ। ਦਸਿਆ ਗਿਆ ਹੈ ਕਿ ਉਕਤ ਵਿਅਕਤੀ ਪਾਕਿਸਤਾਨ ਤੇ ਭਾਰਤ ਵਿਚਕਾਰ ਹਾਕੀਦਾਮੈਚਟੈਲੀਵੀਜ਼ਨਉਤੇ ਵੇਖ ਰਿਹਾ ਸੀ,ਜਦੋਂ ਪਾਕਿਸਤਾਨ ਨੇ ਭਾਰਤ ਸਿਰ 7ਵਾਂ ਗੋਲ ਕੀਤਾ ਤਾਂ ਉਕਤ ਖੇਡ ਪ੍ਰੇਮੀ ਨੂੰ ਭਾਰਤ ਦੇ ਗੋਲਕੀਪਰ(ਨੇਗੀ)ਤੇ ਬਹੁਤਾਗੁਸਾ ਆ ਗਿਆ ਤਾਂ ਉਸ ਨੇ ਟੈਲੀਵੀਜ਼ਨ ਤੇ ਹਾਕੀ ਮਾਰ ਕੇ ਟੈਲੀਵੀਜ਼ਨ ਤੋੜ ਦਿਤਾ। ਏਸੇ ਤਰ੍ਹਾਂ ਹੀ ਬਿਲਾਸਪੁਰ ਵਿਚ ਡਾਕਟਰ ਸ੍ਰੀ ਪ੍ਰੇਮ ਸਿੰਘ ਨੇ ਆਪਣੇ ਟੈਲੀਵੀਜ਼ਨ ਤੇ ਇਟ ਮਾਰ ਕੇ ਟੈਲੀਵੀਜ਼ਨ ਭੰਨ ਦਿਤਾ

ਪਾਕਿਸਤਾਨ ਅਤੇ ਮਲੇਸ਼ੀਆ ਦੀਆਂ ਹਾਕੀ ਟੀਮਾਂ ਵਿਚਾਲੇ ਖੇਡੇ ਗਏ ਪਹਿਲੇ ਸੈਮੀ ਫਾਈਨਲ

WILL WHEATON
PONTIC BUICK GMC LTD.

325 -12th ST.NEW WEST.

For New and used cars, station wagons,new & used truck,van and 4x4 jimmy....for all your driving needs.... your well known proofessional salesman

PH:
BUS:526-2781
RES:524-4137

Pager 687-7711#76 10

KULDIP SINGH JHAND

ਨੀਊ
ਇੰਡੀਆ ਫੈਸ਼ਨ ਸੈਂਟਰ (ਲਿ:)
ਪੰਜਾਬੀ ਮਾਰਕਿਟ ਵਿਚ

* ਪੰਜਾਬੀ ਸੂਟ
* ਸਾੜ੍ਹੀਆਂ ਲਈ ਬਲਾਊਜ਼
* ਪੇਟੀਕੋਟ
* ਲਹਿੰਗੇ ਤੇ ਹਰ ਕਿਸਮ ਦੇ ਕਪੜੇ

ਸਿਲਵਾ ਸਕਦੇ ਹੋ
ਚਾਰ ਸੂਟ ਸਲਾਉਣ ਵਾਲੇ ਨੂੰ ਇਕ ਲੇਡੀ ਵਾਚ ਫਰੀ ਦਿਤੀ ਜਾਵੇਗੀ
ਸਾਡੇ ਕੋਲ ਲੇਡੀਜ਼ ਤੇ ਬੱਚਿਆਂ ਦੇ ਰੈਡੀਮੇਡ ਕਪੜੇ ਵੀ ਮਿਲ ਸਕਦੇ ਹਨ।
ਫੋਨ 321-3253
6410, MAIN ST, (48th Ave.)

VANCOUVER, B.C.

ਮੁਰੋਫੁਸ਼ੀ ਸਭ ਤੋਂ ਵਧੀਆ ਐਥਲੀਟ

ਨਵੀਂ ਦਿਲੀ, (ਯੂ. ਐਨ. ਆਈ.)—ਜਪਾਨ ਦੇ ਪੁਰਾਣੇ ਐਥਲੀਟ ਸ਼ਿਗੇਨੋਬੂ ਮੁਰੋਫੁਸ਼ੀ, ਜਿਸਨੇ ਲਗਾਤਾਰ ਚੌਥੀ ਏਸ਼ਆਡ ਵਿਚ ਨਵੇਂ ਰਿਕਾਰਡ ਨਾਲ ਹੈਮਰਥਰੋ ਕਰਕੇ ਨਵਾਂ ਇਤਿਹਾਸ ਕਾਇਮ ਕੀਤਾ, ਨੂੰ ਨੌਵੇਂ ਏਸ਼ੀਆਡ ਦਾ ਸਭ ਤੋਂ ਵਧੀਆ ਐਥਲੀਟ ਐਲਾਨਿਆ ਗਿਆ।

37 ਸਾਲਾ ਮੁਰੋਫੁਸ਼ੀ ਨੇ ਐਤਵਾਰ 71.14 ਮੀਟਰ ਥਰੋ ਕਰਕੇ ਸੋਨ ਤਮਗਾ ਜਿਤਿਆ ਸੀ। ਉਸਨੇ ਆਪਣੇ 68.26 ਮੀਟਰ ਦੇ ਆਪਣੇ ਪਿਛਲੇ ਰਿਕਾਰਡ ਵਿਚ ਸੋਧ ਕੀਤੀ ਸੀ।

ਦੋ ਬਚਿਆਂ ਦੇ ਪਿਤਾ ਤੇ ਸਰੀਰਕ ਸਿਖਿਆ ਦੇ ਸਹਾਇਕ ਪ੍ਰੋਫੈਸਰ ਮੁਰੋਫੁਸ਼ੀ ਨੇ, ਪਹਿਲਾ ਸੋਨ ਤਮਗਾ 1970 ਵਿਚ ਜਿਤਿਆ ਸੀ।

ਕੌਰ ਸਿੰਘ ਨੂੰ ਸੋਨੇ ਦਾ ਮੈਡਲ

ਨਵੀਂ ਦਿੱਲੀ — ਏਸ਼ਿਆਈ ਮੁੱਕੇਬਾਜ਼ੀ ਮੁਕਾਬਲਿਆਂ ਦੌਰਾਨ ਹੈਵੀ ਵੇਟ ਸ਼੍ਰੇਣੀ ਵਿਚ ਭਾਰਤ ਦੇ ਕੌਰ ਸਿੰਘ ਨੇ ਇਰਾਕੀ ਮੁੱਕੇਬਾਜ਼ ਨੂੰ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਅਤੇ ਇਸ ਪ੍ਰਕਾਰ ਕੁਸ਼ਤੀਆਂ ਵਾਂਗ ਮੁੱਕੇਬਾਜ਼ੀ 'ਚ ਵੀ ਭਾਰਤ ਦੀ ਰਹਿ ਗਈ ਹੈ।

ਮੁੱਕੇਬਾਜ਼ੀ 'ਚ ਭਾਰਤੀ ਮੁੱਕੇਬਾਜ਼ਾਂ ਨੇ ਦੋ ਚਾਂਦੀ ਦੇ ਤਮਗੇ ਵੀ ਜਿੱਤੇ ਹਨ।

ਦ. ਕੋਰੀਆ ਨੇ ਛੇ ਅਤੇ ਥਾਈਲੈਂਡ ਨੇ ਸੋਨੇ ਦਾ ਇਕ ਤਮਗਾ ਜਿੱਤਿਆ ਹੈ।

ਏਸ਼ੀਆਈ ਖੇਡਾਂ

ਮੈਡਲਾਂ ਦਾ ਵੇਰਵਾ

ਦੇਸ਼	ਸੋਨਾ	ਚਾਂਦੀ	ਕਾਂਸੀ
ਚੀਨ	61	51	41
ਜਪਾਨ	57	52	41
ਦ. ਕੋਰੀਆ	28	28	34
ਉ. ਕੋਰੀਆ	16	18	17
ਭਾਰਤ	13	19	22
ਇੰਡੋਨੇਸ਼ੀਆ	4	4	7
ਇਰਾਨ	4	4	4
ਮੰਗੋਲੀਆ	3	3	0
ਪਾਕਿਸਤਾਨ	3	2	0
ਫਿਲੀਪਾਈਨ	2	3	7
ਥਾਈਲੈਂਡ	1	5	4
ਇਰਾਕ	1	2	3
ਕੁਵੈਤ	1	2	1
ਮਲੇਸ਼ੀਆ	1	0	3
ਸਿੰਘਾਪੁਰ	1	0	2
ਸੀਰੀਆ	1	0	0
ਲਿਬਨਾਨ	0	1	0
ਅਫਗਾਨਿਸਤਾਨ	0	1	0
ਹਾਂਗਕਾਂਗ	0	0	1
ਵੀਅਤਨਾਮ	0	0	1
ਬਹਿਰੀਨ	0	0	1
ਕਤਾਰ	0	0	1
ਸਾਊਦੀ ਅਰਬ	0	0	1

ਇਰਾਕ ਨੂੰ ਫੁੱਟਬਾਲ 'ਚ ਸੋਨੇ ਦਾ ਤਮਗਾ

ਨਵੀਂ ਦਿੱਲੀ, —ਏਸ਼ਿਆਈ ਫੁੱਟਬਾਲ ਮੁਕਾਬਲਿਆਂ ਦੇ ਫਾਈਨਲ ਵਿਚ ਅਜ ਇਥੇ ਇਰਾਕ ਨੇ ਕੁਵੈਤ ਨੂੰ ਸਿਫਰ ਦੇ ਮੁਕਾਬਲੇ 1 ਗੋਲ ਨਾਲ ਹਰਾ ਕੇ ਸੋਨੇ ਦਾ ਤਮਗਾ ਜਿੱਤ ਲਿਆ।

ਇਹ ਮੈਚ ਬਹੁਤ ਹੀ ਸੰਘਰਸ਼ਪੂਰਨ ਸੀ ਅਤੇ 80 ਮਿੰਟ ਦੀ ਖੇਡ ਤੋਂ ਬਾਅਦ ਇਰਾਕ ਦੇ ਖਿਡਾਰੀ ਹੁਸੈਨ ਨੇ ਮੈਚ ਦਾ ਇਕ ਇਕ ਗੋਲ ਕਰਕੇ ਕੁਵੈਤ ਦੀ ਕਹਾਣੀ ਖਤਮ ਕਰ ਦਿਤੀ।

ਉ: ਕੋਰੀਆ ਦੀ ਫੁਟਬਾਲ ਟੀਮ ਖਾਰਜ

ਨਵੀਂ ਦਿੱਲੀ, (ਯੂ: ਐਨ ਆਈ)—ਏਸ਼ੀਆਈ ਫੁਟਬਾਲ ਕਨਫੈਡਰੇਸ਼ਨ ਦੀ ਦਸਵੀਂ ਕਾਂਗਰਸ ਨੇ ਉਤਰੀ ਕੋਰੀਆਂ ਦੀ ਫੁਟਬਾਲ ਟੀਮ ਨੂੰ ਏਸ਼ੀਆਡ ਫੁਟਬਾਲ ਟੂਰਨਾਮੈਂਟ ਵਿਚ ਅਗੇ ਤੋਂ ਹਸਾ ਲੈਣ ਤੋਂ ਰੋਕ ਦਿਤਾ ਹੈ।

ਕਨਫੈਡਰੇਸ਼ਨ ਦੇ ਜਨਰਲ ਸਕੱਤਰ ਵੇਲਾਪਾਨ ਨੇ ਯੂ. ਐਨ. ਆਈ. ਕੋਲ ਇੰਕਸ਼ਾਫ ਕਰਦਿਆਂ ਕਿਹਾ ਕਿ ਅਜ ਸ਼ਾਮ ਸਾਊਦੀ ਅਰਬ ਤੇ ਉਤਰੀ ਕੋਰੀਆ ਵਿਚਾਲੇ ਕਾਂਸੀ ਦੇ ਤਮਗੇ ਲਈ ਹੋਣ ਵਾਲਾ ਮੈਚ ਨਹੀਂ ਹੋਵੇਗਾ। ਕਾਂਸੀ ਦਾ ਤਮਗਾ ਸਾਊਦੀ ਅਰਬ ਨੂੰ ਮਿਲੇਗਾ।

ਸਤਪਾਲ ਨੇ ਸੋਨੇ ਦਾ ਤਮਗਾ ਜਿੱਤਿਆ

ਹਿੰਦ ਨੇ 4 ਦਿਨਾ ਕੁਸ਼ਤੀ 'ਚ ਕੁਲ ਮਿਲਾਕੇ ਇਕ ਸੋਨੇ, ਇਕ ਚਾਂਦੀ ਤੇ ਦੋ ਕਾਂਸੀ ਦੇ ਤਮਗੇ ਜਿਤੇ ਟੀਮ ਚੈਂਪੀਅਨਸ਼ਿਪ ਵਿਚ ਈਰਾਨ ਪਹਿਲੇ, ਜਪਾਨ ਦੂਜੇ ਤੇ ਹਿੰਦ ਤੀਜੇ ਨੰਬਰ ਤੇ ਰਿਹਾ।

ਅੱਜ ਦੇ ਖਤਮ ਹੋਏ ਕੁਸ਼ਤੀ ਮੁਕਾਬਲਿਆਂ ਵਿਚ 100 ਕਿਲੋ ਭਾਰ ਦੇ ਸਤਪਾਲ ਨੇ ਜ਼ਬਰਦਸਤ ਭੇੜ ਵਿਚ ਮੰਗੋਲੀਆ ਦੇ ਭਲਵਾਨ ਨੂੰ ਪੁਆਇੰਟਾਂ ਤੇ ਹਰਾਕੇ ਸੋਨ ਤਮਗਾ ਜਿੱਤਿਆ। ਖੁਸ਼ ਹੋਣ ਵਾਲੇ ਦਰਸ਼ਕਾਂ ਵਿਚ ਪ੍ਰਧਾਨ ਮੰਤਰੀ ਵੀ ਸਨ।

ਏਸ਼ੀਆਈ ਮਹਿਲਾ ਹਾਕੀ ਵਿਚ ਭਾਰਤ ਨੂੰ ਸੋਨੇ ਦਾ ਤਗਮਾ

Do you have a key-person in your business?

Life Under Writer

Member Million Dollar Round Table

700Royal Center(Box 11112)

1055 W.Georgia St.,Vancouver.B.C.

V6E 3P3

What would happen if you lost that person? Insure your recouvery

Call: OFF:682-8441 RES:433-1684

Mohinder S.Gill

B.Comm.,M.B.A.,C.G.A.

Sunlife

OF,CANADA

Get Your Life in Shape

BUYING SELLING TRADING

- ☐ BUYING *ANY KIND OF REAL ESTATE PROPERTY*
- ☐ TRADING
- ☐ FARMS
- ☐ SELLING
- ☐ COMMERCIAL
- ☐ INDUSTRIAL

CONTACT

JAS MANGAT

Bus: 324-1034
Res: 876-1629

CATHAY PACIFIC REALTY LTD.

5052 VICTORIA DRIVE
VANCOUVER, B.C.

ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ,ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।

ਕਿਸ਼ਤ ਤੀਜੀ (ਲੜੀਵਾਰ) **ਕੇਸਰ ਸਿੰਘ**

ਕਾਂਡ 6

ਭਾਈ ਬਲਵੰਤ ਸਿੰਘ ਜੀ ਹਾਂਗਕਾਂਗ ਤੋਂ ਹੀ ਆਪਣੇ ਪਰਵਾਰ ਨੂੰ ਕਰਤਾਰ ਸਿੰਘ ਨਵਾਂ ਚੰਦ ਨਾਲ ਦੇਸ਼ ਵੱਲ ਤੋਰ ਦੇਣਾ ਚਾਹੁੰਦੇ ਸਨ ਪਰ ਕਰਤਾਰ ਕੌਰ ਦੇ ਜ਼ਿਦ ਕਰਕੇ ਉਹ ਪਰਵਾਰ ਨੂੰ ਨਾਲ ਲੈਕੇ ਸਿਂਘਾਪੁਰ ਪਹੁੰਚ ਗਏ। ਹਾਂਗਕਾਂਗ ਤੋਂ ਤੁਰਨ ਲਗਿਆਂ ਕਰਤਾਰ ਕੌਰ ਨੇ ਮਜ਼ਬੂਰੀ ਵਿਚ ਆਕੇ ਮੰਨ ਲਿਆ ਸੀ ਕਿ "ਤੁਸੀਂ ਸਿਂਘਾਪੁਰ ਸਾਡੇ ਨਾਲ ਚੱਲੋ। ਅੱਗੋਂ ਫਿਰ ਸੋਚ ਵਿਚਾਰ ਲਵਾਂਗੇ।" ਜਦ ਉਹ ਸਿਂਘਾਪੁਰ ਪਹੁੰਚੇ ਤਾਂ ਕਰਤਾਰ ਕੌਰ ਫਿਰ ਅੜ ਗਈ—"ਜਿਥੇ ਤੁਸੀਂ ਜਾਉਗੇ, ਮੈਂ ਵੀ ਨਾਲ ਹੀ ਜਾਵਾਂਗੀ। ਬੱਚਿਆਂ ਨੂੰ ਵੀਰ ਕਰਤਾਰ ਸਿੰਘ ਜੀ ਨਾਲ ਦੇਸ਼ ਭੇਜ ਦਿਆਂਗੇ। ਭੈਣ ਹਰਨਾਮ ਕੌਰ ਚਲਾਣਾ ਕਰ ਗਈ ਸੀ। ਬੀਰ ਭਾਗ ਸਿੰਘ ਹੋਰੀਂ ਸ਼ਹੀਦ ਹੋ ਗਏ ਸਨ। ਉਨ੍ਹਾਂ ਦੇ ਬੱਚਿਆਂ ਦੀ ਦੇਖ ਭਾਲ ਸੰਗਤ ਕਰ ਹੀ ਰਹੀ ਐ। ਸਾਡੇ ਬੱਚਿਆਂ ਦਾ ਵੀ ਗੁਰੂ ਰਾਖਾ ਐ। ਜੇ ਤੁਹਾਡਾ ਗੁਰੂ ਉਤੇ ਭਰੋਸਾ ਐ ਤਾਂ ਫੇਰ ਤੁਸੀਂ ਮੇਰੀ ਅਰਜੋਈ ਕਿਉਂ ਨਹੀਂ ਮੰਨਦੇ ?"

ਭਾਈ ਸਾਹਿਬ ਮੱਥੇ ਉਤੇ ਹੱਥ ਰੱਖਕੇ ਬੈਠੇ ਕਰਤਾਰ ਕੌਰ ਦੀਆਂ ਦਲੀਲਾਂ ਸੁਣ ਰਹੇ ਸਨ। ਉਨ੍ਹਾਂ ਨੇ ਉਤਰ ਵਿਚ ਕਿਹਾ—"ਅਸਾਂ ਰਣਤੱਤੇ ਵਿਚ ਜਾਣਾ ਹੈ। ਤੁਸਾਂ ਘਰ ਸੰਭਾਲਣਾ ਹੈ।"

"ਮੈਂ ਰਣਤੱਤੇ ਵਿਚ ਕਿਉਂ ਨਹੀਂ ਹਿਸਾ ਪਾ ਸਕਦੀ। ਫਿਰ ਮਾਈ ਭਾਗੋ ਨੂੰ ਲੋਕਾਂ ਫੜਕੇ ਘਰ ਹੀ ਕਿਉਂ ਨਾ ਬਿਠਾਈ ਰੱਖਿਆ ?"

ਭਾਈ ਸਾਹਿਬ ਨੂੰ ਕੋਈ ਉਤਰ ਨਹੀਂ ਸੀ ਮਿਲ ਰਿਹਾ। ਉਨ੍ਹਾਂ ਮੁਸਕਰਾ ਕੇ ਕਿਹਾ—"ਦੇਖੋ ਕਰਤਾਰ ਜੀ। ਬੱਚਿਆਂ ਦੀ ਪਰਵਰਸ਼ ਤੇ ਸੇਵਾ-ਸੰਭਾਲ ਕਰਨੀ ਵੀ ਦੇਸ਼-ਭਗਤੀ ਦਾ ਇਕ ਅੰਗ ਹੈ। ਗੁਰਸਿੱਖੀ ਦਾ ਇਕ ਮੁਖ ਅਸੂਲ ਹੈ। ਮਾਂ ਦਾ ਅਸਥਾਨ ਘਰ ਹੈ।"

"ਗੁਲਾਬ ਕੌਰ ਮਨੀਲੇ ਵਾਲੀ ਦੀ ਗੱਲ ਸੁਣੀ ਜੇ ਕਿ ਨਹੀਂ। ਉਹਨੇ ਹਾਂਗਕਾਂਗ ਸੰਗਤ ਵਿਚ ਖਲੋ ਕੇ ਲੋਕਾਂ ਨੂੰ ਕਿਹਾ ਸੀ 'ਚੂੜੀਆ ਪਾ ਲਓ ਚੂੜੀਆਂ, ਜਿਹੜੇ ਲੋਕ ਗ਼ਦਰ ਮਚਾਉਣ ਨੂੰ ਤਿਆਰ ਨਹੀਂ।' ਉਹਨੇ ਆਪਣੀਆਂ ਕੱਚ ਦੀਆਂ ਵੰਗਾਂ ਲਾਹ ਕੇ ਸੰਗਤ ਵਿਚ ਵਗਾਹ ਮਾਰੀਆਂ ਸਨ। ਉਹਨੂੰ ਕਿਸੇ ਨਾ ਰੋਕਿਆ। ਬੀਰਾਂ ਦਾ ਟੋਲਾ ਲੈਕੇ ਰਣਤੱਤੇ ਵਿਚ ਜਾ ਕੁੱਦੀ।"

"ਬੀਬੀ ਗੁਲਾਬ ਕੌਰ ਦੀ ਗੱਲ ਹੋਰ ਸੀ। ਉਹਦੀ ਘਰ ਵਿਚ ਕੋਈ ਜ਼ਿੰਮੇਵਾਰੀ ਨਹੀਂ ਸੀ।"

"ਤੁਹਾਡਾ ਮਤਲਬ ਐ ਕਿ ਉਹਦੀ ਔਲਾਦ ਹੈ ਨਹੀਂ ਸੀ। ਹੋਰ ਵੀ ਤਾਂ ਕਈ ਬੇਔਲਾਦੀਆਂ ਛੁਟੜਾਂ ਹੋਣਗੀਆਂ। ਉਹ ਨਾ ਗਈਆਂ ਰਣਤੱਤੇ ਵਿਚ ਕੁਦਣ ਲਈ ?"

"ਬੀਬੀ ਗੁਲਾਬ ਕੌਰ ਵਰਗੀਆਂ ਸ਼ੇਰਨੀਆਂ ਕਦੇ ਕਦੇ ਜੰਮਦੀਆਂ ਹਨ।"

"ਤੇ ਫਿਰ ਮੈਂ ਗਿੱਦੜਾਂ ਦੇ ਜੰਮੀਆਂ ਗਿੱਦੜਾਂ ਨਾਲ ਵਿਆਹੀ ਹਾਂ ?" ਕਹਿੰਦਿਆਂ ਹੀ ਕਰਤਾਰ ਕੌਰ ਦਾ ਹਾਸਾ ਨਿਕਲ ਗਿਆ। ਭਾਈ ਸਾਹਿਬ ਵੀ ਹੱਸ ਪਏ।

"ਕੀ ਪਤੈ ?"

"ਮੈਨੂੰ ਪਤੈ ਮੈਂ ਇਕ ਬਬਰ-ਸ਼ੇਰ ਦਾ ਪੱਲਾ ਫੜਿਆ ਐ। ਮੈਂ ਵੀ ਸ਼ੇਰਨੀ ਆਂ। ਲੁਕ ਲੁਕ ਕੇ ਕਿਉਂ ਬੈਠਾਂ। ਜਦ ਸ਼ੇਰ ਸ਼ਿਕਾਰ ਚੜ੍ਹਦੇ ਤਾਂ ਸ਼ੇਰਨੀ ਵੀ ਸ਼ਿਕਾਰ ਚੜ੍ਹਦੀ ਐ। ਪਿਛੇ ਨਹੀਂ ਬੈਠੀ ਰਹਿੰਦੀ। ਸ਼ੇਰਾਂ ਦੇ ਬੱਚੇ ਸ਼ੇਰ ਈ ਨਿਕਲਦੇ ਐ। ਉਹਨਾਂ ਨੂੰ ਕਿਸੇ ਦੀ ਰਾਖੀ ਦੀ ਲੋੜ ਨਹੀਂ ਹੁੰਦੀ। ਪਲ ਜਾਣਗੇ ਆਪੇ। ਆਪੇ ਹੋ ਜਾਣਗੇ ਵੱਡੇ। ਗੁਰੂ ਰਾਖਾ ਹੈ ਬੱਚਿਆਂ ਦਾ।"

"ਕਰਤਾਰ ਜੀ ! ਤੁਹਾਨੂੰ ਪਤਾ ਹੈ ਕਿ ਮੇਰਾ ਤੇ ਤੁਹਾਡਾ ਰਾਹ ਵੱਖੋ ਵੱਖਰਾ ਹੈ ਪਰ ਮੰਜ਼ਲ ਸਾਡੀ ਇਕੋ ਹੈ। ਪਤਾ ਨਹੀਂ ਅਸਾਂ ਕਿਹੜੇ ਘਣੇ ਜੰਗਲਾਂ ਵਿਚੋਂ ਲੰਘਦਿਆਂ ਕਿਹੋ ਜਿਹੇ ਖੂਨਖਾਰ ਦਰਿੰਦਿਆਂ ਦਾ ਮੁਕਾਬਲਾ ਕਰਨਾ ਹੋਵੇਗਾ। ਕਿਹੜੀਆਂ ਨਦੀਆਂ ਤੇ ਪਹਾੜ ਟੱਪਣੇ ਹੋਣਗੇ। ਹਰ ਦੇਸ਼ ਵਿਚ ਫਰੰਗੀ ਦਾ ਬੋਲ ਬਾਲਾ ਹੈ। ਸਿਆਮ ਭਾਵੇਂ ਨਾਮ ਮਾਤਰ ਆਜ਼ਾਦ ਹੈ ਪਰ ਉਹ ਵੀ ਫਰੰਗੀਆਂ ਨੇ ਆਪਣੇ ਬੂਟਾਂ ਦੀਆਂ ਅੱਡੀਆਂ ਹੇਠਾਂ ਦੱਬਿਆ ਹੋਇਆ ਹੈ। ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਤੇ ਪੰਡਤ ਸੋਹਣ ਲਾਲ ਹੋਰੀਂ ਸਾਡੀ ਉਡੀਕ ਬਰਮਾ ਵਿਚ ਕਰਦੇ ਹੋਣਗੇ। ਅਸੀਂ ਪਹਿਲੋਂ ਹੀ ਪੱਛੜੇ ਹੋਏ ਹਾਂ। ਸਾਨੂੰ ਹੋਰ ਨਾ ਪਛੜਾਓ। ਗੁਰੂ ਦਾ ਵਾਸਤਾ ਜੇ ਕਰਤਾਰ ਜੀ ! ਸਾਨੂੰ ਹੋਰ ਨਾ ਪਛੜਾਓ।"

ਕਰਤਾਰ ਕੌਰ ਦੇ ਹੰਝੂ ਡੁਲ੍ਹ ਪਏ। ਪੱਲੇ ਦੀ ਨੁਕਰ ਨਾਲ ਹੰਝੂ ਪੂੰਝਦਿਆਂ ਕਰਤਾਰ ਕੌਰ ਨੇ ਕੁਝ ਕਹਿਣਾ ਚਾਹਿਆ ਪਰ ਉਸਦੀ ਘਿੱਗੀ ਬੱਝ ਗਈ। ਉਹ ਕੁਝ ਕਹਿ ਨਾ ਸਕੀ।

ਬਾਹਰੋਂ ਹਰਦਿਆਲ ਸਿੰਘ ਦੇ ਰੌਲਾ ਪਾਉਣ ਦੀ ਆਵਾਜ਼ ਆਈ। ਉਹ ਅੱਗੇ ਅੱਗੇ ਭੱਜ ਰਿਹਾ ਸੀ। ਦੋਵੇਂ ਭੈਣਾਂ ਊਧਮ ਕੌਰ ਤੇ ਨਿਰੰਜਨ ਕੌਰ ਉਸਦੇ ਪਿਛੇ ਪਿਛੇ ਦੌੜ ਰਹੀਆਂ ਸਨ। ਉਹ ਉਨ੍ਹਾਂ ਦੇ ਕਾਬੂ ਨਹੀਂ ਸੀ ਆ ਰਿਹਾ। ਉਹ ਬਜ਼ਾਰ ਵੱਲ ਨਿਕਲਣਾ ਚਾਹੁੰਦਾ ਸੀ। ਉਹ ਉਸਦਾ ਰਾਹ ਰੋਕ ਕੇ ਖਲੋਤੀਆਂ ਸਨ। ਉਹ ਹੋਟਲ ਦਾ ਗੇਟ ਟੱਪ ਕੇ ਸੜਕ ਉਤੇ ਦੌੜਨਾ ਚਾਹੁੰਦਾ ਸੀ। ਹੋਟਲ ਦਾ ਮਾਲਕ ਚੀਨਾ ਖੁਲ੍ਹੇ ਗੇਟ ਨੂੰ ਬੰਦ ਕਰਨ ਲਈ ਦੌੜ ਪਿਆ। ਕਰਤਾਰ ਕੌਰ ਬਰਾਂਡੇ ਵਿਚ ਖਲੋਕੇ ਇਹ ਤਮਾਸ਼ਾ ਵੇਖ ਰਹੀ ਸੀ। ਉਸਨੇ ਪਿਛੇ ਮੁੜਕੇ ਤਕਿਆ। ਭਾਈ ਸਾਹਿਬ ਉਨ੍ਹਾਂ ਵੱਲ ਪਿੱਠ ਦੇਕੇ ਖੜੇ ਸਨ। ਉਸਦੇ ਅਥਰੂ ਫਿਰ ਡੁਲ੍ਹਣ ਲੱਗ ਪਏ।

ਕਾਂਡ 7

ਭਾਈ ਸਾਹਬ ਤੇ ਕਰਤਾਰ ਸਿੰਘ ਨਵਾਂ ਚੰਦ ਹਨੇਰੇ ਹੋਏ ਗੁਰਦੁਆਰੇ ਵੱਲ ਜਾ ਰਹੇ ਸਨ। ਉਹ ਸਾਰੂ ਪਿਛੇ ਧਿਆਨ ਰੱਖਦੇ ਬੜੀ ਸੋਖੀ ਨਾਲ ਤੁਰੇ ਗਏ, ਕੋਈ ਟਾਂਵਾਂ ਟਾਂਵਾਂ ਚੀਨਾ ਜਾਂ ਮਲਾਈ ਉਨ੍ਹਾਂ ਪਾਸੋਂ ਲੰਘ ਜਾਂਦਾ। ਜਦ ਉਹ ਗੁਰਦੁਆਰੇ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ ਇਕ ਸਿੱਖ ਗੁਰਦੁਆਰੇ ਵਲੋਂ ਆਪਣੇ ਵੱਲ ਆਉਂਦਾ ਵੇਖਿਆ। ਉਹ ਦੋਵੇਂ ਕੁਝ ਝਿਜਕ ਗਏ। ਕਰਤਾਰ ਸਿੰਘ ਗੁਰਦੁਆਰੇ ਦਾ ਰਾਹ ਛੱਡਕੇ ਇਕ ਹੋਰ ਸੜਕ ਵਲ ਮੁੜਨ ਹੀ ਲੱਗਾ ਸੀ ਕਿ ਉਸ ਸਿੱਖ ਨੇ ਵੀ ਉਸੇ ਪਾਸੇ ਜਾਣਾ ਸ਼ੁਰੂ ਕਰ ਦਿਤਾ। ਉਹ ਸਿੱਖ ਉਨ੍ਹਾਂ ਦੇ ਨੇੜੇ ਢੁਕ ਆਇਆ ਸੀ। ਇਸ ਲਈ ਕਰਤਾਰ ਸਿੰਘ ਨੇ ਭਾਈ ਸਾਹਿਬ .. ਤੇ ਪੈਂਠੀ ਗੱਲ ਵੀ ਨਾ ਕੀਤੀ। ਗੁਰਦੁਆਰੇ ਵੱਲ ਮੁੜ ਪਿਆ। ਭਾਈ ਸਾਹਬ ਵੀ ਬਿਨਾਂ ਕੁਝ ਕਹੇ ਕਰਤਾਰ ਸਿੰਘ ਦੇ ਪਿਛੇ ਮੁੜਦੇ ਗਏ। ਉਸ ਸਿੱਖ ਨੇ ਵਾਜ ਮਾਰਕੇ ਕਿਹਾ—"ਸਰਦਾਰ ਜੀ ! ਤੁਸੀਂ ਨਵੇਂ ਆਏ ਜਾਪਦੇ ਹੋ। ਜੇ ਤੁਸੀਂ ਗੁਰਦੁਆਰੇ ਜਾਣਾ ਐ ਤਾਂ ਮੈਂ ਗੁਰਦੁਆਰੇ ਛੱਡ ਆਉਂਦਾ ਹਾਂ। ਜੇ ਕਿਸੇ ਹੋਰ ਦੇ ਘਰ ਜਾਣਾ ਐ ਤਾਂ ਵੀ ਰਾਹੇ ਪਾ ਦਿੰਦਾ ਆਂ।"

ਕਰਤਾਰ ਸਿੰਘ ਨੇ ਉਤਰ ਦਿਤਾ—"ਅਸੀਂ ਨਵੇਂ ਨਹੀਂ। ਇਹੋ ਸੋਚ ਰਹੇ ਆਂ ਕਿ ਪਹਿਲੋਂ ਗੁਰਦੁਆਰੇ ਚਲੀਏ ਜਾਂ ਕਿਸੇ ਸੱਜਣ ਮਿਤਰ ਦੇ ਜਾ ਆਈਏ।"

ਉਸ ਸਿੱਖ ਨੇ ਹੋਰ ਨੇੜੇ ਹੋਕੇ ਕਿਹਾ—"ਜੇ ਨਵੇਂ ਆਏ ਹੋ ਤਾਂ ਗੁਰਦੁਆਰੇ ਨਾ ਜਾਇਓ। ਗੁਰਦੁਆਰੇ ਦੇ ਆਲੇ ਦੁਆਲੇ ਖੁਫੀਆ ਪੁਲਸ ਦਾ ਪਹਿਰਾ ਰਹਿੰਦੈ। ਮੈਂ ਹੁਣੇ ਉਥੋਂ ਆਇਆਂ। ਮੁਸਲਾ ਗਫੂਰ ਨੇੜੇ ਹੀ ਚਾਹ ਵਾਲੇ ਚੀਨੇ ਦੀ ਹੱਟੀ ਉਤੇ ਬੈਠੈ।"

ਭਾਈ ਸਾਹਬ ਤੇ ਕਰਤਾਰ ਸਿੰਘ ਹੱਕੇ ਬੱਕੇ ਹੋਏ ਉਸਦੀ ਗੱਲ ਸੁਣ ਰਹੇ ਸਨ। ਕਰਤਾਰ ਸਿੰਘ ਬੋਲ ਪਿਆ—"ਅਸੀਂ ਕਿਹੜੀ ਚੋਰੀ ਕੀਤੀ ਐ ਜਾਂ ਡਾਕਾ ਮਾਰਿਐ। ਅਸੀਂ ਤਾਂ ਮੱਥਾ ਟੇਕਣ ਹੀ ਜਾਣੈ।" ਉਹ ਗੁਰਦੁਆਰੇ ਵੱਲ ਤੁਰ ਪਏ। ਮਹਾਰਾਜਾ ਦੇ ਦਰਸ਼ਨ ਕਰਕੇ ਉਹ ਬਾਹਰ ਨਿਕਲ ਕੇ ਬੂਟ ਪਾ ਹੀ ਰਹੇ ਸਨ ਕਿ ਉਨ੍ਹਾਂ ਉਸ ਸਿੱਖ ਨੂੰ ਫਿਰ ਗੁਰਦੁਆਰੇ ਦੇ ਬਾਹਰ ਖਲੋਤਿਆਂ ਵੇਖਿਆ। ਭਾਈ ਸਾਹਬ ਨੇ ਕਿਹਾ—"ਕਰਤਾਰ ਸਿੰਘ ਜੀ ! ਇਹ ਸਿੰਘ ਸਾਡਾ ਪਿੱਛਾ ਕਰ ਰਿਹਾ ਹੈ। ਜਾਂ ਤਾਂ ਇਹ ਖੁਫੀਆ ਹੈ ਜਾਂ ਸਾਡਾ ਹਮਾਇਤੀ। ਦੋਹਾਂ ਗੱਲਾਂ ਵਿਚ ਇਕ ਜ਼ਰੂਰ ਹੈ। ਅਸਾਂ ਭਾਈ ਸਾਹਬ ਦੇ ਦਰਸ਼ਨ ਕਰਨੇ ਸਨ। ਇਸ ਸਿੰਘ ਦੇ ਪਿੱਛਾ ਕਰਨ ਕਰਕੇ ਅਸੀਂ ਉਨ੍ਹਾਂ ਨੂੰ ਵੀ ਨਹੀਂ ਮਿਲ ਸਕੇ। ਉਂਜ ਉਹ ਆਪਣੇ ਕਮਰੇ ਵਿਚ ਹੀ ਹੋਣਗੇ। ਉਨ੍ਹਾਂ ਨੂੰ ਮਿਲੇ ਬਿਨਾਂ ਮੁੜਨਾ ਠੀਕ ਨਹੀਂ। ਕੋਈ ਨਾ ਕੋਈ ਖਬਰ ਸਾਰ ਉਨ੍ਹਾਂ ਤੋਂ ਮਿਲਣ ਦੀ ਆਸ਼ਾ ਸੀ।"

"ਫੇਰ ਕੀ ਕਰੀਏ ?"

"ਦੋ ਚਾਰ ਮਿੰਟ ਟਾਲ ਮਟੋਲਾ ਕਰ ਦੇਈਏ।"

ਉਨ੍ਹਾਂ ਬੂਟਾਂ ਦੇ ਤਸਮੇ ਬੰਨ੍ਹਣ ਤੇ ਹੱਥ ਧੋਣ ਵਿਚ ਪੰਜ ਸੱਤ ਮਿੰਟ ਲਾ ਦਿਤੇ। ਜਦ ਉਨ੍ਹਾਂ ਪਿਛੇ ਮੁੜਕੇ ਦੇਖਿਆ ਤਾਂ ਉਹ ਸਿੱਖ ਚਾਹ ਵਾਲੇ ਚੀਨੇ ਦੀ ਦੁਕਾਨ ਦੇ ਬਾਹਰ ਖੜਾ ਇਕ ਹੋਰ ਬੰਦੇ ਨਾਲ ਗੱਲਾਂ ਕਰ ਰਿਹਾ ਸੀ। ਉਸਦੀ ਕੁੱਲੇ ਉਤੇ ਬੱਧੀ ਪੱਗ ਵੇਖ ਕੇ ਭਾਈ ਸਾਹਬ ਨੇ ਕਿਹਾ—"ਕਰਤਾਰ ਸਿੰਘ ਜੀ। ਇਹੋ ਗਫੂਰ ਹੋਣੈਂ ਜਿਸਦੀ ਉਹ ਗੱਲ ਕਰ ਰਿਹਾ ਸੀ। ਇਹ ਗੱਲ ਵੀ ਪੱਕੀ ਦਿਸਦੀ ਹੈ ਕਿ ਇਹ ਆਪ ਵੀ ਖੁਫੀਆ ਹੋਣਾ ਹੈ।"

"ਫੇਰ ਭਾਈ ਸਾਹਬ ਕਿਵੇਂ ਕਰੀਏ ?"

"ਕਰਨਾ ਕੀ ਹੈ। ਨਾਹ ਹੋਟਲ ਜਾਈਏ ਤੇ ਨਾਹ ਤੁਹਾਡੇ ਮਿਤਰ ਦੇ ਘਰ। ਜੇ ਇਸ ਨੇ ਪਿੱਛਾ ਕੀਤਾ ਤਾਂ ਛੇਤੀ ਛੇਤੀ ਕੋਈ ਮੋੜ ਮੁੜ੍ਹ ਚੱਲਾਂਗੇ ਤੇ ਰਿਕਸ਼ਾ ਲੈਕੇ ਸਟੇਸ਼ਨ ਵੱਲ ਤੁਰ ਪਵਾਂਗੇ।"

ਅਜੇ ਉਹ ਕੁਝ ਕਦਮ ਹੀ ਗਏ ਸਨ ਕਿ ਉਹ ਸਿੱਖ ਤਿੱਖੇ ਕਦਮੀ ਉਨ੍ਹਾਂ ਨੂੰ ਆ ਮਿਲਿਆ। ਉਹ ਇਕ ਰਿਕਸ਼ਾ ਰੋਕ ਕੇ ਚੜ੍ਹਨ ਹੀ ਵਾਲੇ ਸਨ ਕਿ ਉਸ ਸਿੱਖ ਨੇ ਕਿਹਾ—"ਮੇਰਾ ਨਾਂ ਚਤਰ ਸਿਹੁੰ ਹੈ। ਮੈਂ ਗਫੂਰ ਨੂੰ ਕਹਿ ਆਇਆ ਹਾਂ ਕਿ ਤੁਸੀਂ ਏਥੇ ਚੀਨੇ ਤੋਕੀ ਦੇ 'ਜਾਗਾ' ਕਰਦੇ ਹੋ।"

ਭਾਈ ਸਾਹਿਬ ਤੇ ਕਰਤਾਰ ਸਿੰਘ ਦੋਵੇਂ ਹੈਰਾਨ ਖੜੇ ਉਸਦੀ ਗੱਲ ਸੁਣ ਰਹੇ ਸਨ। ਉਸਨੇ ਉਨ੍ਹਾ ਦੀ ਹਰਾਨਗੀ ਹਟਾਉਣ ਲਈ ਕਿਹਾ—"ਮੈਂ ਤੇ ਗਫੂਰ ਦੋਵੇਂ ਖੁਫੀਆ ਪੁਲਸ ਵਿਚ ਕੰਮ ਕਰਦੇ ਹਾਂ। ਪਹਿਲੋਂ ਜ਼ਰਾ ਗਫੂਰ ਦੀਆਂ ਅੱਖਾਂ ਤੋਂ ਉਹਲੇ ਹੋ ਚਲੀਏ। ਫਿਰ ਮੈਂ ਤੁਹਾਡੇ ਨਾਲ ਗੱਲ ਕਰਦਾ ਹਾਂ।"

ਕਰਤਾਰ ਸਿੰਘ ਨੇ ਭਾਈ ਸਾਹਬ ਵੱਲ ਤੱਕਿਆ। ਭਾਈ ਸਾਹਬ ਚਤਰ ਸਿੰਘ ਦੇ ਪਿਛੇ ਪਿਛੇ ਤੁਰਦੇ ਗਏ। ਉਹ ਚਤਰ ਸਿੰਘ ਤੋਂ ਪਿਛੇ ਰਹਿਕੇ ਆਪਸ ਵਿਚ ਕੋਈ ਗਲ ਕਰਨੀ ਚਾਹੁੰਦੇ ਸਨ ਪਰ ਜਦ ਉਹ ਹੌਲੀ ਹੋ ਜਾਂਦੇ ਤਾਂ ਚਤਰ ਸਿੰਘ ਵੀ ਹੌਲੀ ਹੋ ਜਾਂਦਾ। ਇਸ ਲਈ ਉਹ ਆਪਸ ਵਿਚ ਗੱਲ ਨਾ ਕਰ ਸਕੇ।

ਚਤਰ ਸਿੰਘ ਇਕ ਮੋੜ ਮੁੜਿਆ ਹੀ ਸੀ ਕਿ ਉਹ ਦੋਵੇਂ ਰੁਕ ਗਏ। ਉਸਨੇ ਉਨ੍ਹਾਂ ਨੂੰ ਰੁਕਦਿਆਂ ਵੇਖਕੇ ਕਿਹਾ—"ਭਾਈ ਬਲਵੰਤ ਸਿੰਘ ਜੀ ! ਤੁਰੇ ਆਓ। ਮੈਂ ਪੁਲਸੀਆ ਹਾਂ। ਪਰ ਤੁਹਾਡਾ ਦੁਸ਼ਮਣ ਨਹੀਂ, ਦੋਸਤ ਹਾਂ। ਮੇਰਾ ਏਤਬਾਰ ਕਰੋ। ਗਫੂਰ ਤੋਂ ਲਾਂਭੇ ਹੋ ਜਾਈਏ। ਥੋੜੀ ਦੇਰ ਹੋਰ ਤੁਰੇ ਆਓ।" ਉਹ ਸ਼ਸ਼ੋਪੰਜ ਵਿਚ ਪਏ, ਹੋਰ ਕੋਈ ਚਾਰਾ ਨਾ ਸਮਝ ਕੇ, ਉਸਦੇ ਪਿਛੇ ਪਿਛੇ ਤੁਰਦੇ ਗਏ। ਭਾਈ ਸਾਹਬ ਤੇ ਕਰਤਾਰ ਸਿੰਘ ਇਕ ਦੂਜੇ ਵੱਲ ਇਸ਼ਾਰੇ ਕਰਕੇ ਹਰਾਨੀ ਪਰਗਟ ਕਰ ਰਹੇ ਸਨ ਕਿ ਚਤਰ ਸਿੰਘ ਨੂੰ ਭਾਈ ਸਾਹਬ ਦੀ ਪਛਾਣ ਦਾ ਕਿਵੇਂ ਪਤਾ ਲੱਗਾ।

ਏਨੀ ਦੇਰ ਨੂੰ ਚਤਰ ਸਿੰਘ ਨੇ ਇਕ ਘਰ ਦੇ ਅਗੇ ਖਲੋਕੇ ਬੂਹੇ ਉਤੇ ਗਿਣਵੇ ਪੰਜ ਠੋਲ੍ਹੇ ਮਾਰੇ। ਕੁਝ ਰੁਕ ਕੇ ਗਿਣਕੇ ਹੋਰ ਤਿੰਨ ਠੋਲੇ ਮਾਰੇ। ਦਰਵਾਜ਼ਾ ਖੁਲ੍ਹਾ। ਭਾਈ ਭਗਵਾਨ ਸਿੰਘ ਨੂੰ ਦਰਵਾਜ਼ੇ ਵਿਚ ਖਲੋਤਾ ਵੇਖ ਕੇ ਭਾਈ ਸਾਹਬ ਤੇ ਕਰਤਾਰ ਸਿੰਘ ਹਰਾਨ ਹੋ ਗਏ। ਚਤਰ ਸਿੰਘ ਦੇ ਬਿਨਾਂ ਕਹੇ, ਉਹ ਦੋਵੇਂ ਅੰਦਰ ਜਾ ਵੜੇ। ਚਤਰ ਸਿੰਘ ਨੇ ਅੰਦਰੋਂ ਕੁੰਡਾ ਬੰਦ ਕਰ ਲਿਆ। "ਸਿੰਘ ਸਾਹਿਬ" ਕਹਿ ਕੇ ਭਾਈ ਭਗਵਾਨ ਸਿੰਘ ਨੇ ਭਾਈ ਸਾਹਬ ਨੂੰ ਆਪਣੀ ਜੱਫੀ ਵਿਚ ਘੁੱਟ ਲਿਆ। ਫਿਰ ਕਰਤਾਰ ਸਿੰਘ ਤੇ ਭਗਵਾਨ ਸਿੰਘ ਇਕ ਦੂਜੇ ਦੀ ਜੱਫੀ ਵਿਚ ਘੁੱਟੇ ਗਏ। ਚਤਰ ਸਿੰਘ ਦਾ ਚਿਹਰਾ ਖੁਸ਼ੀ ਵਿਚ ਨਿਖਰ ਉਠਿਆ। ਉਹ ਕਦੇ ਭਾਈ ਸਾਹਬ ਵੱਲ ਤੱਕਦਾ ਤੇ ਕਦੇ ਭਗਵਾਨ ਸਿੰਘ ਵੱਲ। ਉਸਦੀ ਨਜ਼ਰ ਕਰਤਾਰ ਸਿੰਘ ਦੇ ਚਿਹਰੇ ਉਤੇ ਆਕੇ ਟਿਕ ਜਾਂਦੀ। ਉਸਦੀ ਖੁਫੀਆ ਪੁਲਸ ਵਾਲੀ ਆਦਤ ਜਾਗ ਉਠੀ। ਉਹ ਸੋਚਣ ਲੱਗਾ ਕਿ ਇਹ ਬੰਦਾ ਕੌਣ ਹੋ ਸਕਦਾ ਹੈ। ਉਹ ਆਪਣਾ ਸਾਰਾ ਟਿੱਲ ਲਾਉਣ ਤੇ ਵੀ ਕਰਤਾਰ ਸਿੰਘ ਨਵਾਂ ਚੰਦ ਬਾਰੇ ਕੋਈ ਜਾਣ ਪਛਾਣ ਨਾ ਕੱਢ ਸਕਿਆ।

ਭਾਈ ਸਾਹਬ ਨੇ ਭਗਵਾਨ ਸਿੰਘ ਤੇ ਚਤਰ ਸਿੰਘ ਵੱਲ ਹਰਾਨੀ ਨਾਲ ਤਕਦਿਆਂ ਅੱਖਾਂ ਹੀ ਅੱਖਾਂ ਵਿਚ ਇਹ ਸੁਆਲ ਪੁਛਣਾ ਚਾਹਿਆ ਕਿ ਚਤਰ ਸਿੰਘ ਨੇ ਉਨ੍ਹਾਂ ਨੂੰ ਕਿਵੇਂ ਪਛਾਣ ਲਿਆ। ਭਗਵਾਨ ਸਿੰਘ ਨੇ ਲਕੜ ਦੀ ਕੁਰਸੀ ਉਤੇ ਬਹਿੰਦਿਆਂ ਉਨ੍ਹਾਂ ਨੂੰ ਵੀ ਬਹਿ ਜਾਣ ਦਾ ਇਸ਼ਾਰਾ ਕੀਤਾ। ਚਤਰ ਸਿੰਘ ਅਜੇ ਵੀ ਖੜਾ ਸੀ। ਉਹ ਬਿਟ ਬਿਟ ਕਰਤਾਰ ਸਿੰਘ ਵੱਲ ਵੇਖ ਰਿਹਾ ਸੀ। ਭਗਵਾਨ ਸਿੰਘ ਨੇ ਕਿਹਾ—"ਚਤਰ ਸਿਹਾਂ ! ਬਹਿ ਜਾ ਤੂੰ ਵੀ। ਭਾਈ ਸਾਹਬ ਨੂੰ ਤਾਂ ਤੂੰ ਪਛਾਣ ਹੀ ਗਿਆ ਹੈਂ।" ਉਸਨੇ ਕਰਤਾਰ ਸਿੰਘ ਵੱਲ ਇਸ਼ਾਰਾ ਕਰਦਿਆਂ ਜਾਣਕਾਰੀ ਦਿਤੀ—"ਇਹ ਸਾਡੇ ਪੁਰਾਣੇ ਮਿਤਰ ਭਾਈ ਕਰਤਾਰ ਸਿਹੁੰ ਹੋਰੀਂ ਹਨ। ਪਿੰਡ ਇਹਨਾਂ ਦਾ ਨਵਾਂ ਚੰਦ ਹੈ।" ਉਸਨੇ ਚਤਰ ਸਿੰਘ ਦੀ ਜਾਣਕਾਰੀ ਕਰਾਉਂਦਿਆਂ ਦਸਿਆ—"ਚਤਰ ਸਿਹੁੰ ਦਾ ਬਾਪੂ ਸਾਡਾ ਮਿਤਰ ਸੀ। ਚਤਰ ਸਿਹੁੰ ਮਿਡਲ ਪਾਸ ਕਰ ਗਿਆ। ਮੈਂ ਉਦੋਂ ਪੀਨਾਂਗ ਗੁਰਦੁਆਰੇ ਵਿਚ ਗਰੰਥੀ ਦੀ ਸੇਵਾ ਕਰਦਾ ਸਾਂ। ਇਹ ਮਗਰੋਂ ਆਪਣੀ ਪੜ੍ਹਾਈ ਦੇ ਜ਼ੋਰ ਨਾਲ ਖੁਫੀਆ ਪੁਲਸ ਵਿਚ ਜਾ ਭਰਤੀ ਹੋਇਆ। ਜਦ ਇਹ ਪੀਨਾਂਗ ਪਹੁੰਚਾ ਤਾਂ ਮੈਂ ਅਗੋਂ ਜਾਕੇ ਲੈ ਆਇਆ ਸਾਂ। ਮੇਰੇ ਕਹਿਣ ਤੇ ਇਹਨੇ ਆਪਣੀ ਡਿਊਟੀ ਗੁਰਦੁਆਰੇ ਦੇ ਆਲੇ ਦੁਆਲੇ ਲੁਆਈ ਹੋਈ ਐ। ਭਾਈ ਸਾਹਬ ਕਦੇ ਭਗਵਾਨ ਸਿੰਘ ਵੱਲ ਤਕਦੇ ਤੇ ਕਦੇ ਚਤਰ ਸਿੰਘ ਵੱਲ।

"ਮੈਂ ਤੁਹਾਡੀ ਤਸਵੀਰ ਇਹਨੂੰ ਦਿਤੀ ਹੋਈ ਸੀ।"

"ਮੇਰੀ ਤਸਵੀਰ, ਕਿਹੜੀ ਤਸਵੀਰ ?"

"ਚਤਰ ਸਿਹਾਂ ਕੱਢ ਤਸਵੀਰ।"

ਉਸਨੇ ਅੰਦਰ ਜਾਕੇ ਆਪਣੀ ਕਾਪੀ ਲੈ ਆਂਦੀ ਤੇ ਕਾਪੀ ਦੇ ਸਾਈਜ਼ ਦੀ ਹੀ ਤਸਵੀਰ ਕੱਢਕੇ ਭਗਵਾਨ ਸਿੰਘ ਦੇ ਹੱਥ ਫੜਾ ਦਿਤੀ। ਭਗਵਾਨ ਸਿੰਘ ਨੇ ਕਿਹਾ—"ਚਤਰ ਸਿਹਾਂ। ਆਹ ਦੇਖ ਭਾਈ ਸਾਹਿਬ ਦੇ ਠੀਕ ਪਿਛੇ ਕੌਣ ਖੜੈ। ਪਛਾਣ ਜੇ ਪਛਾਣ ਸਕਦੈ।" ਚਤਰ ਸਿੰਘ ਨੇ ਤਸਵੀਰ ਵਿਚ ਭਾਈ ਸਾਹਬ ਦੇ ਪਿਛੇ ਖੜੇ ਨੌਜਵਾਨ ਦੇ ਚਿਹਰੇ ਵੱਲ ਤਕਕੇ ਕਰਤਾਰ ਸਿੰਘ ਨਵਾਂ ਚੰਦ ਦੇ ਚਿਹਰੇ ਉਤੇ ਨਜ਼ਰ ਮਾਰਨ ਸਾਰ ਕਿਹਾ—"ਮੁਹਾਂਦਰਾ ਬੜਾ ਮਿਲਦਾ ਜੁਲਦਾ ਐ।"

"ਤੂੰ ਠੀਕ ਕਹਿਦੈਂ।"

ਭਾਈ ਸਾਹਬ ਨੇ ਭਗਵਾਨ ਸਿੰਘ ਦੇ ਹੱਥੋਂ ਤਸਵੀਰ ਫੜ ਲਈ। ਤਸਵੀਰ ਉਤੇ ਨਜ਼ਰ ਮਾਰਨ ਸਾਰ ਉਨ੍ਹਾਂ ਦੇ ਮੁਖੜੇ ਉਤੇ ਅਤਿਅੰਦ ਗੰਭੀਰਤਾ ਦੇ ਪਰਭਾਵ ਉਘੜ ਉਠੇ। ਉਨ੍ਹਾਂ ਦੇ ਮਨ ਵਿਚ ਪੁਰਾਣੇ ਮਿਤਰਾਂ ਦੀ ਯਾਦ ਉਘੱੜ ਉਠੀ। ਸੰਤ ਤੇਜਾ ਸਿੰਘ ਜੀ, ਉਨ੍ਹਾਂ ਦੀ ਸੁਪਤਨੀ ਦੇ ਦੋ ਭੁਝੰਗੀਆਂ ਦੀ ਤਸਵੀਰ ਦੇਖ ਕੇ ਜਦ ਉਨ੍ਹਾਂ ਖੱਬੇ ਪਾਸੇ ਤੱਕਿਆ ਤਾਂ ਸ਼ਹੀਦ ਭਾਈ ਭਾਗ ਸਿੰਘ ਭਿਖੀਵਿੰਡ ਦੀ ਤਸਵੀਰ ਵੇਖਕੇ ਆਪਣੇ ਮਨ ਉਤੇ ਕਾਬੂ ਨਾ ਰੱਖ ਸਕ। ਉਨ੍ਹਾਂ ਦੇ ਨੇਤਰ ਲਾਲ ਹੋ ਆਏ। ਗੁਰਦੁਆਰਾ ਵੈਨਕੂਵਰ ਵਿਚ ਗੋਲੀ ਚਲਣ ਦਾ ਸਾਰਾ ਸਾਕਾ ਉਨ੍ਹਾਂ ਦੀਆਂ ਅੱਖਾਂ ਅਗੇ ਆ ਖਲੋਤਾ। ਉਹ ਭਾਈ ਭਾਗ ਸਿੰਘ ਤੇ ਭਾਈ ਬਚਨ ਸਿੰਘ ਨੂੰ ਮਹਾਰਾਜ ਦੀ ਹਜ਼ੂਰੀ ਵਿਚ ਲਹੂ ਵਿਚ ਲੱਥ ਪੱਥ ਹੋਏ ਤੜਫਦਿਆਂ ਵੇਖਣ ਲੱਗੇ। ਉਨ੍ਹਾਂ ਦੇ ਨੇਤਰਾਂ ਵਿਚ ਹੰਝੂ ਲਟਕ ਆਏ। ਉਨ੍ਹਾਂ ਜੇਬ ਵਿਚੋਂ ਰੁਮਾਲ ਕੱਢਕੇ ਆਪਣੇ ਨੇਤਰ ਸਾਫ ਕਰਦਿਆਂ ਪੜ੍ਹਿਆ—"ਸਾਜਣ ਮਹਿੰਡੇ ਰੰਗੁਲੇ ਜਾਏ ਸੁਤੇ ਜੀਰਾਣ, ਹੰਭੀ ਵੰਞਾਂ ਡੁੰਮਣੀ ਰੋਵਾਂ ਝੀਣੀ ਬਾਣ।"

ਉਨ੍ਹਾਂ ਸ਼ਹੀਦ ਭਾਈ ਭਾਗ ਸਿੰਘ ਦੇ ਪਿਛੇ ਖਲੋਤੇ ਭਾਈ ਰਾਜਾ ਸਿੰਘ ਜੀ ਬਾੜੀਆਂ ਵਲ ਤਕਕੇ,ਉਨ੍ਹਾਂ ਦੇ ਖਲੋਤੇ ਭਾਈ ਅਰਜਨ ਸਿੰਘ ਜੀ ਮਲਕ ਵੱਲ ਤਕਦਿਆਂ ਹਉਕਾ ਭਰ ਕੇ ਕਿਹਾ—"ਭਾਈ ਅਰਜਨ ਸਿੰਘ ਮਲਕ, ਗੁਰੂ ਪਿਆਰੇ, ਗੁਰੂ ਦੁਲਾਰੇ ਪਹਿਲੇ ਸਿੰਘ ਸਨ ਜੋ ਕੈਨੇਡਾ ਜਾਂਦਿਆਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਆਪਣੇ ਨਾਲ ਲੈਕੇ ਗਏ ਸਨ। ਉਨ੍ਹਾਂ ਦੇ ਉਦਮ ਨਾਲ ਹੀ ਪਹਿਲੀ ਵਾਰੀ ਕੈਨੇਡਾ ਦੀ ਧਰਤੀ ਉਤੇ ਮਹਾਰਾਜਾ ਦਾ ਪ੍ਰਕਾਸ਼ ਹੋਇਆ ਸੀ। ਉਨ੍ਹਾਂ ਦੇ ਸੱਦੇ ਉਤੇ ਹੀ ਸੰਗਤ ਦੇ ਜੋੜ ਮੇਲੇ ਹੋਏ। ਜੁਆਟੀ ਵਿਚ ਹੀ ਸੰਗਤਾਂ ਦੀ, ਖਾਸ ਕਰਕੇ ਮਿਲਾਂ ਵਿਚ ਕੰਮ ਕਰਨ ਵਾਲੇ, ਮਜ਼ਦੂਰਾਂ ਦੀ, ਅਥੱਕ ਸੇਵਾ ਕਰਦੇ ਕਰਦੇ ਗੁਰੂ ਨੂੰ ਪਿਆਰੇ ਹੋ ਗਏ। ਅਜ ਲੋੜ ਸੀ ਭਾਈ ਅਰਜਨ ਸਿੰਘ ਦੀ 'ਗੁਰੂ ਦੁਲਾਰੇ ਦੀ।" ਭਾਈ ਸਾਹਬ ਭਾਵਕ ਹੋਕੇ ਇਹ ਸਭ ਕੁਝ ਕਹਿ ਗਏ। ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦਾ ਵੀ ਕੋਈ ਖਿਆਲ ਨਾ ਰਿਹਾ। ਜਦ ਉਨ੍ਹਾਂ ਦੂਜੀ ਵਾਰੀ ਆਪਣੇ ਨੇਤਰ ਪੂੰਝੇ ਤਾਂ ਭਗਵਾਨ ਸਿੰਘ ਨੇ ਦਖਲ ਦੇਂਦਿਆਂ ਕਿਹਾ—"ਸਿੰਘ ਸਾਹਬ ਭਾਈ ਅਰਜਨ ਸਿੰਘ ਮਲਕ ਦੇ ਤਾਂ ਮੈਨੂੰ ਦਰਸ਼ਨ ਨਹੀਂ ਹੋ ਸਕੇ। ਉਹ ਮੇਰੇ ਕੈਨੇਡਾ ਜਾਣ ਤੋਂ ਬਹੁਤ ਪਹਿਲੋਂ ਚੜ੍ਹਾਈ ਕਰ ਗਏ ਸਨ।"

"ਹਾਂ। ਉਹ ਤੁਹਾਡੇ ਜਾਣ ਤੋਂ ਬਹੁਤ ਪਹਿਲੋਂ ਅਕਾਲ ਚਲਾਣ ਕਰ ਗਏ ਸਨ।"

ਭਗਵਾਨ ਸਿੰਘ ਨੇ ਉਨ੍ਹਾਂ ਦੇ ਹੱਥੋਂ ਤਸਵੀਰ ਫੜਦਿਆਂ ਭਾਈ ਅਰਜਨ ਸਿੰਘ ਮਲਕ ਤੇ ਕਰਤਾਰ ਸਿੰਘ ਨਵਾਂ ਚੰਦ ਦੇ ਵਿਚਾਲੇ ਖੜੇ ਭਾਈ ਨਾਗਰ ਸਿੰਘ ਤੇ ਭਾਈ ਹਰੀ ਸਿੰਘ ਨੂੰ ਪਛਾਣਦਿਆਂ ਪੁਛਿਆ—"ਨਾਗਰ ਸਿਹੁੰ ਤੇ ਹਰੀ ਸਿਹੁੰ ਦਾ ਕੀ ਹਾਲ ਚਾਲ ਐ।"

"ਠੀਕ ਠਾਕ ਹਨ ?"

"ਰਾਜਾ ਸਿਹੁੰ ਬਾੜੀਆਂ ਦਾ ਕੀ ਹਾਲ ਹੈ ?"

"ਪਹਿਲੋਂ ਡਟਵਾਂ ਹਿਸਾ ਲੈਂਦੇ ਸਨ। ਹੁਣ ਕੁਝ ਪਿਛੇ ਹਟ ਗਏ ਹਨ।"

ਭਗਵਾਨ ਸਿੰਘ ਨੇ ਭਾਈ ਸਾਹਬ ਦੇ ਨੇਤਰ ਫਿਰ ਭਿੱਜੇ ਦੇਖ ਕੇ ਗਲ ਦੂਜੇ ਪਾਸੇ ਪਾਉਣ ਲਈ ਕਿਹਾ—"ਚਤਰ ਸਿਹਾਂ। ਦੁੱਧ ਆਪਣੇ ਕੋਲ ਹੋਣਾ ਨਹੀਂ। ਚਾਹ ਭਾਈ ਸਾਹਬ ਨੇ ਪੀਣੀ ਨਹੀਂ। ਜੇ ਦੌੜ ਕੇ ਦੁੱਧ ਤੇ ਕੋਈ ਸਬਜ਼ੀ ਲੈ ਆਵੇਂ ਤਾਂ ਆਟਾ ਮੈਂ ਗੁਨ੍ਹ ਲੈਂਦਾ।"

"ਨਹੀਂ ਨਹੀਂ ਚਾਹ ਦੁੱਧ ਦੀ ਕੋਈ ਲੋੜ ਨਹੀਂ। ਅਸੀਂ ਵਾਪਸ ਮੁੜਨਾ ਹੈ। ਕਰਤਾਰ ਕੌਰ ਹੋਰੀਂ ਉਡੀਕਦੇ ਹੋਣਗੇ।"

"ਬੱਚੇ ਕਿੱਥੇ ਹਨ ?"

"ਅਸੀਂ ਇਕ ਚੀਨੇ ਹੋਟਲ ਵਿਚ ਠਹਿਰੇ ਹੋਏ ਹਾਂ।"

"ਫੇਰ ਤਾਂ ਰੋਟੀ ਜ਼ਰੂਰ ਬਣਾਣੀ ਹੈ। ਉਹਨਾਂ ਲਈ ਵੀ ਲੈ ਚਲਾਂਗੇ। ਨਾਲੇ ਭੈਣਜੀ ਤੇ ਬੱਚਿਆਂ ਦੇ ਦਰਸ਼ਨ ਹੋ ਜਾਣਗੇ।"

(ਬਾਕੀ ਪੰਨਾ 15)

ਸ. ਕੇਸਰ ਸਿੰਘ ਦੀਆਂ ਰਚਿਤ ਪੁਸਤਕਾਂ

ਤੇ

ਇਹ ਨਾਵਲ ਤੁਹਾਨੂੰ ਏਸ਼ੀਆ ਬੁੱਕ ਕੰਪਨੀ, ਵੈਨਕੂਵਰ ਤੋਂ ਮਿਲ ਸਕਦਾ ਹੈ।

ਇਕ ਫਲਸਤੀਨੀ ਆਗੂ ਸਾਡੇ ਧਰਮ-ਅਸਥਾਨ ਵਿਚ

ਪਿਛੇ ਜਿਹੇ ਜਦੋਂ ਇਜ਼ਰਾਈਲ ਦੇ ਜ਼ਾਉਨਿਸਟਾਂ ਨੇ ਲੇਬਨਾਨ ਵਿਚ ਬੈਠੇ ਫਲਸਤੀਨੀ ਸ਼ਰਨਾਰਥੀਆਂ ਤੇ ਅਤਿਆਚਾਰ ਕਰਨਾ ਸ਼ੁਰੂ ਕਰ ਦਿਤਾ ਤਾਂ ਕੈਨੇਡਾ-ਫਲਸੀਤੀਨੀ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਹਾਨਾ ਕਾਵਾਜ਼ ਜੀ ਆਪਣੇ ਲੋਕਾਂ ਤੇ ਹੋ ਰਹੇ ਅਤਿਆਚਾਰ ਦੀ ਖਬਰ ਸਾਡੇ ਲੋਕਾਂ ਤੱਕ ਪਹੁੰਚਾਉਣ ਲਈ ਰੌਸ ਸਟਰੀਟ ਗੁਰਦੁਆਰੇ ਆਏ ! ਹੇਠਾਂ ਮੇਵਾ ਸਿੰਘ ਹਾਲ ਵਿਚ ਸ਼ਹੀਦ ਮੇਵਾ ਸਿੰਘ ਜੀ ਦੀ ਵਾਰਤਾ ਦੱਸਣ ਤੋਂ ਬਾਅਦ ਉਹਨਾਂ ਨੂੰ ਹਰਿਮੰਦਰ ਸਾਹਿਬ ਦੀ ਤਸਵੀਰ ਬਾਰੇ ਜਾਣਕਾਰੀ ਕਰਾਉਂਦਿਆਂ ਦੱਸਿਆ ਕਿ ਤੁਹਾਡੇ ਮਿਸਰ ਦੇਸ਼ ਦੇ ਪ੍ਰਧਾਨ ਸਵਰਗਵਾਸੀ ਕਰਨਲ ਨਾਸਰ ਜੀ ਜਦੋਂ ਪਹਿਲੀ ਵਾਰ ਹਿੰਦੁਸਤਾਨ ਗਏ ਸਨ ਤਾਂ ਉਹਨਾਂ ਦੀ ਇਹ ਉਚੇਚੀ ਮੰਗ ਸੀ ਕਿ ਉਹ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਨਾਂ ਚਾਹੁੰਦੇ ਨੇ ਅਤੇ ਉਸ ਵਕਤ ਜੋ ਹਰਿਮੰਦਰ ਸਾਹਿਬ ਦੇ ਮੁੱਖ ਗਰੰਥੀ ਗਿਆਨੀ ਸਾਹਿਬ ਸਿੰਘ ਜੀ, ਨਾਸਰ ਜੀ ਦੇ ਜਜਮਾਨ ਬਣੇ ਸਨ ਅਤੇ ਅੱਜ ਉਹ ਏਸੇ ਹੀ ਗੁਰਦੁਆਰੇ ਕਥਾ ਕਰ ਰਹੇ ਹਨ ।

ਗੁਰੂ ਨਾਨਕ ਜੀ ਬਾਰੇ ਮੈਂ ਉਹਨਾਂ ਨੂੰ ਦੱਸਿਆ ਕਿ ਜਦੋਂ ਉਹ ਮੱਕੇ ਦੀ ਯਾਤਰਾ ਕਰਨ ਗਏ ਸਨ ਤਾਂ ਉਹਨਾਂ ਤੋਂ ਇਹ ਪੁਛਿਆ ਗਿਆ ਕਿ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ, ਤਾਂ ਗੁਰੂ ਜੀ ਨੇ ਉਸਦੇ ਉਤਰ ਵਿਚ ਕਿਹਾ ਕਿ ਨਾ ਮੈਂ ਹਿੰਦੂ ਹਾਂ ਨਾ ਮੁਸਲਮਾਨ ਹਾਂ, ਮੈਂ ਤਾਂ ਉਸ ਪਰਮਾਤਮਾ ਦਾ ਇਕ ਆਜਜ਼ ਜਿਹਾ ਬੰਦਾ ਹਾਂ । ਫਿਰ ਉਹਨਾਂ ਤੋਂ ਇਹ ਵੀ ਪੁਛਿਆ ਕਿ "ਮੁਸਲਮਾਨ ਚੰਗਾ ਹੈ ਜਾਂ ਹਿੰਦੂ" ਤਾਂ ਉਹਨਾਂ ਕਿਹਾ ਕਿ "ਬਗੈਰ ਅਮਲਾਂ ਤੋਂ ਨਾ ਹਿੰਦੂ ਚੰਗਾ ਹੈ ਨਾ ਮੁਸਲਮਾਨ ।" ਇਸੇ ਤਰਾਂ ਸਾਡੇ ਧਰਮ ਦੇ ਬਾਨੀ ਨੇ ਕਹਿ ਕੇ ਪੁਕਾਰਿਆ। ਦਸਾਂ ਨੌਹਾਂ ਨਾਲ ਕਿਰਤ ਕਰਨ ਵਾਲਿਆਂ ਦੇ ਹੱਥੋਂ ਸੁੱਕਾ ਮਿਸਾ ਭੋਜਨ ਖਾਣਾ ਖੁਸ਼ੀ ਨਾਲ ਪਰਵਾਨ ਕੀਤਾ ਪਰ ਦੂਸਰਿਆਂ ਦੀ ਕਮਾਈ ਦੀ ਲੁੱਟ ਤੇ ਨਿਰਭਰ ਲੋਕਾਂ ਦੇ ਖਾਣੇ ਨੂੰ ਦੁਰਕਾਰ ਦਿਤਾ । ਜਿਸ ਤਰਾਂ ਤੁਹਾਡੇ ਲੋਕਾਂ ਤੇ ਅੱਜ ਅਤਿਆਚਾਰ ਹੋ ਰਿਹਾ ਹੈ ਏਸੇ ਤਰਾਂ ਹੀ ਜਦੋਂ ਮੁਗਲ ਬਾਬਰ ਨੇ ਹਿੰਦੋਸਤਾਨ ਆਕੇ ਮਾਸੂਮਾਂ ਦੇ ਲਹੂ ਨਾਲ ਆਪਣੇ ਹੱਥ ਰੰਗੇ ਤਾਂ ਬਾਬੇ ਨਾਨਕ ਜੀ ਦੀ ਰੂਹ ਕੁਰਲਾ ਉਠੀ ਸੀ ਅਤੇ ਪਰਮਾਤਮਾ ਅਗੇ ਉਹਨਾਂ ਫਰਿਆਦ ਕੀਤੀ ਸੀ ਕਿ "ਹੇ ਪਰਮਾਤਮਾ ਕੀ ਤੈਨੂੰ ਇਹਨਾਂ ਮਾਸੂਮਾਂ ਤੇ ਐਨਾ ਅਤਿਆਚਾਰ ਹੁੰਦਾ ਵੇਖ ਕੇ ਕੋਈ ਤਰਸ ਨਹੀਂ ਆਇਆ !"

ਫੇਰ ਹਾਨਾ ਜੀ ਨੇ ਸਿੱਖਾਂ ਦੇ ਦਾਹੜੀ ਕੇਸ ਰੱਖਣ ਬਾਰੇ ਵੀ ਸਵਾਲ ਕੀਤਾ ਤਾਂ ਮੈਂ ਕਿਹਾ ਕਿ ਉਸ ਵਕਤ ਹਿੰਦੁਸਤਾਨ ਵਿਚ ਸੰਤ ਲੋਕ ਆਪਣੇ ਕੇਸ ਨਹੀਂ ਸਨ ਕਟਾਉਂਦੇ ਅਤੇ ਜਿਹੜੇ ਬਹਾਦਰ ਜਾਂ ਲੜਾਕੇ ਕਬੀਲੇ ਸਨ ਉਹ ਆਪਣੇ ਆਪ ਨੂੰ ਸਿੰਘ(ਸ਼ੇਰ) ਕਹਾਉਂਦੇ ਸਨ । ਜਿਸ ਕਰਕੇ ਸਾਡੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ 'ਖਾਲਸਾ' (ਜੋ ਕਿ ਤੁਹਾਡਾ ਅਰਬੀ ਲਫਜ਼ ਹੈ) ਸਾਜਿਆ ਤਾਂ ਉਹਨਾਂ ਨੂੰ ਸੰਤ ਸਿਪਾਹੀ ਦਾ ਦਰਜਾ ਦਿਤਾ ਸੀ ।

ਇਹ ਸੁਣ ਕੇ ਹਾਨਾ ਕਾਵਾਜ਼ ਜੀ ਨੇ ਕਿਹਾ "ਅੱਜ ਪਹਿਲੀ ਵੇਰ ਮੈਂ ਇਕ ਐਸੇ ਮਹਾਂ ਪੁਰਸ਼ ਬਾਰੇ ਸੁਣਿਆ ਹੈ ਜਿਸ ਨੇ ਕਿ ਮਜ਼ਹਬਾਂ, ਕੌਮਾਂ, ਨਸਲਾਂ ਦੇ ਵਿਤਕਿਰਿਆਂ ਤੋਂ ਉਚੇ ਹੋਕੇ ਮਨੁੱਖਤਾ ਦੇ ਹੱਕ ਵਿਚ ਆਵਾਜ਼ ਉਠਾਈ ਹੈ ਨਹੀਂ ਤਾਂ ਹੁਣ ਤੱਕ ਮੈਂ ਆਪੋ ਆਪਣੇ ਮਜ਼ਹਬਾਂ ਦੀਆਂ ਹੀ ਡੀਂਗਾਂ ਮਾਰਦੇ ਸੁਣਦਾ ਰਿਹਾ ਹਾਂ ।"

ਭਾਸ਼ਨ ਦੇਣ ਤੋਂ ਬਾਦ ਮੈਂ ਉਹਨਾਂ ਨੂੰ ਲੰਗਰ ਵਿਚ ਪ੍ਰਸ਼ਾਦ ਛਕਣ ਲਈ ਕਿਹਾ ਤਾਂ ਉਹ ਕਹਿਣ ਲੱਗੇ :

"ਖਾਣੇ ਲਈ ਤਾਂ ਮੈਂ ਤੁਹਾਨੂੰ ਲੈਕੇ ਜਾਣਾ ਸੀ ਤੁਸੀਂ ਉਲਟਾ ਮੈਨੂੰ ਲੈਜਾ ਰਹੇ ਹੋ !"

"ਇਹ ਮੈਂ ਤੁਹਾਡੇ ਲਈ ਕੁਛ ਨਹੀਂ ਕਰ ਰਿਹਾ, ਇਥੋਂ ਦੀ ਸੰਗਤ ਵਲੋਂ ਲੰਗਰ ਲੱਗਿਆ ਹੋਇਆ ਹੈ ।" ਮੈਂ ਕਿਹਾ

"ਇਸਦਾ ਮਤਲਬ ਤੁਹਾਨੂੰ ਏਥੇ ਕੁਝ ਨਾ ਕੁਝ ਜ਼ਰੂਰ ਲੈਕੇ ਆਉਣਾ ਪੈਂਦਾ ਹੈ ?"

"ਨਹੀਂ, ਸਾਨੂੰ ਕੋਈ ਮਜ਼ਬੂਰ ਨਹੀਂ ਕੀਤਾ ਜਾਂਦਾ, ਹਰ ਕੋਈ ਆਪਣੀ ਸ਼ਰਧਾ ਨਾਲ ਹੱਥੀਂ ਕੀਤੀ ਕਮਾਈ ਚੋਂ ਕੁਛ ਹਿਸਾ ਸੰਗਤ ਦੇ ਨਵਿਰਤ ਕਰਨ ਦੀ ਚਾਹ ਰਖਦਾ ਏ । ਰਲਕੇ ਬੈਠਣਾ ਤੇ ਵੰਡ ਕੇ ਛਕਣਾ, ਸੰਗਤ ਦੀ ਮਹਾਨਤਾ ਦਾ ਆਦਰ ਕਰਨਾ, ਇਹ ਸਾਡੀ ਫਲਾਸਫੀ ਦਾ ਇਕ ਮੂਲ ਪੁਰਾ ਹੈ । ਸਾਡੇ ਦੇਸ਼ ਕਿਤੇ ਤੁਸੀਂ ਜਾਓ ਤਾਂ ਧਾਰਮਿਕ ਜੋੜ ਮੇਲਿਆਂ ਨੂੰ ਜਾ ਰਹੇ ਲੋਕਾਂ ਲਈ ਰਸਤੇ ਵਿਚ ਆਉਂਦੇ ਜਾਂਦੇ ਯਾਤਰੂਆਂ ਨੂੰ ਬੜੀ ਨਿਮਰਤਾ ਨਾਲ ਹੱਥ ਜੋੜਕੇ ਪਰਸ਼ਾਦ ਛਕਣ ਲਈ ਬੇਨਤੀ ਕਰਨਗੇ । ਐਥੋਂ ਤੱਕ ਕੇ ਕਈ ਸ਼ਰਧਾਲੂਆਂ ਨੇ ਰਸਤਿਆਂ ਤੇ ਸਰਾਵਾਂ ਬਣਾ ਛੱਡੀਆਂ ਨੇ, ਜਿਨਾਂ ਵਿਚ ਕਿ ਆਉਂਦੇ ਜਾਂਦੇ ਰਾਹੀ ਮੁਫਤ ਰਾਤ ਕੱਟ ਸਕਦੇ ਨੇ । ਵਡੇ ਧਾਰਮਿਕ ਅਸਥਾਨਾਂ ਨਾਲ ਵੀ ਇਸੇ ਤਰਾਂ ਯਾਤਰੂਆਂ ਦੇ ਮੁਫਤ ਰਹਿਣ ਲਈ ਸਰਾਵਾਂ ਬਣੀਆਂ ਹੋਈਆਂ ਹਨ । ਪਿੰਡਾਂ ਵਿਚ ਲੰਘਦੇ ਰਾਹੀਆਂ ਨੂੰ ਜੇ ਰਸਤੇ ਵਿਚ ਹੀ ਰਾਤ ਪੈ ਜਾਂਦੀ ਹੈ ਤਾਂ ਉਹ ਪਿੰਡ ਦੇ ਕਿਸੇ ਵੀ ਘਰ ਦਾ ਪ੍ਰਾਹੁਣਾ ਬਣ ਸਕਦਾ ਹੈ, ਨਹੀਂ ਤਾਂ ਉਸ ਪਿੰਡ ਦੇ ਗੁਰਦੁਆਰੇ ਵਿਚ ਉਸਨੂੰ ਮੰਜਾ ਬਿਸਤਰਾ ਤੇ ਪਰਛਾਦਾ ਮਿਲੇਗਾ । ਲੰਡਨ, ਇੰਗਲੈਂਡ ਵਿਚ ਇਕ ਵਾਰ ਇਕ ਪਾਕਿਸਤਾਨ ਦਾ ਸ਼ਹਿਰੀ ਆਇਆ, ਉਸਨੂੰ ਰਾਤ ਕੱਟਣ ਲਈ ਕੋਈ ਜਗ੍ਹਾ ਨਾ ਮਿਲੀ ਤਾਂ ਉਹ ਲੰਡਨ ਦੇ ਗੁਰਦੁਆਰੇ ਦਾ ਪਤਾ ਕਰਕੇ ਉਥੇ ਰਾਤ ਕੱਟ ਗਿਆ । ਇਹ ਸਾਡੇ ਸਭਿਆਚਾਰ ਦਾ ਇਕ ਮੂਲ ਅੰਗ ।" ਮੈਂ ਕਿਹਾ

ਇਹ ਸੁਣਕੇ ਹਾਨਾ ਜੀ ਕਹਿਣ ਲੱਗੇ ਕਿ "ਮੈਨੂੰ ਬੜੀ ਖੁਸ਼ੀ ਹੋਈ ਏ ਕਿ ਮੈਂ ਉਹਨਾਂ ਮਹਾਂ ਪੁਰਸ਼ਾ ਦੇ ਸ਼ਰਧਾਲੂਆਂ ਪਾਸ ਆਪਣੀ ਕੌਮ ਤੇ ਹੋ ਰਹੇ ਅਤਿਆਚਾਰਾਂ ਬਾਰੇ ਕੁਛ ਦੱਸਣ ਦਾ ਮੌਕਾ ਮਿਲਿਆ ਹੈ ਜਿਨਾਂ ਨੂੰ ਕਿ ਲੋਕਤਾ ਨਾਲ ਪਿਆਰ ਕਰਨ ਦੀ ਸਿੱਖਿਆ ਦਿਤੀ ਗਈ ਹੈ । ਹਿੰਦੁਸਤਾਨ ਦੇ ਲੋਕ ਸਾਡੇ ਤੇ ਕਦੀ ਵੀ ਜ਼ਾਉਨਿਸਟਾਂ ਵਾਂਗ ਤੋਪਾਂ ਤੇ ਬੰਦੂਕਾਂ ਲੈ ਕੇ ਨਹੀਂ ਆਏ, ਸਗੋਂ ਅੱਜ ਤੋਂ ਢਾਈ ਹਜ਼ਾਰ ਸਾਲ ਪਹਿਲਾ ਮਹਾਰਾਜਾ ਅਸ਼ੋਕ ਦੇ ਏਲਚੀ ਸਾਡੀ ਧਰਤੀ ਤੇ ਅਮਨ ਤੇ ਸ਼ਾਂਤੀ ਦੇ ਸੁਨੇਹੇ ਲੈਕੇ ਆਏ ਸਨ, ਅਤੇ ਬਾਬੇ ਨਾਨਕ ਵਰਗੇ ਮਹਾਂਪੁਰਸ਼ ਵੀ ਮਜ਼ਬਾਂ, ਕੌਮਾਂ ਅਤੇ ਨਸਲਾ ਦੇ ਵਿਤਕਿਰਿਆਂ ਤੋਂ ਉਚੇ ਹੋਕੇ ਸਾਨੂੰ ਮਨੁੱਖਤਾ ਨਾਲ ਪਿਆਰ ਕਰਨ ਦਾ ਸੁਨੇਹਾ ਦੇਕੇ ਗਏ ਸਨ ।"

ਉਸੇ ਦਿਨ ਹੀ ਸ਼ਾਮ ਨੂੰ ਹਾਨਾ ਕਾਵਾਜ਼ ਨੇ ਵੈਨਕੂਵਰ ਵਿਚ ਆਪਣੇ ਫਲਸਤੀਨੀ ਲੋਕਾਂ ਦੀ ਮੀਟਿੰਗ ਸੱਦੀ ਅਤੇ ਬੜੇ ਖੁਸ਼ ਹੋਕੇ ਉਹਨਾ ਦੱਸਿਆ ਕਿ ਕਿਸ ਤਰਾਂ ਗੁਰਦੁਆਰੇ ਵਿਚ ਚਲ ਰਹੇ ਧਾਰਮਿਕ ਪਰੋਗਰਾਮ ਨੂੰ ਅੱਧ-ਵਿਚਾਲੇ ਬੰਦ ਕਰਕੇ ਉਹਨਾਂ ਨੂੰ ਬੋਲਣ ਦਾ ਮੌਕਾ ਦਿਤਾ । ਬਾਬੇ ਨਾਨਕ ਬਾਰੇ ਸ਼ਹੀਦ ਮੇਵਾ ਸਿੰਘ ਦੀ ਸ਼ਹੀਦੀ ਬਾਰੇ, ਕਰਨਲ ਨਾਸਰ ਜੀ ਦੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਯਾਤਰਾ ਬਾਰੇ ਦੱਸਿਆ ਅਤੇ ਕਿਹਾ ਕਿ ਇਹ ਮੈਨੂੰ ਜ਼ਿੰਦਗੀ ਵਿਚ ਨਵਾਂ ਰਾਹ ਵੇਖਣ ਦਾ ਸੁਭਾਗ ਮਿਲਿਆ ਹੈ ।"

ਸਾਰੇ ਸਰੋਤੇ ਕਹਿ ਰਹੇ ਸਨ ਕਿ ਉਹ ਕਿੱਡੇ ਚੰਗੇ ਲੋਕ ਨੇ ਜਿਨਾਂ ਨੇ ਕਿ ਆਪਣਾ ਧਾਰਮਿਕ ਪਰੋਗਰਾਮ ਬੰਦ ਕਰਕੇ ਸਾਡੀਆਂ ਤਕਲੀਫਾਂ ਨੂੰ ਸੁਣਿਆ ਹੈ ।

ਸੁਰਜੀਤ ਸਿੰਘ ਸੰਧੂ
ਰਿਚਮਿੰਡ ਬੀ. ਸੀ.

ਗੁਫ਼ਤਗੂ

ਆਰਾ-ਮਿਲ ਵਿਚ ਪੰਜਾਬੀ ਨੌ ਜਵਾਨ

ੳ — ਜਵਾਨ, ਮੈਨੂੰ ਸਮਝ ਨਹੀਂ ਆਉਂਦੀ, ਜੇ ਕੋਈ ਗੋਰਾ ਸਾਡੇ ਲੋਕਾਂ ਨਾਲ ਕੋਈ ਕਿਸੇ ਕਿਸਮ ਦੀ ਵਧੀਕੀ ਕਰਦਾ ਹੈ ਤਾਂ ਅਸੀਂ ਸਭ ਇਕੱਠੇ ਹੋਕੇ ਉਸਦੇ ਖਿਲਾਫ ਆਵਾਜ਼ ਉਠਾਉਂਦੇ ਹਾਂ । ਇਹਨਾਂ ਨਾਲ ਸੁਲਝਣ ਲਈ ਗੌਰਮਿੰਟ ਨੇ ਇਕ ਉਚੇਚਾ ਮਹਿਕਮਾ ਵੀ ਬਣਾ ਛੱਡਿਆ ਹੈ, ਜਿਸਨੂੰ ਕਿ ਹਿਊਮਨ ਰਾਈਟਸ(ਮਨੁੱਖੀ ਹੱਕਾਂ) ਮਹਿਕਮਾ ਕਹਿੰਦੇ ਨੇ, ਪਰ ਜਿਹੜੇ ਸਾਡੇ ਆਪਣੀ ਕੌਮ ਦੇ ਨਾਂਦੂ ਖਾਨ ਨੇ, ਉਹ ਗੋਰਿਆਂ ਨਾਲੋਂ ਕਿਤੇ ਜ਼ਿਆਦਾ ਸਾਡੇ ਨਾਲ ਵਧੀਕੀਆਂ ਕਰ ਰਹੇ ਨੇ ਉਹਨਾਂ ਬਾਰੇ ਨਾ ਅਸੀਂ ਤੇ ਨਾ ਕੋਈ ਗੌਰਮਿੰਟ ਹੀ ਕੁਛ ਕਰਦੀ ਏ ।

ਅ — ਕੀ ਮਤਲਬ ਤੇਰਾ ਇਹ ਕਹਿਣ ਤੋਂ ?

ੳ — ਪਰਸੋਂ ਜਦੋਂ ਮੈਂ ਸੁਣਿਆ ਕਿ ਸਾਡੀ ਮਿਲ ਕਾਫੀ ਸਮੇਂ ਲਈ ਬੰਦ ਕੀਤੀ ਜਾ ਰਹੀ ਏ ਤਾਂ ਕੱਲ੍ਹ ਮੈਂ ਇਕ ਆਪਣੇ ਭਾਈ ਦੀ ਮਿਲ ਵਿਚ ਕੰਮ ਪੁਛਣ ਗਿਆ । ਮੇਰੀ ਉਸ ਨਾਲ ਦੂਰ ਨੇੜੇ ਦੀ ਰਿਸ਼ਤੇਦਾਰੀ ਵੀ ਹੈ । ਉਹ ਇਹ ਜਾਣਕੇ ਤਾਂ ਬੜਾ ਖੁਸ਼ ਹੋਇਆ ਕਿ ਮੈਂ ਮਿਲ ਵਿਚ ਕਈ ਕਿਸਮ ਦੇ ਕੰਮ ਕਰ ਲੈਂਦਾ ਹਾਂ, ਪਰ ਜਦੋਂ ਉਸਨੂੰ ਇਹ ਪਤਾ ਲੱਗਿਆ ਕਿ ਮੈਂ ਚਾਰ ਅੱਖਰ ਪੜ੍ਹਨ ਵੀ ਜਾਣਦਾ ਹਾਂ, ਤਾਂ ਉਸਨੇ ਝੱਟ ਕਹਿ ਦਿਤਾ ਕਿ ਮੇਰੇ ਲਈ ਕੋਈ ਕੰਮ ਨਹੀਂ ।

ਅ — ਇਹਦੇ ਵਿਚ ਮਾੜਾ ਕੀ ਏ ? ਪੜ੍ਹ ਲਿਖ ਲੈਣ ਵਿਚ ਉਸਨੂੰ ਕੀ ਨੁਕਸਾਨ ?

ੳ — ਉਹ ਕਹਿੰਦਾ ਏ ਕਿ ਜਿਹੜਾ ਵੀ ਕੋਈ ਆਪਣੀ ਚੈਕ ਦੀ ਰਕਮ ਪੜ੍ਹ ਸਕਦਾ ਏ, ਮੈਂ ਉਸਨੂੰ ਕੋਈ ਕੰਮ ਨਹੀਂ ਦੇ ਸਕਦਾ ।

ਅ — ਵਜ੍ਹਾ ਨਾ ਕੰਮ ਦੇਣ ਦੀ ?

ੳ — ਕਿਉਂਕਿ ਉਸਨੇ ਚੈੱਕ ਤੇ ਰਕਮ ਪੜ੍ਹ ਕੇ ਰੌਲਾ ਪਾਉਣ ਲੱਗ ਜਾਣਾ ਏ ਕਿ ਮੇਰੇ ਦੋ ਹਫਤਿਆਂ ਦੇ ਪੈਸੇ ਤਾਂ ਇਕ ਹਜ਼ਾਰ ਡਾਲਰ ਬਣਦੇ ਨੇ ਪਰ ਚੈੱਕ ਸਿਰਫ ਛੇ ਸੋ ਡਾਲਰ ਦੀ ਹੈ ।

ਸੁਰਜੀਤ ਸਿੰਘ ਸੰਧੂ
ਰਿਚਮਿੰਡ, ਬੀ. ਸੀ.

ਫਖਰ ਜ਼ਮਾਨ ਸਨਮਾਨ ਸਮਾਗਮ

ਜਨਵਰੀ ਦੇ ਤੀਜੇ ਹਫਤੇ ਪਾਕਿਸਤਾਨੀ ਅਗਾਂਹ ਵਧੂ ਲੇਖਕ ਜਨਾਬ ਫਖਰ ਜ਼ਮਾਨ ਵੈਨਕੂਵਰ ਆ ਰਹੇ ਹਨ । ਉਹ ਪਾਕਿਸਤਾਨ ਦੇ ਪ੍ਰਸਿਧ ਪੰਜਾਬੀ ਸ਼ਾਇਰ ਅਤੇ ਨਾਵਲਕਾਰ ਹਨ ਜਿਨ੍ਹਾਂ ਨੇ ਪੰਜਾਬੀ ਬੋਲੀ ਅਤੇ ਪਾਕਿਸਤਾਨੀ ਲੋਕਾਂ ਦੇ ਹਿੱਤਾਂ ਲਈ ਆਵਾਜ਼ ਉੱਚੀ ਕੀਤੀ ਅਤੇ ਘਾਲਣਾ ਘਾਲੀ ਹੈ । ਉਨ੍ਹਾਂ ਦੇ ਸਨਮਾਨ ਵਿਚ ਪੰਜਾਬੀ ਸਾਹਿਤ ਸਭਾ ਵੈਨਕੂਵਰ ਵਲੋਂ ਜਨਵਰੀ ਦੇ ਤੀਜੇ ਹਫਤੇ ਵਿਸ਼ੇਸ਼ ਸਨਮਾਨ ਸਮਾਗਮ ਕੀਤਾ ਜਾਵੇਗਾ । ਜਿਸਦੇ ਸਮੇਂ ਅਤੇ ਸਥਾਨ ਬਾਰੇ ਸੂਚਨਾਂ ਛੇਤੀ ਹੀ ਦਿਤੀ ਜਾਵੇਗੀ ।

ਵਲੋਂ
ਸਕੱਤਰ
ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ

East Indians Workers' Association
Of Canada
Vancouver, B.C
P.O.BOX 67534, Postal Satation
"O"
V5W 3T9

ਭਾਰਤ ਸਰਕਾਰ ਸਾਨੂੰ ਦੂਹਰੀ ਸਿਟੀਜਨਸ਼ਿਪ ਦੇਵੇ

ਈਸਟ ਇੰਡੀਅਨ ਵਰਕਰਜ਼ ਅਸੋਸੀਏਸ਼ਨ ਆਫ਼ ਕੈਨੇਡਾ
ਵਲੋਂ

ਪ੍ਰੈਸ ਰੀਲੀਜ

ਈਸਟ ਇੰਡੀਅਨ ਵਰਕਰਜ਼ ਅਸੋਸੀਏਸ਼ਨ ਆਫ ਕੈਨੇਡਾ ਵਲੋਂ ਪਿਛਲੇ ਕਈ ਸਾਲਾਂ ਤੋਂ ਰੈਜੂਲੇਸ਼ਨ ਪਾਸ ਕਰਕੇ ਅਤੇ ਮੈਮੋਰੈਂਡਮਾਂ ਰਾਹੀਂ ਲਗਾਤਾਰ ਭਾਰਤ ਸਰਕਾਰ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਬਦੇਸ਼ਾਂ ਵਿਚ ਰਹਿਣ ਵਾਲੇ ਭਾਰਤੀ ਮੂਲ ਦੇ ਲੋਕਾਂ ਨੂੰ ਦੂਹਰੀ ਸਿਟੀਜਨਸ਼ਿਪ ਦੇਵੇ । ਭਾਰਤ ਸਰਕਾਰ ਨੇ ਇਸ ਮੰਗ ਵੱਲ ਕੋਈ ਧਿਆਨ ਦਿਤਾ ।

ਹੁਣ ਜਦੋਂ ਕਿ ਬਦੇਸ਼ਾਂ ਵਿਚ ਰਹਿੰਦੇ , ਉਨ੍ਹਾਂ ਭਾਰਤੀਆਂ ਦੀਆਂ ਜਇਦਾਦਾਂ ਦਾ ਮਾਲਕੀ, ਜਿਨ੍ਹਾਂ ਬਦੇਸ਼ਾਂ ਵਿਚ ਸਿਟੀਜਨਸ਼ਿਪ ਲੈ ਲਈ ਹੋਈ ਹੈ, ਭਾਰਤ ਸਰਕਾਰ ਦੁਆਰਾ ਜਾਰੀ ਕੀਤੇ ਫੁਰਮਾਨਾਂ ਅਨੁਸਾਰ ਖਤਮ ਕੀਤੀ ਗਈ ਹੈ, ਇਸ ਲਈ ਅਸੀਂ ਇਸ ਵਿਸ਼ੇ ਨੂੰ ਵਧੇਰੇ ਗੰਭੀਰਤਾ ਨਾਲ ਲੈਂਦੇ ਹਾਂ ।

ਇਸ ਸੰਬੰਧੀ ਅਸੀਂ ਇਕ ਪਟੀਸ਼ਨ ਭਾਰਤ ਦੀ ਪ੍ਰਧਾਨ ਮੰਤਰੀ ਦੇ ਨਾਂ ਕੱਢੀ ਹੈ । ਜਿਸ ਉਪਰ ਪਿਛਲੇ ਕੁਝ ਸਮੇਂ ਵਿਚ 2000 ਤੋਂ ਵੱਧ ਲੋਕਾਂ ਦੇ ਦਸਤਖਤ ਹੋ ਚੁੱਕੇ ਹਨ । ਹੁਣ ਅਸੀਂ ਇਸ ਬਾਰੇ ਵਿਸ਼ੇਸ਼ ਮੁਹਿੰਮ ਜੱਥੇਬੰਦ ਕਰਨੀ ਚਾਹੁੰਦੇ ਹਾਂ ।

ਅਸੀਂ ਈਸਟ ਇੰ: ਵ: ਐਸੋਸੀਏਸ਼ਨ ਵਲੋਂ ਸਾਰੇ ਭਾਰਤੀ ਸਰਕਾਰ ਉਪਰ ਜ਼ੋਰ ਦੇਕੇ ਦੂਹਰੀ ਸਿਟੀਜਨਸ਼ਿਪ ਪ੍ਰਾਪਤ ਕਰ ਸਕੀਏ ।

ਪਟੀਸ਼ਨ ਫਾਰਮ ਉਪਰ ਦਿੱਤੇ ਪਤੇ ਤੇ ਲਿਖ ਕੇ ਪ੍ਰਾਪਤ ਕੀਤੇ ਜਾ ਸਕਦੇ ਹਨ, ਵੈਸੇ ਸਾਡੇ ਵਰਕਰ ਤੁਹਾਡੇ ਤਕ ਆਪ ਪੁਜਣਗੇ । ਤੁਹਾਡਾ ਸਹਿਯੋਗ ਸਫਲਤਾ ਦੀ ਕੁੰਜੀ ਹੈ ।

"ਸੂਫੀ" ਅਮਰਜੀਤ
ਜਨਰਲ ਸਕੱਤਰ
ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ਼ ਕੈਨੇਡਾ

(ਪੰਨਾ 15 ਦੀ ਬਾਕੀ)

ਚਤਰ ਸਿੰਘ ਬੇਲਾ ਫੜਕੇ ਬਾਹਰ ਨਿਕਲ ਤੁਰਿਆ । ਭਗਵਾਨ ਸਿੰਘ ਨੇ ਅੰਦਰੋਂ ਕੁੰਡਾ ਮਾਰਕੇ ਦਸਣਾ ਸ਼ੁਰੂ ਕੀਤਾ—"ਮੈਂ ਮਨੀਲੇ ਸਾਂ । ਮੈਨੂੰ ਪਤਾ ਲੱਗਾ ਕਿ ਤੁਸੀਂ ਕੋਬੇ ਰੁਕੇ ਬਿਨਾਂ ਹੀ ਸ਼ੰਘਾਈ ਜਾ ਪਹੁੰਚੇ । ਮੈਂ ਸੋਚਿਆ ਕਿ ਸ਼ੰਘਾਈ ਜਾਂ ਹਾਂਗਕਾਂਗ ਦੀ ਥਾਂ ਸਿੰਘਾਪੁਰ ਹੀ ਪਹੁੰਚ ਜਾਵਾਂ । ਹਾਂਗਕਾਂਗ ਜਾਣਾ ਮੈਂ ਉਂਜ ਵੀ ਠੀਕ ਨਾ ਸਮਝਿਆ । ਭਾਵੇਂ ਮੈਂ ਆਪਣੀ ਸ਼ਕਲ ਵਿਗਾੜੀ ਹੋਈ ਐ ਪਰ ਫਿਰ ਵੀ ਲੋਕਾਂ ਨੇ ਮੈਨੂੰ ਝੱਟ ਪੱਟ ਪਛਾਣ ਲੈਣਾ ਸੀ । ਨਾਲੇ ਚਤਰ ਸਿੰਹੁ ਦੇ ਹੋਣ ਕਰਕੇ ਸਿੰਘਾਪੁਰ ਮੇਰਾ ਪੱਕਾ ਅੱਡਾ ਬਣਿਆ ਹੋਇਆ ਐ । ਭਾਈ ਸੰਤੋਖ ਸਿੰਹੁ ਹੋਰੀਂ ਵੀ ਇੱਕ ਰਾਤ ਚਤਰ ਸਿੰਹੁ ਦੇ ਟਿਕ ਕੇ ਗਏ ਸੀ ।

"ਭਾਈ ਹੋਰੀਂ ਹੁਣ ਕਿਥੇ ਹੋਣਗੇ ?"

"ਉਹ ਸਿਆਮ ਹੋਣ ਜਾਂ ਬਰਮਾ । ਸਿਆਮ ਵਿਚ ਉਨ੍ਹਾਂ ਦੇ ਤਿੰਨ ਟਿਕਾਣੇ ਪੱਕੇ ਹਨ । ਇਕ ਟਿਕਾਣੇ ਦਾ ਬੰਕੋਕ ਦੇ ਸੇਠ ਬੁਢਾ ਸਿੰਹੁ ਤੋਂ ਪਤਾ ਲਗ ਸਕਦਾ ਐ । ਦੂਜਾ ਟਿਕਾਣਾ ਬਾਊ ਅਮਰ ਸਿੰਹੁ ਦਾ ਡੇਰਾ ਐ ਤੇ ਤੀਜਾ ਟਿਕਾਣਾ ਚੈਂਗਮਈ ਦੇ ਗੁਰਦੁਆਰੇ ਦੇ ਗਰੰਥੀ ਬਾਵਾ ਵਿਸਾਵਾ ਸਿੰਹੁ ਦਾ ਹੈ । ਇਹ ਸ਼ਹਿਰ ਉਤਰੀ ਸਿਆਮ ਵਿਚ ਬਰਮਾ ਦੀ ਹੱਦ ਉਤੇ ਐ । ਮੇਰਾ ਖਿਆਲ ਐ ਕਿ ਸ਼ੈਦ ਅਜ ਕੱਲ੍ਹ ਉਥੇ ਹੀ ਹੋਣ । ਏਥੋਂ ਬਰਮਾ ਜਾਣ ਦਾ ਰਾਹ ਬੜਾ ਦੁਸ਼ਵਾਰ ਹੈ ਪਰ ਉਂਜ ਸਰਕਾਰੀ ਖਤਰਾ ਘੱਟ ਐ ।"

"ਦੇਰ ਬਹੁਤ ਹੋ ਗਈ ਹੈ । ਕਰਤਾਰ ਕੌਰ ਹੋਰੀਂ ਚਿੰਤਾ ਕਰਦੇ ਹੋਣਗੇ । ਅਸੀਂ ਚਲਦੇ ਹਾਂ । ਜੋ ਨਿੱਕ-ਸੁੱਕ ਹੋਟਲ ਵਿਚ ਮਿਲਦਾ ਹੈ । ਉਹ ਹੀ ਖਾ ਲੈਂਦੇ ਹਾਂ । ਬਹੁਤਾ ਜ਼ੋਰ ਫਲਾਂ ਉਤੇ ਰੱਖਦੇ ਹਾਂ ।"

"ਅਜੇ ਕੋਈ ਗੱਲਬਾਤ ਤਾਂ ਕੀਤੀ ਹੀ ਨਹੀਂ ।"

"ਸਾਡਾ ਹੋਟਲ ਸ਼ਟੇਸ਼ਨ ਤੋਂ ਬਾਹਲਾ ਦੂਰ ਨਹੀਂ । ਹੋਟਲ ਦਾ ਨਾਮ ਹੈ ਕੈਨਟੋਨੀਜ਼ ਹੋਟਲ ।"

"ਮੈਂ ਜਾਣਦਾ ਹਾਂ । ਕੱਲ ਕਿਹੜੇ ਵੇਲੇ ਮਿਲੀਏ ?"

"ਤੜਕੇ ਹੀ ਆ ਜਾਓ ।"

"ਮੈਂ ਪਹੁ-ਫੁਟਾਲੇ ਹੀ ਪਹੁੰਚ ਜਾਵਾਂਗਾ ।"

ਭਾਈ ਸਾਹਬ ਤੇ ਕਰਤਾਰ ਸਿੰਘ ਬਾਹਰ ਨਿਕਲੇ ਹੀ ਸਨ ਕਿ ਉਨ੍ਹਾਂ ਨੂੰ ਇਕ ਰਿਕਸ਼ਾ ਮਿਲ ਗਿਆ । (ਚਲਦਾ)

ਕੈਲਗਰੀ ਦਰਪਣ

ਦੋਸ਼ੀਆਂ ਨੂੰ ਸਜਾਵਾਂ

ਕੈਲਗਰੀ ਦੇ ਟੈਕਸੀ ਡਰਾਈਵਰ ਮੁਹੰਮਦ ਫ਼ਰਾ ਦੇ ਛੁਰੇ ਮਾਰਨ ਦੀ ਘਟਨਾ ਜੋ 27 ਅਪ੍ਰੈਲ ਨੂੰ ਵਾਪਰੀ ਸੀ, ਉਸਦੇ ਦੋਸ਼ੀਆਂ ਕਲੈਰੈਂਸ ਬਾਊਸ਼ਰ, ਹਾਰਲੀ ਵਾਈਟਸਟੋਨ, ਮੈਰੀ ਐਲਮਰ ਪਾਲ ਤੇ ਹੈਰਲਡ ਬੈਜ਼ਰ ਨੂੰ ਤਿੰਨ ਹਫ਼ਤੇ ਤੋਂ 2 ਮਹੀਨੇ ਤਕ ਦੀਆਂ ਸਜਾਵਾਂ ਸੁਣਾਈਆਂ ਗਈਆਂ ਹਨ ।

ਨਸਲੀ ਵਿਤਕਰੇ ਦੀ ਰੀਪੋਰਟ ਲੋਕਾਂ ਤਕ ਨਹੀਂ ਪਹੁੰਚੇਗੀ

ਵਾਦ ਵਿਵਾਦ-ਭਰਪੂਰ ਫੈਡਰਲ ਰੀਪੋਰਟ ਜਿਸ ਵਿਚ ਕੈਲਗਰੀ ਵਿਚ ਨਸਲੀ ਵਿਤਕਰੇ ਬਾਰੇ ਰੀਪੋਰਟ ਹੈ । ਆਮ ਲੋਕਾਂ ਤੱਕ ਪਹੁੰਚਣ ਦੀ ਸੰਭਾਵਨਾ ਨਹੀਂ ਹੈ ।

ਧੀਰੂ ਪਟੇਲ, ਜੋ ਨਸਲੀ ਸਬੰਧਾਂ ਦੇ ਸੈਕਟਰੀ ਆਫ਼ ਸਟੇਟ ਦੇ ਮਹਿਕਮੇ ਵਿਚ ਪ੍ਰਮੁਖ ਹਨ, ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਰੀਪੋਰਟ ਛਾਪੀ ਜਾਵੇਗੀ ।

23 ਨਵੰਬਰ 1982 ਨੂੰ ਨਸਲੀ ਸਬੰਧਾਂ ਬਾਰੇ ਐਡਮੈਂਟਨ ਕੌਂਸਲ ਦੀ ਮੀਟਿੰਗ ਵਿਚ ਇਸ ਰੀਪੋਰਟ ਦੇ ਲੇਖਕ ਨਾਰਮ ਬੁਚਨਾਨੀ ਨੇ ਕੁਝ ਹਿੱਸੇ ਰੀਲੀਜ਼ ਕੀਤੇ ਸਨ ।

ਇਹ ਹਿੱਸੇ ਛਪਣ ਨਾਲ, ਅਲਬਰਟਾ ਮਨੁੱਖੀ ਹੱਕਾਂ ਦੀ ਕਮਿਸ਼ਨ ਦੀ ਚੇਅਰਮੈਨ ਮਾਰਲੀਨ ਅਨਤੋਨੀਓ ਦੇ ਰੌਂਗਟੇ ਖੜੇ ਹੋ ਗਏ ਤੇ ਉਸਨੇ ਸੁਆਲ ਕੀਤਾ ਕਿ ਅਲਬਰਟਾ ਦੀ ਹੱਦ ਅੰਦਰ ਫੈਡਰਲ ਵਿਭਾਗ ਨੂੰ ਅਜਿਹੀ ਰੀਪੋਰਟ ਲੈਣ ਦਾ ਕੀ ਹੱਕ ਹੈ ।

ਪਟੇਲ ਨੇ ਆਪਣੀ ਐਲੀਫੋਨ ਇੰਟਰਵਿਊ ਵਿਚ ਕਿਹਾ ਕਿ ਅੰਦਰੂਨੀ ਪਾਲਿਸੀ ਖਾਤਰ ਇਹ ਰੀਪੋਰਟ ਲਈ ਗਈ ਹੈ ।

ਜੈਕਸਨਵਾਈਲ— ਪਿਛਲੇ ਐਤਵਾਰ ਕੂ ਕਲੱਕਸ ਕਲੈਨ ਦੇ 175 ਮੈਂਬਰਾਂ ਨੇ 'ਚਿੱਟੀ ਤਾਕਤ' ਦੇ ਨਾਅਰੇ ਲਾਏ ਤੇ ਨਾਜ਼ੀ ਸਲੂਟ ਦਿੰਦਿਆਂ ਕਰਾਸ ਜਲਾਈ । ਇਹ ਪ੍ਰੋਟੈਸਟ ਅਮਰੀਕਨ ਮੈਰਾਈਨਜ਼ ਦੀ ਕਥਿਤ ਖੁੰਭ ਠੱਪਣ ਕਾਰਨ ਕੀਤਾ ਗਿਆ ।

ਪੰਜਾਬੀ ਸਾਹਿਤ ਤੇ ਸਭਿਆਚਾਰਕ ਸਭਾ, ਵਿਨੀਪੈਗ—ਮੈਨੀਟੋਬਾ

ਵਲੋਂ ਦਸੰਬਰ 5, 1982 ਨੂੰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ । ਜਿਸ ਵਿਚ ਲੋਕਲ ਸਾਹਿਤਕਾਰਾਂ ਵਲੋਂ ਕਵਿਤਾਵਾਂ, ਗੀਤ, ਗਜ਼ਲਾਂ ਤੇ ਲੋਕ—ਬੋਲੀਆਂ ਪੇਸ਼ ਕੀਤੀਆਂ ਗਈਆਂ ।

ਅਖੀਰ ਵਿਚ ਕੈਨੇਡਾ ਫ਼ਿਲਮ ਬੋਰਡ ਦੀ ਬਣਾਈ "ਉਠਣ ਦਾ ਵੇਲਾ" ਫ਼ਿਲਮ ਦਿਖਾਈ ਗਈ, ਜਿਹੜੀ ਕਿ ਲੋਕਾਂ ਵਲੋਂ ਪ੍ਰਸੰਸਾ ਦਾ ਪਾਤਰ ਬਣੀ । ਇਹ ਸਭਾ ਵਲੋਂ ਪਹਿਲਾ ਉੱਦਮ ਸੀ । ਦਰਸ਼ਕਾਂ ਦੀ ਗਿਣਤੀ ਸੌ ਕੁ ਦੇ ਲਗ ਭਗ ਸੀ ।

ਯੁਵਰਾਜ ਸਿੰਘ ਰਤਨ
ਕਨਵੀਨਰ
ਪੰਜਾਬੀ—ਸਾਹਿਤ ਤੇ ਸਭਿਅਚਾਰਕ ਸਭਾ
ਵਿਨੀਪੈਗ, ਮੈਨੀਟੋਬਾ

* ਕਾਹਲੀ ਕਾਹਲੀ ਕੰਮ ਕਰਨ ਦਾ ਰੀਕਾਰਡ ਚੀਨ ਦੇ ਨਾਂ ਹੈ । ਉਥੋਂ ਦੇ ਚਾਰ ਦਰਜ਼ੀਆਂ ਨੇ ਪੰਜ ਹਜ਼ਾਰ ਲੋਕਾਂ ਦੀ ਭੀੜ ਦੇ ਸਾਹਮਣੇ ਦੋ ਸੂਟ ਕੱਟੇ ਅਤੇ 10 ਮਿੰਟਾਂ 'ਚ ਸਿਉਂ ਕੇ ਦਿਖਾਏ । ਛੇ ਬਾਵਰਚੀਆਂ ਨੇ ਦੋ ਮਿੰਟ ਚਾਰ ਸੈਕਿੰਡ ਵਿਚ ਚਿਕਨ ਦੀਆਂ ਚਾਰ ਪਲੇਟਾਂ ਬਣਾਈਆਂ ।

* ਭਾਸ਼ਨਾ ਲਈ ਭਾਰਤ ਦੇ ਨੇਤਾ ਪ੍ਰਸਿੱਧ ਹਨ, ਪਰ ਸਭ ਤੋਂ ਲੰਬੇ ਭਾਸ਼ਨ ਦਾ ਰੀਕਾਰਡ ਆਕਸਫੋਰਡ ਦੇ ਇਕ ਵਿਅਕਤੀ ਕੋਲ ਹੈ । ਜੋ ਲਗਾਤਾਰ 150 ਘੰਟੇ ਬੋਲਦਾ ਰਿਹਾ ।

ਪਾਸਪੋਰਟ, ਵੀਜ਼ਾ, ਡਾਕਟਰੀ ਤੇ ਇੰਮੀਗਰੇਸ਼ਨ
ਦੀ ਸਲਾਹ ਲਈ ਮਿਲੋ ।
ਦੇਸੋਂ ਮੁੜਨ ਵਾਲਿਆਂ ਦੀਆਂ ਵਾਪਸੀ ਸੀਟਾਂ ਬੁਕ
ਕਰਨ ਦੀ ਮੁਫਤ ਸਹੂਲਤ ਉਪਲੱਬਧ ਹੈ ।
ਗੁਰੂ ਨਾਨਕ ਟਰੇਵਲ ਐਡਵਾਈਜਰਜ਼
2, ਗਿਲਜ਼ ਪਾਰਕ ਜੀ. ਟੀ. ਰੋਡ
ਸਾਹਮਣੇ ਐਸ. ਡੀ. ਐਮ ਕੋਰਟ
ਮੋਗਾ — ਜ਼ਿਲਾ ਫਰੀਦਕੋਟ
ਘਰ 3532
ਫੋਨ ਦਫਤਰ 2161

SONI & SONS
JEWELLERS
ORIENTAL GOLD
AND SILVER
JEWELLERY REPAIRS
SPECIALIST IN EAST INDIAN
JEWELLERY
NANUBHAI
Bus. 324-1012
Res. 327-0783
6538 MAIN STREET
(Entrance at back door)
VANCOUVER.
B.C.
V 5 X 3 G 9

‘ਕਨੇਡਾ ਦਰਪਣ’ ਦਾ

ਲੇਖਕਾਂ ਦੇ

ਵਿਚਾਰਾਂ ਨਾਲ ਸਹਿਮਤ –

ਹੋਣਾ

ਜਰੂਰੀ ਨਹੀਂ ।

ਚੇਤਨਾ

ਮੱਖਣ “ਟੁੱਟ”, ਵੈਨਕੂਵਰ

ਇਤਿਹਾਸ ਦਾ ਬੀਤਿਆ ਹਰ ਪਲ
ਕਿਤਾਬਾਂ ਤੋਂ ਜ਼ਿਹਨ ’ਚ ਪ੍ਰਵੇਸ਼ ਕਰਦਾ
ਜਿਤਾਂ ਅਤੇ ਸੰਗਰਾਮਾਂ ਦੇ ਨਕਸ਼
ਉਭਰ ਕੇ, ਉਛਲਕੇ
ਜ਼ਜਬੇ ਉਕਰ ਜਾਂਦੇ ਨੇ ।
ਆਜ਼ਾਦੀ ਦੀ ਖਾਹਿਸ਼
ਬੇ ਇਨਸਾਫੀ ਦੀ ਵਿਰੋਧਤਾ
ਬਣ ਜੁੜਵਾਂ ਰੋਹ
ਜਬਰਾਂ ਨਾਲ ਭਿੜ ਪਿਆ,
ਗੁਲਾਮਾਂ ਜਾਬਰਾਂ ਦੀ ਟੱਕਰ
ਬਗਾਵਤਾਂ ਦੇ ਰਾਹ ਪੈ
ਕੋਈ ਲੋਕ-ਸੰਗਰਾਮ ਛਿੜ ਪਿਆ ।
ਕੋਈ ਜਿੱਤ ਗਿਆ
ਕੋਈ ਲੜ ਰਿਹਾ
ਕੋਈਂ ਰੌਂਘਦਾ ਦਿਨ ਕਟਦਾ
ਚੁਪ ਚੁਪੀਤਾ ਸੜ ਰਿਹਾ ।
ਅੱਖਰਾਂ ਤੋਂ ਮਨ
ਦੀ ਪੌੜੀ ਚੜਦਾ
ਆਲੇ - ਦੁਆਲੇ ਨੂੰ ਫੋਲਦਾ,
ਨਵਾਂ ਅਹਿਸਾਸ ਲਭਦਾ
ਗੱਲ ਨੂੰ ਹਾੜ੍ਹਦਾ ਤੋਲਦਾ,
ਇਸ ਮੁਲਕ ’ਚ ਬੇਇਨਸਾਫੀ ਨਹੀਂ
ਗੁਲਾਮ ਨਹੀਂ ਜਾਂ ਜਾਬਰ ਨਹੀਂ
ਇਥੇ ਇਤਿਹਾਸ ਖੜ੍ਹਾ ਹੋ ਗਿਆ
ਜਾਂ ਸਿਰਜਣ ਹਾਰੇ ਜੰਮਦੇ ਨਹੀਂ ।
ਫਿਰ ਖਿਆਲ ਆਏ ਰਿਸ਼ਤਿਆਂ ਖੂਨਾਂ ਦੇ
ਰੋਜ਼ ਸ਼ਾਮੀਂ ਆਏ ਕੀਤੇ ਫੂਨਾਂ ਦੇ
“ਹਿੰਦ - ਪੰਜਾਬ” ਦੀ ਜੰਗ ਦੇ ਐਲਾਨ
ਕੁਰਸੀਆਂ ਦੇਗਚੀਆਂ ਦੇ ਸੌਦੇ
ਲੋਕਾਂ ਦੇ ਖੂਨ ਦਾ ਘਾਣ
ਡੂੰਘਿਆਂ ਪਾਣੀਆਂ ਤੋਂ ਦੂਰ
ਡੂੰਘੇ ਦਿਲਾਂ ਦੇ ਗਰੂਰ
ਉਥੇ ਦੀ ਗੱਲ ਨਾਲੋਂ
ਇਥੇ ਬੀਤੀ ਦਾ ਸੁਆਦ
ਅਜੇ ਵੀ ਨਕਾਰਾ ਈ ਲੱਗੇ, ਪਿੰਡ ਸੰਗੀਆਂ ਸ਼ਰੀਕਾਂ ਦੀਆਂ
ਲਾਠੀਆਂ ਨੂੰ ਲੱਗਾ ਖੂਨ
ਵੈਨਕੂਵਰ ’ਚ ਡੁਲ੍ਹੇ ਨਾਲੋਂ
ਤੱਤਾ ਲੱਗੇ-ਪਿਆਰਾ ਲੱਗੇ ।
ਜਦੋਂ ਯਾਰ ਮਿਤਰ ਨੂੰ ਦੱਸੇ
ਕਿ ਯੂਨੀਅਨ ਦੀ ਪਿਕਟ ਲਾਈਨ ਨੂੰ
ਕੁੱਤਿਆਂ ਵਾਲੀ ਪੁਲਸ ਨੇ ਤੋੜਿਆ
ਕੁੱਤੇ-ਵੱਢੇ ਮਜ਼ਦੂਰਾਂ ਦਾ ਗੋਸ਼ਤ
ਮਸ਼ੀਨ ਚੋਂ ਨਿਕਲੇ ਕੀਮੇ ਜਿਹਾ ਸੀ
ਤਾਂ ਮਿਤਰ ਮਿਤਰ ਨੂੰ ਟੋਕੇ
“ਛੱਡ ਯਾਰ ਇਸ ਰੋਣੇ ਨੂੰ
ਸੁਣਾ ਗੱਲ ਦੇਸ਼ ਦੀ
ਕਿੰਨੀਆਂ ਸੀਟਾਂ ਤੇ ਹਾਰੀ
ਆਪਣੀਂ ਇੰਡੀਆ ’ਚ ਪਾਰਟੀ”
ਕਦੀ ਲੀਡਰਾਂ ਨੂੰ ਗਾਲ੍ਹਾਂ
ਕਦੀ ਲੋਕਾਂ ਤੇ ਇਤਰਾਜ਼
“ਇੰਡੀਆ ਲੋਕ ਉਲ੍ਹਦੇ ਪੱਠੇ
ਪੈਂਤੀ ਸਾਲਾਂ ਤੋਂ ਪਾਈ ਜਾਂਦੇ
“ਗਾਂ-ਵੱਛੇ ਨੂੰ ਪੱਠੇ”

ਰਾਤਾਂ ਦੇ ਪਹਿਰ
ਵਿਸਕੀਆਂ ਦੇ ਦੌਰ
ਥਕੇਵਿਆਂ ਦੇ ਪਲ
ਨਸਲਵਾਦੀ ਮਾਲਕਾਂ ਦੀ ਗਾਲਾਂ
ਮਿਲਾਂ ਫੈਕਟਰੀਆਂ ਦਾ ਸ਼ੋਰ
ਨਸ਼ੇ ਦੀ -ਸੁਰਤੀ ’ਚ ਅਲੋਪ,
ਸਵੇਰਾਂ ਆਉਣ ਸ਼ਾਮਾਂ ਪੈਣ
ਕਦੀ ਨਾ ਸੌਰੇ ਮਦਹੋਸ਼ਾਂ ਦੀ ਡਾਰ
ਕਿ ਜਿੰਦਗੀ ਨੂੰ ਅਸਾਂ ਚੁੱਕਿਆ
ਜਾਂ ਜਿੰਦਗੀ ਚੁਕਿਆ ਸਾਡਾ ਭਾਰ ।
ਅੱਜ ਮਨ ਚਾਰ ਦੀਵਾਰੀ ਚੋਂ ਨਿਕਲਿਆ
ਜਿਥੇ ਬੰਦ ਹੋਇਆ ਧੁਖਦਾ ਰਿਹਾ
ਆਪਣੇ ਹੀ ਸੇਕ ’ਚ
ਘੁੱਟਦਾ ਰਿਹਾ ਸੁੱਕਦਾ ਰਿਹਾ,
ਅੱਜ ਚੇਤਨਾ ਮਨ ਹੈ ਪੁੱਛੇ
ਕਿ ਘਰੋਂ ਸੜਕਾਂ ਤੇ ਧੱਕੇ
ਤੇਰੇ ਵਾਂਗ ਬੇਰੁਜ਼ਗਾਰੀ ਦੇ ਨੱਪੇ
ਠੌਕੇ ਦੇ ਠਾਰੇ ਪੱਛਮੀ ਲੋਕ
ਰੋਗੀ ਪੂਰਬੀਆਂ ਦੇ ਹਮ ਸਫਰ ਨੇ
ਭਾਈ ਜਾਂ ਚਮੜੀ ਦੇ ਰੰਗ ਦੇ ਪਾਰਖੂ
ਸੋਚ ਪਰਦਾ ਚੁੱਕਦੀ ਏ
ਕਿ ਗੁਲਾਮਾਂ ਦੀ ਜ਼ਾਤ ਕੌਣ ਪੁੱਛਦਾ?
ਇਕੋ ਕੋਹਲੂ ਅੱਗੇ ਜੁੱਟੇ
ਕਾਲਾ ਬੱਗਾ ਇਕ ਦੂਜੇ ਦੇ
ਸੋ ਸਿੰਗ ਮਾਰਨ
ਇਕੋ ਪਰੈਣੀ ਦੋਹਾਂ ਨੂੰ ਹਿੱਕਦੀ ਏ ।
ਮਜ਼ਦੂਰਾਂ ਦਾ ਕਿਹੜਾ ਦੇਸ਼ ਹੁੰਦਾ?
ਜਿਥੇ ਹਥੌੜਾ ਵਾਹਿਆ
ਉਥੇ ਪਸੀਨਾ ਡੁਲ੍ਹਾ
ਜਿਥੇ ਰਾਤਾਂ ਕੱਟੀਆਂ
ਉਥੇ ਆਲ੍ਹਣਾ ਪਾਇਆ
ਆਲ੍ਹਣੇ ਤੇ ਕੜਕਦੀ ਬਿਜਲੀ
ਬੋਟਾਂ ਤੇ ਪੈਂਦੀ ਚੁੰਧਿਆਈ ਲਿਸ਼ਕ
ਇਹ ਮੌਸਮ ਸਾਨੂੰ ਕਿੰਜ ਕਾਣ ਨਹੀਂ ਕਰਦਾ?
ਜਿਸ ਰੁੱਖ ਤੇ ਲਾਇਆ ਡੇਰਾ
ਕੋਈ ਨਿੱਤ ਰੁਖ ਨੂੰ ਕੱਟੇ ਟੁੱਕੇ
ਸਾਡਾ ਰੁਖ ਨਾਲ ਤੇਹ ਕਿਉਂ ਨਹੀਂ
ਅਸੀਂ ਬੇ-ਮੋਹੇ ਦਰਿੰਦੇ ਹਾਂ
ਜਾਂ ਲਾਲਚੀ ਕਾਵਾਂ ਦੀ ਡਾਰ
ਜੋ ਆਪਣਾ ਵੀ ਨਾ ਆਖੀਏ
ਪਰਾਇਆ ਵੀ ਨਾਂ ਸੋਚੀਏ—
ਅੱਜ ਮਨ ਚੇਤਨਾ ਦੀ ਪੌੜੀ ਚੜ੍ਹਿਆ
ਅੱਜ ਮਨ ਆਤਮਾ ਨਾਲ ਲੜਿਆ
ਆਤਮਾ ਜੋ ਅਧ ਮੋਈ ਸੀ
ਆਤਮਾ ਜੋ ਕਦੀ ਰੋਈ ਸੀ
ਅੱਜੇ ਗਿਆਨ ਨੇ ਉਹਦਾ ਮੋਢਾ ਫੜਿਆ
ਅੱਜ ਮਨ ਚੇਤਨਾ ਦੀ ਪੌੜੀ ਚੜ੍ਹਿਆ ।

ਗੀਤ

ਜੀਵਨ ਰਾਮਪੁਰੀ

ਪਰਦੇਸੀਂ, ਦਿਲ ਦਿਲਗੀਰ ਨੂੰ:
ਅੱਖਾਂ ਚੋਂ ਵਗਦੇ ਨੀਰ ਨੂੰ ।
“ਰੋਇਆ ਨਾ ਕਰ, ਖਪਿਆ ਨਾ ਕਰ”
ਤੇਰੀ ਯਾਦ ਆਕੇ ਕਹਿ ਗਈ ।

ਹੈ ਇਕ ਤੱਪਦਾ ਮਾਰੂਥਲ ।
ਹੈ ਮਿਰਗ ਤ੍ਰਿਸ਼ਨਾ ਭੇ ਜਲ ।
ਨਖਲਸਸਤਾਂ ਤੇਰੀ ਯਾਦ ਦੇ
ਮੇਰੀ ਜਿੰਦ ਪਲ ਭਰ ਬਹਿ ਗਈ ।

ਇਸ ਕਹਿਰ ਜਿਹੇ ਪਰਦੇਸ ਵਿੱਚ ।
ਇਸ ਅਜਨਬੀ ਜਿਹੇ ਦੇਸ਼ ਵਿੱਚ ।
ਭੂਚਾਲ ਤੇ ਕਈ ਜ਼ਲਜ਼ਲੇ
ਮੇਰੀ ਜਾਨ ਕੀ ਕੀ ਸਹਿ ਗਈ ।

ਮੇਰਾ ਝੂਮਦਾ, ਗਾਉਂਦਾ ਸ਼ਬਾਬ ।
ਸੀ ਉਣ ਰਿਹਾ ਸੌਕੀਲੇ ਖਾਬ ।
, ਅਜ ਆਬ ਓਹ ਸੁਪਨੀਲਤੀ ।
ਬਣ ਕੇ ਮਲੱਮਾਂ ਲਹਿ ਗਈ ।

ਆਈ ਸੀ ਇਕ ਗੁਲਜ਼ਾਰ ਚੋਂ ।
ਸੱਖੀਆਂ ਕੂੰਜਾਂ ਦੀ ਡਾਰ ਚੋਂ ।
ਇਕ ਅਜਨਬੀ ਬਾਜ਼ਾਰ ਵਿੱਚ ।
ਕੁਝ ਬਿਕ ਗਈ, ਕੁਝ ਰਹਿ ਗਈ ।

ਮੈਂ ਸੀ ਕਲੀ ਅਨਾਰ ਦੀ ।
ਮੈਂ ਸੀ ਅਦਾ ਬਹਾਰ ਦੀ ।
ਇੱਕ ਸ਼ਾਹਜਾਦੇ ਦੇ ਪਿਆਰ ਲਈ ।
ਮਿਜ਼ਾਰ ਬਣਕੇ ਰਹਿ ਗਈ ।

ਕਵਿਤਾ

ਰਿਸ਼ਤਾ/ਸਾਧੂ

ਆਹਮੋਂ-ਸਾਹਮਣੇ ਬੈਠੇ
ਚੇਹਰਿਆਂ ਤੇ ਮੁਸਕਾਨ ਆਈ ਹੈ
ਸਾਂਝੀ ਤੀਲੀ ਬਾਲ ਕੇ ਉਹਨਾਂ
ਆਪੋ ਆਪਣੀ ਸਿਗਰਟ ਸੁਲਗਾਈ ਹੈ
ਮੇਜ ’ਤੇ ਬੈਠੇ ਛੱਡ ਸਰੀਰ
ਕਮਰੇ ਦੀ ਹਰ ਨੁਕਰੇ ਖੜ ਉਹ ਸੋਚਣਗੇ
ਇਕ ਦੂਜੇ ਦੇ ਚੰਗੇ ਮਾੜੇ ਪੱਖ
ਖਿਆਲੀ ਕਲਾਵਿਆਂ ’ਚ ਭਰਨਗੇ
ਇਕ ਦੂਜੇ ਦੇ ਨਿਰ-ਬਸਤਰ ਸਰੀਰ
ਹੁਣ ਸ਼ੁਰੂ ਵੇਲਾ ਹੈ ਰਿਸ਼ਤੇ ਦਾ
ਚੰਗਾ ਚੰਗਾ ਸੋਚਣਗੇ ਇਕ ਦੂਜੇ ਬਾਰੇ
ਫੇਰ ‘ਲੰਚ’ ਤੋਂ ਬਾਅਦ
‘ਡਿਨਰ’ ਤੋਂ ਪਹਿਲਾਂ, ਪਿਆਰ ਤੋਂ ਪਿਛੋਂ
ਰੱਜ ਰੱਜ ਕੇ ਪੀਣਗੇ ਸਿਗਰਟਾਂ
ਭਰ ਭਰ ਕੇ ਲੈਣਗੇ ਇਕ ਦੂਜੇ ਦੇ ਕੱਸ਼ ।
ਸਿਗਰਟ ਦੇ ਬਲਦੇ ਸਿਰੇ ਵਾਂਗੂ
ਕੁਝ ਦੇਰ ਭੱਖ ਕੇ ਜੀਣਗੇ
ਫੇਰ ਕਿਸੇ ਹਨੇਰੀ ‘ਕਾਫ਼ੀ-ਸ਼ਾਪ’ ਜਾਂ ‘ਬਾਰ’ ਵਿਚ
ਬਚਦੇ ਟੁਕੜਿਆਂ ਨੂੰ ‘ਐਸ਼-ਟ੍ਰੇ’ ’ਚ ਮਸਲ
ਆਪੋ ਆਪਣੇ ਰਾਹ ਪੈਣਗੇ
ਅਗਲੀ ਸਿਗਰਟ ਲਾਉਣ ਤੱਕ—
ਇਕੱਠੇ ਬਲਣ ਦਾ ਧੁੰਧਲਾ ਜਿਹਾ
ਅਹਿਸਾਸ ਬਚੇਗਾ ਜਾਂ
ਗੰਦੀ ਐਸ਼ਟ੍ਰੇ ’ਚ ਪਏ ਸਿਗਰਟ ਦੇ ਕੁਝ ਟੁਕੜੇ ।

—ਪੱਤਝੜ ਦਾ ਪੱਤਾ—

ਲਖਬੀਰ ਗੱਖੜ ਕਲੀਅਰਬਰੁੱਕ (ਕੈਨੇਡਾ)

ਲੰਮਾ ਪੈਂਡਾ
ਉੱਚੀ ਨੀਵੀਂ ਥਾਂ ।
ਵਿਸ਼ਾਲ ਸੁਮੰਦਰ
ਝੱਖੜ,ਕੰਡੇ
ਪਾਰ ਕਰਕੇ
ਅਇਆਂ ਸਾਂ
ਮੈਂ ਤੇਰੇ ਗਿਰਾਂ ।
ਲੱਖ ਆਸਾਂ ਸਨ
ਦਿਲ ਮੇਰੇ ਵਿਚ
ਜਦ ਪੈਰ ਸੀ ਪਾਇਆ
ਦਰ ਮੈਂ ਤੇਰੇ ।
ਕੀ ਪਤਾ ਸੀ
ਕੋਈ ਆਊ ਹਨੇਰੀ ?
ਵਿਚ ਅਸਮਾਨੀ
ਉਡਦੀ ਹੋਈ
ਕੱਟੀ ਜਾਊ
ਪਤੰਗ ਓਹ ਮੇਰੀ ।
ਖੈਰ ! ਜ਼ਿੰਦਗੀ ਹੈ
ਜਿਸਦਾ ਹਰ ਮੋੜ
ਤਿਲਕਣ ਬਾਜ਼ੀ ਹੈ ।
ਪੰਜਾਂ ਤੱਤਾਂ ਦਾ ਪੁਤਲਾ ਹੈ
ਕੋਈ ਗੁੱਸੇ ਹੈ
ਕੋਈ ਰਾਜ਼ੀ ਹੈ ।
ਪਰ ਕਹਿੰਦੇ ਹਨ
ਗਿਆ ਵੇਲਾ
ਮੁੜ ਹੱਥ ਨਹੀਂ ਆਉਂਦਾ
ਲੱਖ ਸੋਚਾਂ
ਬੇਸ਼ੱਕ ਸੋਚੀਏ ਆਪਾਂ ।
ਅੱਜ ਸੜਕ ਤੇ
ਤੁਰਿਆ ਜਾਂਦਾ
ਮੈਂ ਪਤਝੜ ਦਾ ਪੱਤਾ ਜਾਪਾਂ ।

ਹੇਮਾ – ਫਰਵਰੀ ਦੇ ਮਹੀਨੇ ਵਿਚ ਠੰਡ ਘਟ ਕਿਉਂ ਪੈਂਦੀ ਹੈ ?
ਧਰਮਿੰਦਰ -ਕਿਉਂਕਿ ਇਸ ਮਹੀਨੇ ਵਿਚ ਦਿਨ ਘਟ ਹੁੰਦੇ ਹਨ ।

BAINS TRAVEL
ਅਸੀਂ ਤੁਹਾਡੀ 30 ਸਾਲਾਂ
ਤੋਂ ਸੇਵਾ ਕਰ ਰਹੇ ਹਾਂ
IATA
ALMOST ALL AIRLINES
6364 FRASER ST. VANOCUVER, B.C.
TEL. 324-2277 & 324-1919

ਪੰਜਾਬੀ ਤੇ ਅੰਗਰੇਜ਼ੀ ਦੀ ਟਾਈਪ—ਸੈਟਿੰਗ ਤੇ ਛਪਾਈ ਲਈ
ਏਸ਼ੀਆ ਬੁੱਕ ਕੰਪਨੀ
ਜਿਥੋਂ ਤੁਸੀਂ * ਪੁਸਤਕਾਂ * ਫਲਾਇਰ * ਕੈਟਾਲਾਗ
* ਬਿਜ਼ਨਿਸ ਕਾਰਡ * ਵਿਆਹ ਸ਼ਾਦੀਆਂ ਦੇ ਕਾਰਡ
ਸਸਤੇ ਭਾਅ ਟਾਈਪ ਸੈਟ ਤੇ ਛਪਵਾ ਸਕਦੇ ਹੋ
PHONE: (604) 324-6111
#1—219 E. 49th AVE.(at
Main St.) VANCOUVER

ਏਸ਼ੀਆਈ ਖੇਡਾਂ ਸਮਾਪਤ

ਨਵੀਂ ਦਿੱਲੀ, 4 ਦਸੰਬਰ (ਪੀ. ਟੀ. ਆਈ., ਯੂ. ਐਨ. ਆਈ.)— ਏਸ਼ੀਆ ਦੇ ਸਭ ਤੋਂ ਵੱਡੇ ਖੇਡ ਸਮਾਗਮ ਨੌਵੀਆਂ ਏਸ਼ੀਆਈ ਖੇਡਾਂ ਦੇ ਸਮਾਪਤੀ ਸਮਾਰੋਹ ਦੇ ਸ਼ੁਰੂ ਹੋਣ ਤੋਂ ਕਈ ਘੰਟੇ ਪਹਿਲਾਂ, 75000 ਸੀਟਾਂ ਵਾਲਾ ਵਿਸ਼ਾਲ ਜਵਾਹਰ ਲਾਲ ਨਹਿਰੂ ਸਟੇਡੀਅਮ ਖਚਾਖਚ ਭਰ ਗਿਆ ਅਤੇ ਉਥੇ ਤਿਲ ਸੁਟਣ ਜੋਗੀ ਥਾਂ ਵੀ ਨਾ ਰਹੀ। ਜਿਉਂ ਹੀ ਸ਼ਾਮ ਦੇ ਸਾਢੇ 3 ਵਜੇ ਸਟੇਡੀਅਮ ਦੇ ਮੁਖ ਪੱਛਮੀ ਗੇਟ ਤੋਂ ਏਸ਼ੀਅਨ ਖੇਡ ਫੈਡਰੇਸ਼ਨ ਦੇ ਪ੍ਰਧਾਨ ਰਾਜਾ ਭਲਿੰਦਰ ਸਿੰਘ ਨੇ ਪ੍ਰਵੇਸ਼ ਕੀਤਾ। 18 ਬਿਗਲਚੀਆਂ ਨੇ ਬਿਗਲ ਵਜਾ ਕੇ ਉਹਨਾਂ ਦਾ ਸੁਆਗਤ ਕੀਤਾ। ਉਹਨਾਂ ਦੇ ਪਿਛੇ ਦੇਸ਼ਾਂ ਦੇ ਨਾਵਾਂ ਦੇ ਫੱਟੇ ਚੁਕੀ ਲੜਕੀਆਂ ਪਿਛੇ ਦੇਸ਼ਾਂ ਦੇ ਝੰਡੇ ਚੁਕੀ ਲੜਕੇ ਇੱਕੋ ਕਤਾਰ ਵਿਚ ਚਲਦੇ ਹੋਏ ਸਟੇਡੀਅਮ ਵਿਚ ਦਾਖਲ ਹੋਏ। ਉਹਨਾਂ ਦੇ ਪਿਛੇ ਸਾਰੇ ਹੀ ਖਿਡਾਰੀ ਰਲੇ ਮਿਲੇ ਇਕ ਹਜੂਮ ਦੀ ਤਰ੍ਹਾਂ ਇਕਠੇ ਹੋਕੇ ਆਏ। ਉਹਨਾਂ ਵਿਚੋਂ ਰੰਗ-ਰੂਪ, ਦੇਸ਼, ਨਸਲ ਦਾ ਵਿਤਕਰਾ ਉਡ ਗਿਆ ਸੀ।

। ਜਿਉਂ ਹੀ ਏਸ਼ੀਆਈ ਖੇਡ ਫੈਡਰੇਸ਼ਨ ਦਾ ਝੰਡਾ ਲਹਿਰਾਇਆ ਇਸ ਪਿਛੋਂ ਭਾਰਤ ਦਾ ਤਿਰੰਗਾ ਝੰਡਾ ਲਹਿਰਾਇਆ ਗਿਆ ਤੇ ਰਾਸ਼ਟਰੀ ਗੀਤ ਦੀ ਧੁੰਨ ਵਜਾਈ ਗਈ। ਇਸ ਪਿਛੋਂ ਦਖਣੀ ਕੋਰੀਆ ਦਾ ਰਾਸ਼ਟਰੀ ਝੰਡਾ ਲਹਿਰਾਇਆ ਗਿਆ ਤੇ ਰਾਸ਼ਟਰੀ ਗੀਤ ਸੁਣਾਇਆ ਗਿਆ ਜਿਥੇ 1986 ਵਿਚ ਦਸਵੀਆਂ ਏਸ਼ੀਆਈ ਖੇਡਾਂ ਸਿਓਲ ਵਿਖੇ ਹੋਣਗੀਆਂ। ਇਸ ਪਿਛੋਂ ਰਾਜਾ ਭਲਿੰਦਰ ਸਿੰਘ ਸਟੇਜ ਤੇ ਗਏ ਤੇ ਉਨ੍ਹਾਂ ਨੇ ਨੌਵੀਆਂ ਏਸ਼ੀਆਈ ਖੇਡਾਂ ਸਮਾਪਤ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਭਾਰਤ ਦੇ ਰਾਸ਼ਟਰਪਤੀ ਗਿ: ਜ਼ੈਲ ਸਿੰਘ ਦਾ ਭਾਰਤ ਵਾਸੀਆਂ, ਦਿਲੀ ਦੇ ਅਧਿਕਾਰੀਆਂ ਤੇ ਖੇਡਾਂ ਦੇ ਪ੍ਰਬੰਧਕਾਂ ਦਾ ਦਿਲੋਂ ਧੰਨਵਾਦ ਕੀਤਾ ਹੈ ਤੇ ਹੋਰ ਮੁੜ ਚਾਰ ਸਾਲ ਬਾਅਦ ਦਖਣੀ ਕੋਰੀਆ ਚ ਸੀਓਲ ਵਿਖੇ ਮੁੜ ਇਕੱਠੇ ਹੋਣ ਦੀ ਅਪੀਲ ਕੀਤੀ। ਇਸ ਪਿਛੋਂ ਸਾਰੇ ਖਿਡਾਰੀ ਗਰਾਊਂਡ ਵਿਚੋਂ ਜਾਂਦੇ ਦਖਣੀ ਸਟੈਂਡ ਚ ਲਗੀਆਂ ਸੀਟਾਂ ਉਤੇ ਬੈਠ ਗਏ। ਰੰਗ ਬਰੰਗਾ "ਪਸ਼ੂ-ਪੰਛੀ" ਨਾਚ ਸ਼ੁਰੂ ਹੋਇਆ ਤੇ ਖੇਡਾਂ ਦੇ ਚਿੰਨ੍ਹ ਨਚਦੇ ਟਪਦੇ ਅਪੂ ਨੂੰ ਨਿਘੀ ਵਿਦਾਇਗੀ ਦਿਤੀ ਗਈ। ਰਾਸ਼ਟਰਪਤੀ ਦੇ ਅੰਗ ਰਖਿਅਕਾਂ ਅਤੇ ਫੌਜੀ ਘੋੜ ਸਵਾਰਾਂ ਨੇ ਹੈਰਾਨੀ ਜਨਕ ਕਰਤਬ ਵਿਖਾ ਕੇ ਦਰਸ਼ਕਾਂ ਦਾ ਮਨ ਮੋਹਿਆ। ਤਿੰਨਾਂ ਸੈਨਾਵਾਂ ਦੇ 28 ਬੈਂਡਾਂ ਦੇ 828 ਸੈਨਕਾਂ ਨੇ ਬੈਂਡਾਂ ਦੀ ਧੁਨ ਤੇ ਆਪਣੀ ਸੁਚਜੀ ਚਾਲ ਦਾ ਅਨੋਖਾ ਪ੍ਰਦਰਸ਼ਨ ਕੀਤਾ। ਭਾਰਤ ਦੇ ਵਖ-ਵਖ ਭਾਗਾਂ ਦੇ ਸੈਂਕੜੇ ਕਠਪੁ ਪੁਤਲਿਆਂ, ਵਖ-ਵਖ ਕਿਸਮ ਦੇ ਪੰਛੀਆਂ ਤੇ ਜਾਨਵਰਾਂ ਦੀ ਸ਼ਕਲ ਧਾਰ ਕੇ ਤੇ ਸਾਰੇ ਮੈਦਾਨ ਵਿਚ ਨਚਣ ਲਗੇ। ਇਕ ਹਰ ਉਚੇ ਫੁਲਾਂ ਦਾ ਬੂਟਿਆ ਹੋਇਆ ਅਪੂ ਆਇਆ, ਜਿਸ ਦੇ ਨਾਲ 9 ਫੁਲਾ ਕਰਚਾਰ ਸਨ, ਜੋ ਨਵੀਆਂ ਏਸ਼ੀਆਈ ਖੇਡਾਂ ਦੀ ਪ੍ਰਤੀਨਿਧਤਾ ਕਰਦੇ ਸਨ। ਦਸਿਆ ਗਿਆ ਹੈ ਕਿ 4 ਲਖ ਫੁਲਾਂ ਨੂੰ 100 ਮਾਲੀਆਂ ਨੇ 20 ਘੰਟਿਆਂ ਦੀ ਸਖਤ ਮਿਹਨਤ ਪਿਛੋਂ ਤਿਆਰ ਕੀਤਾ ਹੈ। ਇਸ ਦੇ ਨਾਲ ਹੀ 21 ਨੌਜਵਾਨਾਂ ਨੇ ਹਥਾਂ ਵਿਚ ਫੁਲਾਂ ਦੇ ਸ਼ਾਨਦਾਰ ਗੁਲਦਸਤੇ ਚੁਕੇ ਹੋਏ ਸਨ ਜੋ ਹੁਣ ਹੋਈਆਂ 21 ਖੇਡਾਂ ਵਲ ਇਸ਼ਾਰਾ ਕਰਦੇ ਸਨ। ਇਨ੍ਹਾਂ ਦੇ ਨਾਲ ਹੀ ਫੁਲਾਂ ਨਾਲ ਸ਼ਿੰਗਾਰੀਆਂ ਕੁੜੀਆਂ ਨਾਚ ਕਰ ਰਹੀਆਂ ਸਨ। ਇਸ ਸਾਰੇ ਨਜ਼ਾਰੇ ਵਿਚ ਪ੍ਰਸਿਧ ਸੰਗੀਤਕਾਰ ਰਵੀ ਸ਼ੰਕਰ ਨੇ ਧੁਨ ਦੇ ਕੇ ਜਾਨ ਪਾਈ। ਏਸ਼ੀਆਈ ਖੇਡਾਂ ਦੇ ਝੰਡੇ ਅਤੇ ਮਿਸ਼ਾਲ ਨੂੰ ਰਾਜਾ ਭਲਿੰਦਰ ਸਿੰਘ ਨੇ ਦਿੱਲੀ ਦੇ ਉਪਰਾਜਪਾਲ ਦੇ ਸਪੁਰਦਕੀਤਾ 112 ਬਿਗਲਾਂ ਨੇ ਸਮਾਪਤੀ ਕੀਤੀ। ਮਿਸ਼ਾਲ ਹੌਲੀ ਹੌਲੀ ਬੁਝਣੀ ਸ਼ੁਰੂ ਹੋਈ, ਝੰਡੇ ਝੁਕਾ ਦਿਤੇ ਗਏ ਤੇ 5 ਤੋਪਾਂ ਨੇ ਸਲਾਮੀ ਦਿਤੀ। ਹਰ ਰੋਜ਼ ਵਖ ਵਖ ਸਟੇਡੀਅਮਾਂ ਵਿਚ ਖੇਡਾਂ ਵੇਖਣਵਾਲੇ ਸਾਰੇ ਦਰਸ਼ਕਾਂ ਨੇ ਅਜ ਸ਼ਾਨਦਾਰ ਤੇ ਰੰਗ ਬਰੰਗੇ ਸਮਾਪਤੀ ਸਮਾਰੋਹ ਨੂੰ ਜਿਥੇ ਸਟੇਡੀਅਮ ਵਿਚ ਵੇਖਿਆ, ਉਥੇ ਦੇਸ਼ ਤੇ ਵਿਦੇਸ਼ ਵਿਚ ਲਖਾਂ ਹੀ ਦਰਸ਼ਕਾਂ ਨੇ ਇਸ ਨੂੰ ਸਾਦੇ ਤੇ ਰੰਗੀਨ ਟੈਲੀਵੀਜ਼ਨ ਉਤੇ ਵੇਖਿਆ। ਅਜ ਤੋਂ 31 ਸਾਲ ਪਹਿਲਾਂ, ਜਿਥੇ ਭਾਰਤ ਨੇ ਪਹਿਲੀਆਂ ਏਸ਼ੀਆਈ ਖੇਡਾਂ ਕਰਾਈਆਂ ਸਨ, ਉਥੇ ਅਜ ਵੀ ਨੌਵੀਆਂ ਏਸ਼ੀਆਈ ਖੇਡਾਂ ਦੀ ਸ਼ਾਨਦਾਰ ਤੇ ਨਿਰਵਿਘਨ ਸਮਾਪਤੀ ਕਰਕੇ ਨਾਮਣਾ ਖਟਿਆ ਹੈ। ਸਮਾਪਤੀ ਸਮਾਰੋਹ ਸ਼ੁਰੂ ਹੋਣ ਤੋਂ 2 ਮਿੰਟ ਪਹਿਲਾਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਉਪ ਰਾਸ਼ਟਰਪਤੀ ਸ੍ਰੀ ਐਮ. ਹਿਦਾਇਤੁਲਾ ਤੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੀ ਤਾੜੀਆਂ ਦੀ ਗੂੰਜ ਵਿਚ ਆਪੋ ਆਪਣੀਆਂ ਸੀਟਾਂ ਤੇ ਆ ਬਿਰਾਜੇ। 105 ਮਿੰਟ ਦਾ ਇਹ ਸ਼ਾਨਦਾਰ ਸਮਾਪਤੀ ਸਮਾਰੋਹ ਆਪਣੇ ਮਿਥੇ ਵਕਤ ਤੋਂ 10 ਮਿੰਟ ਪਹਿਲਾਂ ਹੀ ਮੁਕ ਗਿਆ।

ਹੈਂਡਬਾਲ 'ਚ ਵੀ ਚੀਨ ਜੇਤੂ

ਨਵੀਂ ਦਿੱਲੀ:— ਚੀਨ ਨੇ ਜਪਾਨ 24-19 ਨਾਲ ਹਰਾਕੇ ਹੈਂਡਬਾਲ ਚੈਂਪੀਅਨਸ਼ਿਪ ਜਿਤ ਲਈ।

ਹੈਂਡਬਾਲ ਖੇਡ ਏਸ਼ੀਆਡ ਵਿਚ ਪਹਿਲੀ ਵਾਰ ਦਾਖਲ ਹੋਈ ਸੀ।

ਦੱਖਣੀ ਕੋਰੀਆ ਨੇ ਕੁਵੈਤ 32-22 ਨਾਲ ਹਰਾਕੇ ਏਸ਼ੀਆਡ ਹੈਂਡਬਾਲ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਮਗਾ ਜਿਤਿਆ।

ਕੁਵੈਤੀ ਦੱਖਣੀ ਕੋਰੀਆਈ ਖਿਡਾਰੀਆਂ ਦੇ ਮੁਕਾਬਲੇ ਵਿਚ ਜੰਮ ਨਹੀਂ ਸਕੇ।

ਅੱਧ ਤਕ ਕੋਰੀਆ 16-9 ਨਾਲ ਅੱਗੇ ਸੀ। ਦੱਖਣੀ ਕੋਰੀਆ ਵਲੋਂ ਸੰਯੁਕਤ ਅਰਬ ਅਮੀਰਾਤ ਦੇ ਰੈਫਰੀ ਵਿਰੁਧ ਇਤਰਾਜ਼ ਉਠਾਉਣ ਤੇ ਮੈਚ ਸਵੇਰੇ 9 ਵਜੇ ਤੋਂ 35 ਮਿੰਟ ਬਾਅਦ ਸ਼ੁਰੂ ਹੁਇਆ। ਕੋਰੀਆਈ ਟੀਮ ਨੇ ਕਿਹਾ ਸੀ ਕਿ ਪੱਛਮੀ ਏਸ਼ੀਆਈ ਦੇਸ਼ ਦਾ ਰੈਫਰੀ ਨਹੀਂ ਹੋਣਾ ਚਾਹੀਦਾ।

ਆਖਰ ਉਸਦੀ ਥਾਂ ਜਪਾਨੀ ਰੈਫਰੀ ਨੂੰ ਸਦਿਆ ਗਿਆ ਪਰ ਉਸਦੇ ਨਾ ਪਹੁੰਚਣ ਤੇ ਮੈਚ ਇਕ ਭਾਰਤੀ ਰੈਫਰੀ ਨੇ ਖਿਡਾਇਆ।

ਕ੍ਰਿਸ਼ਨਨ ਨੇ ਹੂਪਰ ਨੂੰ ਹਰਾਇਆ

ਐਂਟਵਰਡ(ਬੈਲਜੀਅਮ):— ਹਿੰਦ ਦੇ ਰਮੇਸ਼ ਕ੍ਰਿਸ਼ਨਨ ਨੇ ਕੌਮਾਂਤਰੀ ਟੈਨਿਸ ਟੂਰਨਾਮੈਂਟ ਦੇ ਪਹਿਲੇ ਗੇੜ ਵਿਚ ਅਮਰੀਕਾ ਦੇ ਹੂਪਰ ਨੂੰ 7-4,6-2 ਨਾਲ ਹਰਾ ਦਿਤਾ।

ਸਵੀਡਨ ਐਂਡਰੀਊ ਜੈਰੀ ਨੇ ਰੋਮਾਨੀਆਂ ਦੇ ਨਾਸਤਸੇ ਨੂੰ 6-3, 6-3 ਨਾਲ ਹਰਾਇਆ।

ਉਲੰਪਿਕ 'ਚ ਏਸ਼ੀਆ ਤੇ ਉਸੇਨੀਆਂ ਤੋਂ ਤਿੰਨ ਫੁਟਬਾਲ ਟੀਮਾਂ ਜਾਣਗੀਆਂ

ਨਵੀਂ ਦਿੱਲੀ :— ਏਸ਼ੀਆ ਤੇ (ਉਸੇਨੀਆਂ) ਸਮੁੰਦਰੀ ਕੰਢੇ ਦੇ ਦੇਸ਼ਾਂ ਦੀਆਂ ਤਿੰਨ ਟੀਮਾਂ ਲਾਸ ਏਂਜਲਸ ਵਿਚ 1984 ਦੀਆਂ ਉਲੰਪਿਕ ਖੇਡਾਂ ਵਿਚ ਹਿਸਾ ਲੈਣਗੀਆਂ, ਇਹ ਗੱਲ ਇਥੇ ਇਕ ਅਧਿਕਾਰੀ ਨੇ ਦੱਸੀ।

ਏਸ਼ੀਅਨ ਫੁਟਬਾਲ ਕਨਫੈਡਰੇਸ਼ਨ ਦੇ ਸਕੱਤਰ ਜਨਰਲ ਸ੍ਰੀ ਪੀਟਰ ਵੇਲਾਪਾਨ ਨੇ ਦਸਿਆ ਕਿ ਏਸ਼ੀਆ ਤੇ ਉਸੇਨੀਆਂ ਦੇਸ਼ਾਂ ਦੀਆਂ 23 ਟੀਮਾਂ ਵਿਚੋਂ ਉਲੰਪਿਕ ਲਈ ਤਿੰਨ ਟੀਮਾਂ ਚੁਣਨ ਵਾਸਤੇ ਤਿੰਨ ਗਰੁਪ ਬਣਾਏ ਜਾਣਗੇ ਤੇ ਹਰ ਗਰੁਪ ਦੀ ਜੇਤੂ ਟੀਮ ਉਲੰਪਿਆਡ ਵਿਚ ਹਿਸਾ ਲੈਣ ਦੇ ਯੋਗ ਹੋਵੇਗੀ।

ਉਹਨਾਂ ਦਸਿਆ ਕਿ ਮੁਢਲੇ ਮੁਕਾਬਲਿਆਂ ਵਿਚ ਈਰਾਨ ਦੀ ਟੀਮ ਸ਼ਾਮਲ ਨਹੀਂ ਕੀਤੀ ਗਈ ਕਿਉਂਕਿ ਉਲੰਪਿਕ ਕਮੇਟੀ ਪਾਸ ਉਹਨਾਂ ਦੀ ਐਂਟਰੀ ਦੇਰ ਨਾਲ ਪੁਜੀ ਹੈ।

ਉਲੰਪਿਕ ਕਮੇਟੀ ਨੇ ਗਰੁਪ ਬਨਾਉਣ ਲਈ ਦਿਸ਼ਾ ਨਿਰਦੇਸ਼ ਨਿਰਧਾਰਤ ਕਰ ਦਿਤੇ ਹਨ। ਜਿਸ ਅਨੁਸਾਰ ਕੁਵੈਤ, ਨਿਊਜੀਲੈਂਡ ਤੇ ਚੀਨ ਦੀਆਂ ਟੀਮਾਂ ਤਿੰਨ ਗਰੁਪਾਂ ਵਿਚ ਚੋਟੀ ਉਤੇ ਰੱਖੀਆਂ ਗਈਆਂ ਹਨ।

ਏਸ਼ੀਅਨ ਫੁਟਬਾਲ ਕਨਫੈਡਰੇਸ਼ਨ ਦੁਆਰਾ ਤਿਆਰ ਕੀਤੀ ਗਈ ਲਿਸਟ ਅਨੁਸਾਰ 23 ਟੀਮਾਂ ਵਿਚ ਭਾਰਤ ਦਾ ਸਤਾਰ੍ਹਵਾਂ ਸਥਾਨ ਹੈ।

ਜਦੋਂ ਪੁਛਿਆ ਗਿਆ ਕਿ ਭਾਰਤ ਨੂੰ ਉਹਨਾਂ ਟੀਮਾਂ ਤੋਂ ਹੇਠਾਂ ਕਿਉਂ ਰੱਖਿਆ ਗਿਆ ਜਦੋਂ ਕਿ ਉਸਨੇ ਇਨ੍ਹਾਂ ਦੇਸ਼ਾਂ ਨੂੰ ਮੁਢਲੇ ਮੁਕਾਬਲਿਆਂ ਵਿਚ ਹਰਾਇਆ ਹੈ, ਤਾਂ ਸ੍ਰੀ ਵੇਲਾਪਾਨ ਨੇ ਜਵਾਬ ਦਿਤਾ ਕਿ ਟੀਮ ਦਾ ਸਥਾਨ ਉਹਨਾਂ ਵਲੋਂ ਕੌਮਾਂਤਰੀ ਟੂਰਨਾਮੈਂਟ ਵਿਚ ਦਿਖਾਈ ਗਈ ਖੇਡ ਦੇ ਆਧਾਰ ਉਤੇ ਰੱਖਿਆ ਗਿਆ ਹੈ।

ਏਸ਼ੀਆਡ ਸਹੂਲਤਾਂ ਉਚ ਕੌਮਾਂਤਰੀ ਪੱਧਰ ਦੀਆਂ—ਸਾਥੀ ਇਬਰਾਗੀਮੋਵ

ਨਵੀਂ ਦਿੱਲੀ :— ਦਿੱਲੀ ਵਿਚ ਨੌਵੀਆਂ ਏਸ਼ੀਆਈ ਖੇਡ ਸਹੂਲਤਾਂ "ਉਚ ਕੌਮਾਂਤਰੀ ਪੱਧਰ" ਦੀਆਂ ਮੁਹੱਈਆ ਕੀਤੀਆਂ ਗਈਆਂ ਹਨ ਜਦ ਕਿ ਇਸਦੀ ਉਸਾਰੀ ਵੀ ਥੋੜੇ ਸਮੇਂ ਵਿਚ ਪੂਰੀ ਹੋਈ।

ਇਹ ਟਿਪਣੀ ਸੋਵੀਅਤ ਕੌਮੀ ਉਲੰਪਿਕ ਕਮੇਟੀ ਦੇ ਵਫਦ ਦੇ ਆਗੂ ਸਾਥੀ ਐਮ. ਇਬ ਰਾਗੀਮੋਵ, ਜੋ ਕਿ ਇਥੇ ਏਸ਼ੀਆਈ ਖੇਡਾਂ ਦੇਖਣ ਲਈ ਆਏ ਹੋਏ ਹਨ, ਨੇ ਇਕ ਮੁਲਾਕਾਤ ਸਮੇਂ ਕੀਤੀ।

ਉਹਨਾਂ ਕਿਹਾ ਕਿ ਇਹ ਬਹੁਤ ਮਹੱਤਵ ਪੂਰਨ ਹੈ ਏਸ਼ੀਆ ਵਿਚ ਹੋ ਰਹੇ ਇਸ ਮਹਾਨ ਖੇਡ ਮੇਲੇ ਵਿਚ ਹਿਸਾ ਲੈਣ ਲਈ 33 ਦੇਸ਼ਾਂ ਤੋਂ ਲਗਪਗ 6ਹਜ਼ਾਰ ਖਿਡਾਰੀ, ਕੋਚ ਅਤੇ ਜੱਜ ਇਥੇ ਪਹਿਲੀ ਵਾਰੀ ਆਏ ਸਨ।

ਚੱਪੂ ਕਿਸ਼ਤੀ ਤੋਂ ਇਲਾਵਾ, ਘੋੜ ਦੌੜ ਇਸਤਰੀਆਂ ਦੀ ਹਾਕੀ ਅਤੇ ਹੈਂਡਬਾਲ ਵੀ ਪਹਿਲੀ ਵਾਰੀ ਏਸ਼ੀਆਈ ਖੇਡਾਂ ਵਿਚ ਸ਼ਾਮਲ ਕੀਤੇ ਗਏ ਸਨ

ਭਾਰਤ ਵਲੋਂ ਜਿਤੇ ਮੈਡਲਾਂ ਦਾ ਵੇਰਵਾ

ਨਵੀਂ ਦਿੱਲੀ, 4 ਦਸੰਬਰ— (ਯੂ. ਐਨ. ਆਈ.) ਨੌਵੀਆਂ ਏਸ਼ਿਆਈ ਖੇਡਾਂ ਵਿਚ ਭਾਰਤ ਨੂੰ ਕੁਲ 57 ਤਮਗੇ ਮਿਲੇ, ਜਦ ਕਿ 1951 ਚ ਹੋਈਆਂ ਆਰੰਭਕ ਖੇਡਾਂ ਵਿਚ ਭਾਰਤ ਨੇ ਅਜ ਤਕ ਸਭ ਤੋਂ ਵਧ 52 ਤਮਗੇ ਜਿਤੇ ਸਨ। ਘੁੜਸਵਾਰੀ ਤੇ ਗੋਲਫ ਵਿਚ ਭਾਰਤ ਦੀ ਸਰਦਾਰੀ ਰਹੀ ਅਤੇ ਕੁਲ 57 ਮੈਡਲਾਂ ਵਿਚੋਂ 21 ਮੈਡਲ ਐਥਲੈਟਿਕਸ ਦੇ ਹਿਸੇ ਆਏ। ਉਂਞ ਘੁੜਸਵਾਰੀ, ਗੋਲਫ ਤੇ ਐਥਲੈਟਿਕਸ, ਜਿਨ੍ਹਾਂ ਨੇ ਭਾਰਤ ਨੂੰ ਮਿਲਣ ਵਾਲੇ 13 ਸੋਨੇ ਦੇ ਤਮਗਿਆਂ ਵਿਚੋਂ 9 ਜਿਤੇ। ਇਹਨਾਂ ਮਗਰੋਂ ਬਾਕਸਿੰਗ ਦਾ ਨੰਬਰ ਰਿਹਾ ਜਿਸ ਦੇ ਹਿਸੇ 1 ਸੋਨੇ, 2 ਚਾਂਦੀ ਤੇ 3 ਕਾਂਸੀ ਦੇ ਮੈਡਲ ਆਏ। ਘੁੜਸਵਾਰੀ ਵਿਚ 3 ਸੋਨੇ, 1 ਚਾਂਦੀ ਤੇ 1 ਕਾਂਸੀ ਦੇ ਤਮਗੇ ਮਿਲੇ ਜਦੋਂ ਕਿ ਬੈਡਮਿੰਟਨ ਵਿਚ ਪੰਜ ਤਮਗੇ ਕਾਂਸੀ ਦੇ ਪ੍ਰਾਪਤ ਹੋਏ। ਹਾਕੀ ਵਿਚ ਮਹਿਲਾ ਹਾਕੀ ਨੇ ਸੋਨੇ ਦਾ ਮੈਡਲ ਜਿਤਿਆ ਜਦ ਕਿ ਪੁਰਸ਼ ਹਾਕੀ ਟੀਮ ਨੂੰ ਪਾਕਿਸਤਾਨ ਹਥੋਂ ਹਾਰ ਖਾਣ ਮਗਰੋਂ ਚਾਂਦੀ ਦੇ ਮੈਡਲ ਨਾਲ ਸਬਰ ਕਰਨਾ ਪਿਆ। ਭਾਰਤ ਵਲੋਂ ਜਿਤੇ ਮੈਡਲਾਂ ਦਾ ਵੇਰਵਾ :

ਖੇਡ ਦਾ ਨਾਂ	ਸੋਨਾ	ਚਾਂਦੀ	ਕਾਂਸੀ	ਕੁਲ
ਐਥਲੈਟਿਕਸ	4	9	8	21
ਬਾਕਸਿੰਗ	1	2	3	6
ਘੋੜਸਵਾਰੀ	3	1	1	5
ਬੈਡਮਿੰਟਨ	–	–	5	5
ਕੁਸ਼ਤੀ	1	1	2	4
ਕਿਸ਼ਤੀ ਚੱਪੂ	1	1	1	3
ਗੋਲਫ	2	1	–	3
ਨਿਸ਼ਾਨੇਬਾਜ਼ੀ	–	2	1	3
ਭਾਰ ਚੁਕਣਾ	–	–	2	2
ਹਾਕੀ ਮਹਿਲਾ	1	–	–	1
ਹਾਕੀ ਪੁਰਸ਼	–	1	–	1
ਟੈਨਿਸ	–	1	–	1
ਵਾਟਰਪੋਲੋ	–	–	1	1
ਕਿਸ਼ਤੀ ਚੱਪੂ	–	–	1	1
ਜੋੜ	13	19	25	57

ਚੀਨੀ ਖਿਡਾਰੀਆਂ ਨੂੰ ਤੋਹਫਾ

ਨਵੀਂ ਦਿਲੀ, 5 ਦਸੰਬਰ (ਪੀ. ਟੀ. ਆਈ)—ਏਸ਼ੀਆਡ ਦੀ ਵਿਸ਼ੇਸ਼ ਜਥੇਬੰਦਕ ਕਮੇਟੀ ਦੇ ਚੇਅਰਮੈਨ ਸ੍ਰੀ ਬੂਟਾ ਸਿੰਘ ਨੇ ਅਜ ਸਾਰੇ 456 ਚੀਨੀ ਖਿਡਾਰੀਆਂ ਨੂੰ ਐਚ. ਐਮ. ਟੀ. ਦੀਆਂ ਘੜੀਆ ਭੇਂਟ ਕੀਤੀਆਂ।

ਇਹ ਤੋਹਫਾ ਉਹਨਾਂ ਦੇ ਚੈਂਪੀਅਨ ਬਣਨ ਵਜੋਂ ਦਿਤਾ ਗਿਆ।

ਸੰਸਾਰ ਮਹਿਲਾ ਹਾਕੀ ਚੈਂਪੀਅਨਸ਼ਿਪ ਭਾਰਤੀ ਟੀਮ ਚੈਂਪੀਅਨ ਹਾਲੈਂਡ ਵਾਲੇ ਪੂਲ 'ਚ

ਨਵੀਂ ਦਿੱਲੀ, 5 ਦਸੰਬਰ (ਪੀ. ਟੀ. ਆਈ.)—ਕੁਆਲਾਲੰਪੁਰ 'ਚ ਅਗਲੇ ਸਾਲ 9 ਤੋਂ 23 ਅਪਰੈਲ ਤਕ ਹੋਣ ਵਾਲੀ ਮਹਿਲਾ ਸੰਸਾਰ ਕੱਪ ਹਾਕੀ ਚੈਂਪੀਅਨਸ਼ਿਪ ਵਿਚ ਹਿੰਦ ਨੂੰ ਚੈਂਪੀਅਨ ਹਾਲੈਂਡ ਵਾਲੇ ਪੂਲ 'ਏ' ਵਿਚ ਰਖਿਆ ਗਿਆ ਹੈ।

ਇਸ ਪੂਲ ਵਿਚ ਦੂਜੀਆਂ ਟੀਮਾਂ ਆਸਟਰੇਲੀਆ, ਸਕਾਟਲੈਂਡ, ਅਮਰੀਕਾ ਤੇ ਵੇਲਜ਼ ਦੀਆਂ ਹੋਣਗੀਆਂ।

ਪੂਲ 'ਬੀ' 'ਚ ਅਰਜਨਟਾਈਨਾ, ਕੈਨੇਡਾ, ਇੰਗਲੈਂਡ, ਪੱਛਮੀ ਜਰਮਨੀ, ਨਿਊਜ਼ੀਲੈਂਡ ਤੇ ਸੋਵੀਅਤ ਯੂਨੀਅਨ ਦੀਆਂ ਟੀਮਾਂ ਹੋਣਗੀਆਂ।

ਭਾਰਤੀ ਟੀਮ ਚੈਂਪੀਅਨਸ਼ਿਪ ਤੋਂ ਪਹਿਲਾਂ ਦੋ ਕੋਚਿੰਗ ਕੈਂਪ ਲਾਏਗੀ।

ਏਸ਼ਿਆਡ ਮਿਸ਼ਾਲ'ਤੇ 12 ਕਰੋੜ ਖਰਚ

ਨਵੀਂ ਦਿੱਲੀ, 3 ਦਸੰਬਰ (ਯੂ. ਐਨ. ਆਈ.) - ਇਥੇ ਨਹਿਰੂ ਸਟੇਡੀਅਮ ਵਿਚ ਜੋ ਏਸ਼ਿਆਡ ਮਿਸ਼ਾਲ ਜਗਾਈ ਗਈ ਹੈ, ਇਹ ਇਕ ਘੰਟੇ ਵਿਚ 3 ਲੱਖ ਰੁਪਏ ਦੀ ਅਰਥਾਤ 240 ਕਿਲੋ ਗੈਸ "ਖਾਂਦੀ" ਹੈ।

ਇੰਡੀਅਨ ਆਇਲ ਕਾਰਪੋਰੇਸ਼ਨ ਅਨੁਸਾਰ ਇਸ ਮਿਸ਼ਾਲ ਉਪਰ ਕੁਲ 12 ਕਰੋੜ ਰੁਪਏ ਦੇ ਮੁੱਲ ਦੀ ਗੈਸ ਜਲੀ ਹੈ। ਮਿਸ਼ਾਲ 19 ਨਵੰਬਰ ਨੂੰ ਜਲਾਈ ਗਈ ਸੀ ਅਤੇ ਕਲ੍ਹ ਸ਼ਾਮੀਂ ਬੁਝਾਈ ਜਾਵੇਗੀ।

ਕਾਰਪੋਰੇਸ਼ਨ ਵਲੋਂ ਇਹ ਗੈਸ ਮੁਫਤ ਸਪਲਾਈ ਕੀਤੀ ਗਈ ਹੈ।

"ਉਹਦਾ ਨਾਂ ਨਹੀਂ ਦਸਣਾ"

ਨਵੀਂ ਦਿੱਲੀ, 2 ਦਸੰਬਰ (ਪੀ. ਟੀ. ਆਈ.)—ਭਾਰਤ ਦੀ ਤੇਜ਼ ਦੌੜਾਕ ਰਾਣੀ ਗੀਤਾ ਜ਼ੁਤਸ਼ੀ, ਜਿਸ ਨੇ 800 ਮੀਟਰ ਅਤੇ 1500 ਮੀਟਰ ਦੀ ਦੌੜ ਵਿਚ 2 ਚਾਂਦੀ ਦੇ ਤਮਗੇ ਹਾਸਲ ਕੀਤੇ ਹਨ ਹੁਣ ਅਥਲੈਟਿਕਸ ਵਿਚੋਂ ਸੰਨਿਆਸ ਲੈਣਾ ਚਾਹੁੰਦੀ ਹੈ।

ਗੀਤਾ ਜ਼ੁਤਸ਼ੀ, ਜੋ 28 ਦਸੰਬਰ ਵਾਲੇ ਦਿਨ 25 ਸਾਲਾਂ ਦੀ ਹੋ ਜਾਵੇਗੀ ਨੇ ਇਕ ਮੁਲਾਕਾਤ ਵਿਚ ਦਸਿਆ ਕਿ ਉਹ ਆਪਣੀ ਮਾਂ ਦੀਆਂ ਇਛਾਵਾਂ ਅਨੁਸਾਰ ਛੇਤੀ ਹੀ ਵਿਆਹ ਕਰਾ ਰਹੀ ਹੈ ਅਤੇ ਛੇਤੀ ਹੀ ਇਕ ਚੰਗੀ ਘਰੇਲੂ ਪਤਨੀ ਬਣ ਜਾਵੇਗੀ। ਗੀਤਾ ਜ਼ੁਤਸ਼ੀ ਜਿਸ ਨਾਲ ਵਿਆਹ ਕਰਾ ਰਹੀ ਹੈ ਉਹ ਖੁਸ਼ਨਸੀਬ ਇਕ ਆਈ. ਏ. ਐਸ. ਅਫਸਰ ਹੈ ਪਰ ਉਸ ਨੇ ਉਸ ਦਾ ਨਾਂਅ ਦਸਣ ਤੋਂ ਨਾਂਹ ਕੀਤੀ ਹੈ।

ਗੀਤਾ ਜ਼ੁਤਸ਼ੀ ਨੇ ਕਿਹਾ ਹੈ ਕਿ ਉਹ ਲਗਭਗ 12 ਸਾਲਾਂ ਤੋਂ ਚੋਟੀ ਤੇ ਰਹਿਣ ਦਾ ਹੀ ਯਤਨ ਕਰਦੀ ਆ ਰਹੀ ਪਰ ਹੁਣ ਉਹ ਸੋਚਦੀ ਹੈ ਕਿ ਇਹ ਹੀ ਇਕ ਚੰਗਾ ਸਮਾਂ ਹੈ ਕਿ ਉਹ ਅਥਲੈਟਿਕਸ ਤੋਂ ਸੰਨਿਆਸ ਲੈ ਕੇ ਵਿਆਹ ਕਰ ਲਵੇ।

TICKETS TO ANYWHERE

GABA TEAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਂਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆਂ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

PHONE: 324-3336

6612, MAIN ST.

VANCOUVER, B. C.

MANOHAR LAL GABA

Get help in India at

NUR MAHAL PH. 49

JALLANDHAR PH. 74597

NEW DELHI PH. 44165

JANDIALA

UPPAL

PHOTO STUDIO

Gurdev Singh Uppal 327-2405

Serving with 30 years experience in line

□Family Portraits, Weddings Groups

□Specialists in Family Groups

□5 Minutes Passport Service

gurdev Singh Uppal

Ph.(604)874-6711

4442 Main St.(at 29th.Ave.)VANCOUVER

AMBIKA'S

Christmas Specials

LOTTO 649

For your 649 LOTTO CENTRE

You might be the next millionaire - meanwhile SAVE - SAVE shopping at:

SHOP & SAVE HERE AND WIN A MILLION AT OUR NEW LOTTO CENTRE ....

PUNJABI TINDA ਪੰਜਾਬੀ ਟਿੰਡਾ .99¢	**GOAT MEAT** ਬੱਕਰੇ ਦਾ ਮੀਟ 2.89 Lb.	**PARBOIL RICE** 10 Kgs. 11.99 ਪੈਰਬੌਆਇਲ ਚੌਲ	**CHICKEN LEGS** ਮੁਰਗੇ ਦੀਆਂ ਲੱਤਾਂ 1.39 Lb.
VEGITABLE OIL ਵੈਜ਼ੀਟੇਬਲ ਤੇਲ 3 Litre 2.99	**ALMONDS** ਬਦਾਮ 3Lbs. 5.99	**PISTA** ਪਿਸਤਾ 6.99 Lb.	**FRESH SHRIMP** ਤਾਜਾ ਸ਼ਰਿੰਪ 1.99 Lb.
LONG GRAIN RICE ਲੌਂਗ ਗਰੇਨ ਚੌਲ 20 Kgs. $13.99	**GARLIC** ਲਸਣ .69¢ Lb.	**SUNFLOWER** 3 Litre 4.29 ਸੁਰਜਮੁਖੀ	**LAMB CHOP** ਲੈਂਬ ਚੌਪ 1.79 Lb.
HALDI POWDER ਹਲਦੀ .99¢ Lb.	**ONIONS** ਗੰਢੇ 50 Lb. $3.99	**MANH** ਮਾਂਹ .39¢ Lb.	**CHICK PEAS** ਕਾਬਲੀ ਛੋਲੇ .67¢ each can
GREEN LENTILS MASSAUR ਗਰੀਨ ਲੈਂਟਲਿਸ ਮਸਰ .39¢ Lb.	**MOONG** ਮੂੰਗੀ .39 ¢ Lb.	**CASHEW GRADE A** ਕੈਸ਼ਿਊ 3.99 Lb.	**15% OFF ON UTENCILS FROM FIJI & INDIA**
LONG GRAIN RICE ਲੌਂਗ ਗਰੇਨ ਰਾਈਸ 10 Kg. 6.99	**GINGER** ਅਦਰਕ .89¢ Lb.	**SPLIT PEAS** ਦਲਵੇਂ ਛੋਲੇ .29¢ Lb.	ਸੇਲ ਦਸੰਬਰ ਦੇ ਅਖੀਰ ਤਕ

NOW AVAILABLE:

CHAWAN PRASH ਚਵਨ ਪਰਾਸ਼
SALGAM PICKLE ਸ਼ਲਗਮ ਦਾ ਅਚਾਰ
KARELA PICKLE ਕਰੇਲੇ ਦਾ ਅਚਾਰ
CARROT PICKLE ਗਾਜਰਾਂ ਦਾ ਅਚਾਰ
SITOPLAD CHURAN ਸੀਤੋ ਪਲਾਦ ਚੂਰਨ
CORN ROTI ਮੱਕੀ ਦੀ ਰੋਟੀ
KULCHA ਕੁਲਚਾ
TANDOORI ROTI ਤੰਦੂਰੀ ਰੋਟੀ

TAWASIR (ਤਵਾਸੀਰ)
AJWAIN extract(Sat) (ਅਜਵੈਣ ਦਾ ਸਤ)
GUGGAL(Maha Jogroy) ਗੁਗਲ
GARLIC PEARL(Daubar) ਲਸਣ ਦਾ ਸਤ
CLOVE OIL (ਲੌਗਾਂ ਦਾ ਤੇਲ)
CINEMON OIL (ਦਾਲਚੀਨੀ ਦਾ ਤੇਲ)
PUDINA SAT ਪਦੀਨੇ ਦਾ ਸਤ

Large varieties of fresh vegetables/fruits from Fiji

"SEEING IS BELIEVING"

ALL UNDER ONE ROOF

GROCERIES, RECORDS, VIDEOS, TROPICAL PRODUCE FROM FIJI, CASSETTES, UTENSILS PLUS 1001 ITEMS

FIJI MEATS LTD.

5125 Victoria Drive Vancouver, B.C.
PHONE: 327-0295

ਰੋਹਿਣੀ ਹਟੰਗੜੀ

ਅੰਗਰੇਜ਼ ਗਾਂਧੀ ਦੀ ਮਰਾਠੀ ਕਸਤੂਰਬਾ

ਰਿਚਾਰਡ ਐਟਨਬਰੋ ਦੀ ਦੇਸ਼-ਵਿਦੇਸ਼ ਵਿਚ ਬਹੁ-ਚਰਚਿਤ ਫਿਲਮ 'ਗਾਂਧੀ' ਛੇਤੀ ਹੀ ਦਿਖਾਈ ਜਾ ਰਹੀ ਹੈ। ਇਹ ਫਿਲਮ ਆਪਣੇ ਪ੍ਰਦਰਸ਼ਨ ਤੋਂ ਪਹਿਲਾਂ ਹੀ ਵਿਵਾਦ ਦਾ ਵਿਸ਼ਾ ਬਣ ਚੁਕੀ ਹੈ। ਦੇਸ਼ ਵਿਦੇਸ਼ ਦੇ ਮੰਤਰੀਆਂ ਨੇ ਪ੍ਰਸ਼ੰਸਾ ਕਰਦੇ ਹੋਏ ਉਸ ਨੂੰ ਸਰੇਸ਼ਟ ਫਿਲਮ ਐਲਾਨਿਆ ਹੈ। ਇਸ ਫਿਲਮ ਦੇ ਨਿਰਮਾਤਾ, ਨਿਰਦੇਸ਼ਕ ਅਤੇ ਨਾਇਕ ਵਿਦੇਸ਼ੀ ਹਨ ਜਦ ਕਿ ਫਿਲਮ ਦਾ ਵਿਸ਼ਾ ਹਿੰਦੁਸਤਾਨ ਨਾਲ ਜੁੜਿਆ ਹੋਇਆ ਹੈ ਅਤੇ ਨਾਇਕਾ ਅਤੇ ਹੋਰ ਮੁਖ ਪਾਤਰ ਵੀ ਹਿੰਦੁਸਤਾਨੀ ਹੀ ਹਨ। ਇਸੇ 'ਗਾਂਧੀ' ਫਿਲਮ ਵਿਚ ਰੋਹਿਣੀ ਹਟੰਗੜੀ ਨੇ 'ਕਸਤੂਰਬਾ' ਦੀ ਭੂਮਿਕਾ ਨਿਭਾਈ ਹੈ।

ਮਰਾਠੀ ਤੋਂ ਹਿੰਦੀ ਤਕ

ਮਰਾਠੀ ਮੀਡੀਅਮ ਵਿਚ ਸਾਇੰਸ ਵਿਚ ਸਨਾਤਕਪੂਨੇ ਦੇ ਸਦਾਸ਼ਿਵ ਪੇਠ ਦੀ ਠੇਠ ਮਰਾਠੀ ਲੜਕੀ ਰੋਹਿਣੀ, ਓਕ ਮਰਾਠੀ ਅਤੇ ਹਿੰਦੀ ਦੇ ਰੰਗਮੰਚ ਦੀ ਮੰਨੀ-ਪ੍ਰਮੰਨੀ ਕਲਾਕਾਰ ਰਹਿ ਚੁਕੀ ਹੈ। 1974 ਵਿਚ 'ਆਵਿਸ਼ਕਾਰ' ਸੰਸਥਾ ਰਾਹੀਂ ਮੰਚਿਤ ਨਾਟਕ 'ਚਾਂਗੁਣਾ' ਵਿਚ ਪ੍ਰਮੁੱਖ ਭੂਮਿਕਾ ਨਿਭਾ ਕੇ ਰੋਹਿਣੀ ਨੇ ਚਾਰ ਪੁਰਸਕਾਰ ਜਿਤੇ। ਇਸੇ ਦੌਰਾਨ ਮਰਾਠੀ ਅਤੇ ਹਿੰਦੀ ਰੰਗਮੰਚ ਦੇ ਮਾਹਿਰ ਨਿਰਦੇਸ਼ਕ ਜਯਦੇਵ ਹਟੰਗੜੀ ਨਾਲ ਉਸ ਦਾ ਵਿਆਹ ਹੋ ਗਿਆ ਅਤੇ ਉਹ ਰੋਹਿਣੀ ਓਕ ਤੋਂ ਬਣ ਗਈ ਰੋਹਿਣੀ ਹਟੰਗੜੀ।

ਰੋਹਿਣੀ ਨੇ 'ਕਸਤੂਰੀ ਮ੍ਰਿਗ', 'ਮੀ ਏਕ ਮੁਖ ਮੰਤਰੀ', 'ਜਿਥੇਂ ਫੁਲੰ ਉਮਲਤਾਤ', 'ਲਫੜਾ ਸਦਨ', 'ਮਾਰਲੀ ਲਾਈਨ ਤਰ ਤਬੀਅਤ ਫਾਈਨ', 'ਰੁਥ ਚੱਕਰ', 'ਰਿਤੂ ਗੰਧ' ਆਦਿ ਮਰਾਠੀ ਨਾਟਕਾਂ ਵਿਚ ਚੰਗੀ ਅਦਾਕਾਰੀ ਕੀਤੀ। ਏਨਾ ਹੀ ਨਹੀਂ 'ਮਜਮਾ' ਸੰਸਥਾ ਵਲੋਂ ਖੇਡੇ ਗਏ ਹਿੰਦੀ ਨਾਟਕਾਂ 'ਗ੍ਰੇਟ ਗ੍ਰਾਉਂਡ ਬਾਊਨ', ਗਿੱਦ', 'ਬਿਛੂ' ਆਦਿ ਵਿਚ ਵੀ ਆਪਣੀਆਂ ਭੂਮਿਕਾਵਾਂ ਸਫਲਤਾਪੂਰਵਕ ਨਿਭਾਈਆਂ। ਪ੍ਰਸਿਧ ਸੰਸਥਾ 'ਇਪਟਾ' ਦੇ ਹੋਰੀ ਵਿਚ ਵੀ ਰੋਹਿਣੀ ਦੀ ਭੂਮਿਕਾ ਨੂੰ ਦਰਸ਼ਕਾਂ ਨੇ ਖੂਬ ਸਰਾਹਿਆ।

ਕਸਤੂਰਬਾ ਕਿਵੇਂ ਬਣੀ ?

ਜੁਰਟ ਜੀਨਸ ਪੈਂਟ ਪਾਈ ਗੋਰੀ-ਚਿਟੀ ਰੋਹਿਣੀ ਹਟੰਗੜੀ ਤੋਂ ਜਦ ਪੁਛਿਆ ਕਿ ਉਹ ਕਸਤੂਰਬਾ ਕਿਵੇਂ ਬਣੀਂ, ਤਾਂ ਪਹਿਲਾਂ ਤਾਂ ਉਹ ਹਸ ਪਈ ਫਿਰ ਦਸਿਆ—'12 ਜੁਲਾਈ 1980 ਦੀ ਗੱਲ ਹੈ, ਡਾਲੀ ਨੇ ਫੋਨ ਤੇ ਮੈਨੂੰ ਦਸਿਆ, ਰਿਚਰਡ ਐਟਨਬਰੋ ਆਪਣੀ ਫਿਲਮ 'ਗਾਂਧੀ' ਵਿਚ 'ਬਾ' ਦੀ ਭੂਮਿਕਾ ਲਈ ਕੁਝ ਲੜਕੀਆਂ ਦਾ ਟੈਸਟ ਲੈ ਰਹੇ ਹਨ। ਤੂੰ ਵੀ ਆਪਣੀਆਂ ਤਸਵੀਰਾਂ ਲੈਕੇ ਪਹੁੰਚ ਜਾ। ਟੈਸਟ ਦੇਣ ਵਿਚ ਕੀ ਹਰਜ ਹੈ? ਇਸ ਗੱਲ ਤੋਂ ਅੱਠ-ਨੌਂ ਸਾਲ ਪਹਿਲਾਂ ਹੀ ਮੈਂ ਸੁਣਿਆ ਸੀ ਕਿ ਕੋਈ ਵਿਦੇਸ਼ੀ ਨਿਰਦੇਸ਼ਕ 'ਰਿਚਰਡ ਐਟਨਬਰੋ' ਮਹਾਤਮਾ ਗਾਂਧੀ ਤੇ ਫਿਲਮ ਬਣਾਉਣ ਦੀ ਸੋਚ ਰਹੇ ਹਨ।

? ਤਾਂ ਫਿਰ ਤੁਸੀਂ ਫੋਟੋਆਂ ਲੈ ਕੇ ਉਥੇ ਗਏ ?

—ਮੇਰੇ ਕੋਲ ਮੇਰੀਆਂ ਫੋਟੋਆਂ ਹੀ ਨਹੀਂ ਸਨ। ਵਿਆਹ ਦੇ ਸਮੇਂ ਦੀਆਂ ਕੁਝ ਤਸਵੀਰਾਂ ਜ਼ਰੂਰ ਸਨ। ਮੈਂ ਉਨ੍ਹਾਂ ਤਸਵੀਰਾਂ ਨੂੰ ਲੈ ਗਈ।'

? ਸ਼ਾਦੀ ਦੀਆਂ ਫੋਟੋਆਂ ?

—ਤੇ ਫਿਰ ਹੋਰ ਕੀ ਕਰਦੀ ? ਫਿਰ ਮੈਂ ਸੀ ਪੂਨੇ ਦੇ ਸਦਾਸ਼ਿਵ ਪੇਠ ਦੀ ਠੇਠ ਮਰਾਠੀ ਲੜਕੀ। ਮੈਂ ਸੋਚਿਆ ਵੀ ਨਹੀਂ ਸੀ ਕਿ ਏਨੀ ਵਡੀ ਵਿਸ਼ਵ-ਵਿਆਪੀ ਅੰਗਰੇਜ਼ੀ ਫਿਲਮ ਵਿਚ ਕੰਮ ਕਰਨ ਲਈ ਮੈਨੂੰ ਚੁਣ ਲਿਆ ਜਾਏਗਾ। ਮੈਂ ਤਾਂ ਕੇਵਲ ਅਨੁਭਵ ਲਈ ਟੈਸਟ ਦੇਣ ਚਲੀ ਗਈ ਸਾਂ, ਨਾਲ ਇਹ ਇਛਾ ਵੀ ਸੀ ਕਿ ਏਨੇ ਵਡੇ ਨਿਰਦੇਸ਼ਕ ਨੂੰ ਟੈਸਟ ਦੇ ਬਹਾਨੇ ਨੇੜਿਉਂ ਦੇਖ ਸਕਾਂਗੀ।

? ਫਿਰ ?

—ਫਿਰ ਕੀ ? ਫਿਰ ਤਾਂ ਨਾਪ-ਤੋਲ ਲਈ ਬਾਜ਼ਾਰ ਤੋਂ ਇੰਚੀ-ਟੇਪ ਵੀ ਮੈਂ ਹੀ ਖਰੀਦਿਆ, ਮੇਰੀ ਲੰਬਾਈ ਆਮ ਸੀ। ਨਾਪਤੋਲ ਕਵਿਤਾ ਚੌਧਰੀ ਅਤੇ ਕੁਝ ਹੋਰ ਲੜਕੀਆਂ ਨੇ ਕੀਤੀ। ਰਿਚਰਡ ਸਾਹਿਬ ਨਾਲ ਤਕਰੀਬਨ ਇਕ ਘੰਟੇ ਤਕ ਮੇਰੀ ਗੱਲਬਾਤ ਹੋਈ। ਉਨ੍ਹਾਂ ਗੱਲਾਂ-ਗੱਲਾਂ ਵਿਚ ਮੇਰੇ ਬਾਰੇ ਕਾਫੀ ਜਾਣਕਾਰੀ ਲੈ ਲਈ।

? ਤੁਹਾਡੀ ਚੋਣ ਕਦੋਂ ਤੇ ਕਿਥੇ ਹੋਈ?

—14 ਜੁਲਾਈ ਨੂੰ ਅਰਥਾਤ ਠੀਕ ਤੀਸਰੇ ਹੀ ਦਿਨ ਡਾਲੀ ਦਾ ਫੋਨ ਆਇਆ। ਡਾਲੀ ਨੇ ਵਧਾਈ ਦਿੰਦੇ ਹੋਏ ਕਿਹਾ, 'ਰੋਹਿਣੀ ਤੈਨੂੰ ਸਕਰੀਨ ਟੈਸਟ ਲਈ ਲੰਦਨ ਜਾਣਾ ਹੋਵੇਗਾ।' ਖੁਸ਼ੀ ਨਾਲ ਮੈਂ ਇਕ ਸ਼ਬਦ ਵੀ ਨਾ ਬੋਲ ਸਕੀ। ਫਿਰ ਜਯਾਦੇਵ ਨੇ ਹੀ ਫੋਨ ਤੇ ਗੱਲ ਕੀਤੀ। 20 ਜੁਲਾਈ ਨੂੰ ਲੰਦਨ ਜਾਣਾ ਸੀ, ਛੇ ਦਿਨਾਂ ਵਿਚ ਹੀ ਸਾਰੀ ਤਿਆਰੀ ਕਰਨੀ ਸੀ, ਵਿਸ਼ੇਸ਼ ਕਰਕੇ ਸਾਰੀ ਮਾਨਸਿਕ ਤਿਆਰੀ। ਇਹ ਸਭ ਕੁਝ ਫਟਾ-ਫਟ ਹੀ ਹੋਇਆ। ਸੋਚਣ ਸਮਝਣ ਦਾ ਵੀ ਸਮਾਂ ਨਹੀਂ ਸੀ। ਸਭ ਤੋਂ ਵਡੀ ਮੁਸੀਬਤ ਤਾਂ ਇਹ ਸੀ ਕਿ ਮੈਨੂੰ ਇਸ ਲੰਦਨ ਯਾਤਰਾ ਤੇ ਇਕਲਿਆਂ ਹੀ ਜਾਣਾ ਪੈਣਾ ਸੀ। ਮੈਂ ਮਰਾਠੀ ਮੀਡੀਅਮ ਨਾਲ ਪੜ੍ਹਾਈ ਕੀਤੀ ਸੀ ਇਸ ਲਈ ਅੰਗਰੇਜ਼ੀ ਜ਼ਿਆਦਾ ਨਹੀਂ ਜਾਣਦੀ ਸਾਂ।

? ਫਿਰ ਅੰਗਰੇਜ਼ੀ ਦਾ ਕੀ ਹੋਇਆ ?

—ਇਹੀ ਗੱਲ ਤਾਂ ਮੈਂ ਕਹਿਣ ਲਗੀ ਸਾਂ ਕਿ ਮੈਂ ਸਾਂ ਠੇਠ ਮਰਾਠੀ ਕੁੜੀ, ਪੜ੍ਹਾਈ ਵੀ ਮਰਾਠੀ ਵਿਚ ਪ੍ਰਾਪਤ ਕੀਤੀ, ਵੈਸੇ ਤਾਂ ਅੰਗਰੇਜ਼ੀ ਦਾ ਗਿਆਨ ਮੈਨੂੰ ਸੀ ਪਰ ਏਨਾ ਨਹੀਂ ਕਿ ਕਿਸੇ ਅੰਗਰੇਜ਼ੀ ਫਿਲਮ ਵਿਚ ਮੁਖ ਭੂਮਿਕਾ ਕਰ ਸਕਾਂ। ਸ਼ੁਰੂ ਸ਼ੁਰੂ ਵਿਚ ਵਿਆਕਰਣ ਦੀਆਂ ਗਲਤੀਆਂ ਬਹੁਤ ਹੁੰਦੀਆਂ ਸਨ, ਪਰ ਬਿਨਾ ਰੋਕ ਅੰਗਰੇਜ਼ੀ ਨਹੀਂ ਬੋਲ ਸਕਦੀ ਸਾਂ ਤੇ ਮੇਰਾ ਅੰਗਰੇਜ਼ੀ ਉਚਾਰਣ ਵੀ ਠੀਕ ਨਹੀਂ ਸੀ। ਯਾਨੀ ਕੁਲ ਮਿਲਾਕੇ ਮੇਰੀ ਅੰਗਰੇਜ਼ੀ ਦੋਸ਼-ਪੂਰਣ ਸੀ।

? ਫਿਰ ਫਿਲਮ ਵਿਚ ਤੁਸੀਂ ਆਪਣੇ ਸੰਵਾਦ ਬੋਲੇ ਹਨ ਜਾਂ ਨਹੀਂ ?

—ਇਸ ਪਿਛੋਂ ਲੰਦਨ ਤੋਂ ਆਕੇ ਮੈਨੂੰ ਆਪਣਾ ਵਿਅਕਤੀਤਵ ਬਦਲਣਾ ਪਿਆ। ਦਿੱਲੀ ਦੇ ਅਸ਼ੋਕਾ ਹੋਟਲ ਵਿਚ 1 ਨਵੰਬਰ ਤੋਂ ਮੇਰੀ ਟਰੇਨਿੰਗ ਸ਼ੁਰੂ ਹੋਈ। ਸ਼ੁਧ ਉਚਾਰਣ, ਸ਼ਬਦਾਂ ਦੀ ਪਛਾਣ ਅਤੇ ਠੀਕ ਬੋਲਣਾ, ਇਹ ਸਾਰੀ ਸਿਖਲਾਈ ਮੈਂ ਕੁਮੁਦ ਹੈਦਰ ਤੋਂ ਪ੍ਰਾਪਤ ਕੀਤੀ। ਹੋਰ ਮਜ਼ੇ ਦੀ ਗੱਲ ਇਹ ਕਿ ਮੈਨੂੰ ਆਪਣਾ ਭਾਰ ਘਟੋ ਘਟ 20 ਪੌਂਡ ਘਟ ਕਰਨਾ ਪੈਣਾ ਸੀ। ਡਾਈਟਿੰਗ ਤੇ ਮੈਨੂੰ ਡੇਢ-ਦੋ ਹਜ਼ਾਰ ਰੁਪੈ ਖਰਚ ਕਰਨੇ ਪਏ। ਇਹ ਸਾਰਾ ਖਰਚ ਬੈਨਰ ਵਲੋਂ ਹੋਇਆ। ਜਦ ਰਿਚਰਡ ਸਾਹਿਬ ਅਗਸਤ ਵਿਚ ਦਿੱਲੀ ਆਏ ਤਾਂ ਮੈਨੂੰ ਦੇਖ ਕੇ ਬੋਲੇ, 'ਹੁਣ ਤੂੰ ਕਿੰਨੀ ਚੰਗੀ ਰਹੀ ਹੈਂ', ਇਕ ਦਮ ਯੰਗ'।

? ਲੰਦਨ ਵਿਚ ਸਕਰੀਨ ਟੈਸਟ ਦੌਰਾਨ ਤੁਹਾਡੇ ਨਾਲ ਹੋਰ ਕੌਣ ਸਨ ?

—ਭਗਤਿ ਬਰਵੇ ਅਤੇ ਸਮਿਤਾ ਪਾਟਿਲ ਪਰ ਸਾਰਿਆਂ ਦੇ ਸਕਰੀਨ ਟੈਸਟ ਅਲੱਗ-ਅਲੱਗ ਹੋਏ।

ਬੇਨ ਕਿੰਗਸਲੇ ਤੇ ਰੋਹਿਣੀ ਫਿਲਮ 'ਗਾਂਧੀ' ਵਿਚ

? ਇਹ ਟੈਸਟ ਕਿਥੇ ਹੋਇਆ ?

—ਗਾਂਧੀ ਜੀ ਕੀ ਭੂਮਿਕਾ ਅਦਾ ਕਰਨ ਵਾਲੇ ਬੇਨ ਕਿੰਗਸਲੇ ਦੇ ਨਾਲ ਲੰਦਨ ਤੋਂ ਚਾਲੀ ਮੀਲ ਦੂਰ 'ਸ਼ੇਪਰਟਨ ਸਟੂਡੀਉ' ਵਿਚ ਹੋਇਆ। ਮੈਂ ਕਿੰਗਸਲੇ ਤੋਂ ਬਿਲਕੁਲ ਜਾਣੂ ਨਾ ਸਾਂ ਪਰ ਮੈਂ ਉਸ ਨਾਲ ਮੁਖ ਭੂਮਿਕਾ ਨਿਭਾਉਣੀ ਸੀ। ਮੈਂ ਡਰ ਰਹੀ ਸੀ। ਮੈਂ ਡਰ ਰਹੀ ਸਾਂ ਕਿ ਨਵੇਂ ਨਵੇਂ ਕਲਾਕਾਰ ਨੂੰ ਪਤਾ ਨਹੀਂ ਇਹ ਲੋਕ ਸਹਿਯੋਗ ਦੇਣ ਪਰ ਮੇਰਾ ਡਰ ਨਿਰਮੂਲ ਸੀ। ਕਿੰਗਸਲੇ ਬਹੁਤ ਵਡੇ ਅਭਿਨੇਤਾ ਹਨ ਤੇ ਥੀਏਟਰ ਵਿਚ ਵੀ ਕੰਮ ਕਰਦੇ ਹਨ। ਉਨ੍ਹਾਂ ਨੇ ਮੈਨੂੰ ਸਹਿਯੋਗ ਦਿਤਾ, ਚੰਗਾ ਵਰਤਾਉ ਕੀਤਾ ਤੇ ਸ਼ਾਟ ਦੀ ਰੀਹਰਸਲ ਦੌਰਾਨ ਉਹ ਮੇਰੇ ਕੋਲੋਂ ਪੁਛਦੇ ਸਨ—'ਕਿਉਂ ਕਿਸਤਰ੍ਹਾਂ ਰਿਹਾ ?'

ਰੋਹਿਣੀ ਦਾ ਕਹਿਣਾ ਹੈ ਕਿ ਭੂਮਿਕਾ ਦਾ ਨਿਰਬਾਹ ਕਰਨ ਤੋਂ ਪਹਿਲਾਂ ਸਾਨੂੰ ਉਸ ਨੂੰ ਠੀਕ ਤਰ੍ਹਾਂ ਨਾਲ ਸਮਝਣਾ ਚਾਹੀਦਾ ਹੈ। ਰੋਹਿਣੀ ਨੇ ਕਸਤੂਰਬਾ ਦੀ ਭੂਮਿਕਾ ਕਰਨ ਤੋਂ ਪਹਿਲਾਂ ਗਾਂਧੀ ਜੀ ਤੇ ਲਿਖੀਆਂ ਕਈ ਪੁਸਤਕਾਂ ਵੀ ਪੜ੍ਹੀਆਂ ਪਰ ਕਸਤੂਰਬਾ ਬਾਰੇ ਬਹੁਤ ਘਟ ਸਾਮਗਰੀ ਪੜ੍ਹਨ ਨੂੰ ਮਿਲੀ। ਅਧਿਅਨ ਲਈ ਉਹਨਾਂ ਨੂੰ ਸਾਬਰਮਤੀ ਆਸ਼ਰਮ ਅਤੇ ਪੋਰਬੰਦਰ ਆਦਿ ਮਹੱਤਵਪੂਰਨ ਥਾਵਾਂ ਤੇ ਵੀ ਜਾਣਾ ਪਿਆ। ਰੋਹਿਣੀ ਨੇ ਉਥੇ ਦੇ ਆਪਣੇ ਅਨੁਭਵ ਦਸਦੇ ਹੋਏ ਕਿਹਾ, 'ਸਾਬਰਮਤੀ ਦੇ ਆਸ਼ਰਮ ਵਾਸੀਆਂ ਨੇ ਸਾਨੂੰ ਪੂਰਾ-ਪੂਰਾ ਸਹਿਯੋਗ ਦਿਤਾ। ਮੁਸ਼ਰੀ-ਮੀਰਾ ਬੇਨ, ਜੋ ਕਸਤੂਰਬਾ ਅਤੇ ਬਾਪੂ ਦੇ ਨਾਲ ਬਹੁਤ ਦਿਨਾਂ ਤਕ ਰਹੀ ਸੀ। ਉਨ੍ਹਾਂ ਨੇ ਕਸਤੂਰਬਾ ਅਤੇ ਗਾਂਧੀ ਦੀ ਚਾਲ-ਢਾਲ, ਸੁਭਾਅ ਆਦਿ ਦੇ ਸੰਦਰਭ ਵਿਚ ਕਈ ਖਾਸ ਗੱਲਾਂ ਦਸੀਆਂ। ਆਸ਼ਰਮ ਦੇ ਸਾਰੇ ਲੋਕ ਉਤਸ਼ਾਹਿਤ ਅਤੇ ਉਤਾਵਲੇ ਸਨ, ਬਾਪੂ ਦੀਆਂ ਗੱਲਾਂ ਦਸਣ ਲਈ।

? ਗਾਂਧੀ ਫਿਲਮ ਦੀ ਆਲੋਚਨਾ ਬੜੇ ਜ਼ੋਰ-ਸ਼ੋਰ ਨਾਲ ਹੋ ਰਹੀ ਹੈ। ਤੁਹਾਡਾ ਇਸ ਬਾਰੇ ਕੀ ਨਿਰਣਾ ਹੈ ?

—ਮੇਰੀ ਸਮਝ ਵਿਚ ਤਾਂ ਰਿਚਰਡ ਐਟਨਬਰੋ ਨੇ ਫਿਲਮ ਦੇ ਨਾਲ ਪੂਰਾ-ਪੂਰਾ ਨਿਆਂ ਕੀਤਾ ਹੈ। ਫਿਲਮ ਵਿਚ ਮਹੱਤਵਹੀਨ ਗੱਲਾਂ ਰਖੀਆਂ ਹੀ ਨਹੀਂ ਗਈਆਂ ਹਨ ਪਰ ਅਜਿਹੀਆਂ ਕ੍ਰਿਤੀਆਂ ਵਿਚ ਕੁਝ ਤਾਂ ਕਲਪਨਾ ਦਾ ਸਹਾਰਾ ਲਿਆ ਜਾਂਦਾ ਹੈ ਪਰ ਕੋਰੀ ਕਲਪਨਾ ਨੂੰ ਥਾਂ ਨਹੀਂ ਮਿਲਦੀ। ਇਹ ਫਿਲਮ ਤਥਾਂ ਅਤੇ ਸਚਾਈ ਤੇ ਅਧਾਰਿਤ ਹੈ। ਮੇਰੀ ਨਜ਼ਰ ਵਿਚ ਤਾਂ ਆਪਣੀ ਸੰਪੂਰਨਤਾ ਵਿਚ ਇਹ ਫਿਲਮ ਚੰਗੀ ਅਤੇ ਸਾਫ ਸੁਥਰੀ ਹੈ, ਦੇਖਣਯੋਗ ਹੈ। ਬਾਕੀ ਦਾ ਫੈਸਲਾ ਇਸ ਨੂੰ ਦੇਖਣ ਪਿਛੋਂ ਦਰਸ਼ਕ ਹੀ ਕਰਨਗੇ। ●

ਧੁਨੀਆਂ ਬੰਬਈ ਦੀ

ਪ੍ਰਸਿਧ ਫਿਲਮੀ ਲੇਖਕ, ਨਿਰਮਾਤਾ ਤੇ ਨਿਰਦੇਸ਼ਕ ਰਾਜਿੰਦਰ ਸਿੰਘ ਬੇਦੀ ਦੇ ਲੜਕੇ ਨਰਿੰਦਰ ਬੇਦੀ ਦਾ ਬੀਤੇ ਦਿਨੀਂ ਦਿਲ ਦੇ ਦੌਰੇ ਨਾਲ ਅਕਾਲ ਚਲਾਣਾ ਹੋ ਗਿਆ। ਉਹ 45 ਵਰ੍ਹਿਆਂ ਦੇ ਸਨ ਤੇ ਆਪਣੇ ਪਿਛੇ ਪਤਨੀ, ਦੋ ਲੜਕੀਆਂ ਤੇ ਇਕ ਲੜਕਾ ਛਡ ਗਏ ਹਨ। ਯਾਦ ਰਹੇ ਨਰਿੰਦਰ ਬੇਦੀ ਨੇ ਵੀ ਕਈ ਚੰਗੀਆਂ ਫਿਲਮਾਂ ਦਾ ਨਿਰਮਾਣ ਤੇ ਨਿਰਦੇਸ਼ਨ ਕੀਤਾ ਹੈ।

× ×

'ਫਰਜ਼ ਔਰ ਕਾਨੂੰਨ' ਫਿਲਮ ਦੇ ਸੁਪਰ ਹਿਟ ਜਾਣ ਦਾ ਸਾਰਾ ਸਿਹਰਾ ਰਾਜ ਕਿਰਨ ਸਿਰ ਬੱਝਦਾ ਹੈ। ਉਸ ਦੀ ਛੋਟੀ ਜਿਹੀ ਭੂਮਿਕਾ ਜਤਿੰਦਰ ਦੇ ਡਬਲ ਰੋਲ ਨੂੰ ਤਾਂ ਭੁਲਾਉਂਦੀ ਹੀ ਹੈ ਸਗੋਂ ਹੇਮਾ ਤੇ ਰੱਤੀ ਅਗਨੀਹੋਤਰੀ ਵੀ ਉਭਰ ਕੇ ਸਾਹਮਣੇ ਨਹੀਂ ਆਉਂਦੀਆਂ। ਰਾਜ ਕਿਰਨ ਦੀਆਂ ਤਿੰਨ ਹੋਰ ਫਿਲਮਾਂ 'ਸਟਾਰ', 'ਅਰਥ' ਅਤੇ 'ਬੇਜ਼ੁਬਾਨ' ਵੀ ਮੁਕੰਮਲ ਹੋ ਕੇ ਰੀਲੀਜ਼ ਲਈ ਤਿਆਰ ਹਨ ਜਿਨ੍ਹਾਂ ਵਿਚ ਉਹ ਇਕ ਵਾਰ ਫਿਰ ਦਰਸ਼ਕਾਂ ਦੇ ਦਿਲਾਂ ਵਿਚ ਘਰ ਕਰ ਜਾਏਗਾ।

× ×

ਰਾਜ ਕਿਰਨ ਦੀ ਇਸ ਵਧ ਰਹੀ ਲੋਕ-ਪ੍ਰੀਯਤਾ ਤੋਂ ਸਭ ਤੋਂ ਵਧ ਸਾੜ੍ਹਾ ਕੁਮਾਰ ਗੌਰਵ ਨੂੰ ਹੋਇਆ ਹੈ। ਬਿਡੂ ਦੀ ਫਿਲਮ 'ਸਟਾਰ' ਵਿਚ ਉਹ ਦੋਨੋਂ ਆ ਰਹੇ ਹਨ। ਕਹਿੰਦੇ ਹਨ ਕਿ ਕੁਮਾਰ ਗੌਰਵ ਨੇ ਬਿਡੂ ਨੂੰ ਰਾਜ ਕਿਰਨ ਦੀ ਭੂਮਿਕਾ ਕਟਣ ਲਈ ਕਿਹਾ ਹੈ ਪਰ ਹੁਣ ਤਾਂ ਫਿਲਮ ਮੁਕੰਮਲ ਹੋ ਚੁਕੀ ਹੈ।

× ×

ਤੇਗ ਮੂਵੀਜ਼ ਦੀ ਪ੍ਰੋਡਕਸ਼ਨ ਨੰ: 1 ਦੀ ਸ਼ੂਟਿੰਗ ਪੰਜਾਬ ਵਿਚ ਵਖ-ਵਖ ਥਾਵਾਂ ਤੇ ਸ਼ੁਰੂ ਹੋ ਗਈ ਹੈ। ਇਸ ਫਿਲਮ ਵਿਚ ਬਿੰਨੀ ਰਾਜ, ਰਮਾ ਵਿਜ, ਰਜਨੀ ਸ਼ਰਮਾ, ਪ੍ਰੇਮਾ ਨਾਰਾਇਣ, ਭੁਪਿੰਦਰ, ਪ੍ਰਾਣ ਸਭਰਵਾਲ, ਰਾਮ ਸਿੰਘ, ਮੇਹਰ ਮਿਤਲ ਤੇ ਉਮੇਸ਼ ਕੰਮ ਕਰ ਰਹੇ ਹਨ। ਫਿਲਮ ਦਾ ਨਿਰਮਾਤਾ-ਅਭਿਨੇਤਾ ਬਿੰਨੀ ਰਾਜ ਹੀ ਹੈ, ਨਿਰਦੇਸ਼ਕ ਹੈ ਪਵਨ ਕੁਮਾਰ ਤੇ ਸੰਗੀਤ ਦੇ ਰਹੇ ਹਨ ਐਸ. ਮੁਹਿੰਦਰ।

× ×

ਅਭਿਨੇਤਰੀਆਂ ਦੀ ਨਵੀਂ ਫਸਲ ਵਿਚੋਂ ਜਿਸ ਤਰ੍ਹਾਂ ਪਦਮਿਨੀ ਕੋਲ੍ਹਾਪੁਰੀ ਅਸਮਾਨੀਂ ਚੜ੍ਹੀ ਸੀ ਉਸੇ ਤਰ੍ਹਾਂ ਥੱਲੇ ਡਿਗ ਰਹੀ ਹੈ। ਕਾਰਨ ਇਹ ਕਿ ਉਸ ਦੀਆਂ ਹੀਰੋਇਨ ਪ੍ਰਧਾਨ ਸਾਰੀਆਂ ਫਿਲਮਾਂ ਫਲਾਪ ਹੋ ਰਹੀਆਂ ਹਨ ਜਿਵੇਂ ਕਿ 'ਆਹਿਸਤਾ ਆਹਿਸਤਾ', 'ਖੁਸ਼ਨਸੀਬ', 'ਤੇਰੀ ਮਾਂਗ ਸਿਤਾਰੋਂ ਸੇ ਭਰ ਦੂੰ' ਆਦਿ। ਜੇ 'ਪ੍ਰੇਮ ਰੋਗ' ਚਲ ਗਈ ਹੈ ਤਾਂ ਉਸ ਦਾ ਸਾਰਾ ਸਿਹਰਾ ਪਦਮਿਨੀ ਕੋਲ੍ਹਾਪੁਰੀ ਨੂੰ ਨਹੀਂ ਕੇਵਲ ਰਾਜਕਪੂਰ ਨੂੰ ਜਾਂਦਾ ਹੈ।

× ×

ਪਦਮਿਨੀ ਕੋਲ੍ਹਾਪੁਰੀ, ਗਿਠ ਕੁ ਛੋਕਰੀ ਜਿਹੜੀ ਕਿ ਹੀਰੋਇਨ (ਜਿਸਮ ਪਖੋਂ) ਫਬਦੀ ਹੀ ਨਹੀਂ, ਨੂੰ ਮੋਹਨ ਕੁਮਾਰ ਨੇ ਪਹਿਲਾਂ ਆਪਣੀ ਫਿਲਮ 'ਅਪਮਾਨ' ਲਈ ਸਾਈਨ ਕੀਤਾ ਸੀ ਪਰ ਹੁਣ ਉਸ ਦੀ 'ਟੇਲੈਂਟ' ਨੂੰ ਦੇਖਦਿਆਂ ਮੋਹਨ ਕੁਮਾਰ ਨੇ ਉਸ ਨੂੰ ਫਿਲਮ ਵਿਚੋਂ ਆਊਟ ਕਰਕੇ ਉਸ ਦੀ ਥਾਂ ਰਤੀ ਅਗਨੀਹੋਤਰੀ ਨੂੰ ਲੈ ਲਿਆ ਹੈ। ਵਿਚਾਰੀ ਪਦਮਿਨੀ ਕੋਲ੍ਹਾਪੁਰੀ !

ਸੁਪਰੀਆ ਪਾਠਕ ਤੇ ਫਾਰੂਖ ਸ਼ੇਖ ਫਿਲਮ 'ਬਾਜ਼ਾਰ' ਵਿਚ

FRONTIER CLOTH HOUSE

6695 Main St. at 51st. Ave. Vancouver, B.C.

Tel.: 325-4424 THE KING OF SAREE Tel.: 325-3515

ਨਵੀ ਸ਼ਿਪਮੈਂਟ ਪਹੁੰਚ ਗਈ ਹੈ ਨਵੇਂ ਨਵੇਂ ਡੀਜਾਈਨਾਂ ਵਿਚ ਸੂਟ ਅਤੇ ਸਾੜ੍ਹੀਆਂ

ਜਿੰਨ੍ਹਾਂ ਨੇ ਕੰਧ(Wall) ਤੇ ਲਗਾਣ ਵਾਲੇ ਸੁੰਦਰ ਗਲੀਚੇ ਦੇ ਆਰਡਰ ਦਿਤੇ ਹਨ ਉਹ ਆਕੇ ਲੈ ਸਕਦੇ ਹਨ ਸ਼ਿਪਮੈਂਟ ਪਹੁੰਚ ਚੁੱਕੀ ਹੈ । ਇਹ ਗਲੀਚਾ ਹਰ ਘਰ ਦੀ ਸ਼ਾਨ ਹੈ ।

ਦੀਵਾਰ (Wall) ਤੇ ਸਜਾਉਣ ਵਾਲਾ ਬਹੁਤ ਹੀ ਸੁੰਦਰ ਫੋਟੋ ਵਾਲਾ

ਗਲੀਚਾ

ਜਿਸ ਵਿਚ ਇਕ ਪਾਸੇ ਗੁਰੂ ਨਾਨਕ ਦੇਵ ਜੀ ਦੀ ਫੋਟੋ ਅਤੇ ਦੂਸਰੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਅਤੇ ਵਿਚਕਾਰ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਫੋਟੋ ਹੈ। ਇਹ ਗਲੀਚਾ ਹਰ ਘਰ ਦੀ ਸ਼ਾਨ ਹੈ ।

ਕੀਮਤ ਸਿਰਫ 49 ਡਾਲਰ

ਕੈਲਗਰੀ ਵਿਚ ਕੱਪੜਿਆਂ ਦੀ ਸਭ ਤੋਂ ਵਧੀਆ ਦੁਕਾਨ

ਰੀਨਾ ਸਾੜ੍ਹੀ ਫੈਬਰਿਕ Ph. 273-8360

REENA SAREE FABRIC

#5-5320 8th AVE. S. E. CALGARY